24-DEC-PAGE-1.qxd add page.qxd 12/23/2022 9:46 PM Page 1

ਸ਼ਨੀਵਾਰ, 24 ਦਸੰਬਰ, 2022
9 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 204

ਨਵਾਂ ਜ਼ਮਾਨਾ

DAILY NAWAN ZAMANA • SATURDAY, 24 DECEMBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਅੱਜ ਪੰਜਾਬ ਸਰਕਾਰ ਦੇ ਸਾਰੇ ਸਕੂਲਾਂ ਵਿੱਚ

ਮੈਗਾ PTM

INSPIRE MEET 2.0

ਸਮਾਂ- ਸਵੇਰੇ 10ਵਜੇ ਤੋਂ ਦੁਪਹਿਰ 3 ਵਜੇ ਤੱਕ

ਜਦੋਂ ਸਾਰੇ ਮਾਪੇ ਜੁੜਨਗੇ ਸਕੂਲ ਦੇ ਨਾਲ
ਤਾਂ ਹੀ ਹੋਵੇਗਾ ਬੱਚਿਆਂ ਦਾ ਸਰਵ-ਪੱਖੀ ਵਿਕਾਸ

ਮਾਪਿਆਂ ਨੂੰ ਅਪੀਲ:

- ਆਪਣੇ ਬੱਚੇ ਦੇ ਸਕੂਲ ਦੀ ਮੈਗਾ PTM ਵਿੱਚ ਅੱਜ ਜ਼ਰੂਰ ਸ਼ਾਮਲ ਹੋਵੋ
- ਬੱਚਿਆਂ ਦੀ ਪੜ੍ਹਾਈ 'ਚ ਆਏ ਕੋਈ ਪਾੜੇ(ਗੈਪ) ਬਾਰੇ ਚਰਚਾ ਅਧਿਆਪਕਾਂ ਨਾਲ ਕਰੋ
- ਬੱਚਿਆਂ ਦੀ ਪੜ੍ਹਾਈ ਲਈ ਸਕੂਲ ਨੂੰ ਹੋਰ ਵਧੀਆ ਬਣਾਉਣ ਲਈ ਆਪਣੇ ਸੁਝਾਅ ਸਾਂਝੇ ਕਰੋ

ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ

ਭਗਵੰਤ ਮਾਨ
(ਮੁੱਖ ਮੰਤਰੀ ਪੰਜਾਬ)

ਕਣਕ ਵੰਡਣ 'ਚ ਸਿਰਦਰਦੀ ਬਣੀਆਂ ਈ-ਪੋਸ਼ ਮਸ਼ੀਨਾਂ

ਡੀਪੂ ਹੋਲਡਰ ਯੂਨੀਅਨ ਵੱਲੋਂ ਮਸ਼ੀਨਾਂ ਮੁਰੰਮਤ ਕਰਵਾਉਣ ਦੀ ਮੰਗ

ਮਾਨਸਾ/ਭੀਖੀ (ਆਤਮਾ ਸਿੰਘ ਪਮਾਰ/ਧਰਮਵੀਰ ਸ਼ਰਮਾ)-ਸੂਬਾ ਸਰਕਾਰ ਦੇ ਜਨਤਕ ਵੰਡ ਤੇ ਖ਼ੁਰਾਕ ਵਿਭਾਗ ਵੱਲੋਂ ਵੱਖ-ਵੱਖ ਯੋਜਨਾਵਾਂ ਤਹਿਤ ਅਨਾਜ ਦੀ ਵੰਡ ਕਰਨ ਲਈ ਡੀਪੂ ਹੋਲਡਰਾਂ ਨੂੰ ਦਿੱਤੇ ਜਾਂਦੇ ਬਿਜਲਈ ਯੰਤਰ ਈ. ਪੋਸ਼ ਮਸ਼ੀਨਾਂ ਦਾ ਰੱਖ-ਰਖਾਵ ਸਹੀ ਨਾ ਹੋਣ ਕਰਕੇ ਅਤੇ ਸਮੇਂ ਸਮੇਂ ਇਨ੍ਹਾਂ ਦੀ ਸਰਵਿਸ ਨਾ ਹੋਣ ਕਰਕੇ ਲਾਭਪਾਤਰੀਆਂ ਨੂੰ ਕੱਟੀਆਂ ਜਾਣ ਵਾਲੀਆਂ ਪਰਚੀਆਂ ਦਾ ਕੰਮ ਲਮਕ ਰਿਹਾ ਹੈ। ਅਕਸਰ ਇਕ-ਇਕ ਪਰਚੀ ਨੂੰ ਕੱਟਣ ਤੇ ਅੱਧੇ-ਅੱਧੇ ਘੰਟੇ ਦਾ ਸਮਾਂ ਲੱਗ ਰਿਹਾ ਹੈ, ਜਿਸ ਕਾਰਨ ਡੀਪੂ ਹੋਲਡਰ ਤਾਂ ਪ੍ਰੇਸ਼ਾਨ ਹੁੰਦੇ ਹੀ ਹਨ, ਨਾਲ-ਹੀ ਲਾਭਪਾਤਰੀਆਂ ਨੂੰ ਵੀ ਖੱਜਲ-ਖ਼ੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਲਾਕ ਡੀਪੂ ਹੋਲਡਰ ਯੂਨੀਅਨ ਦੇ ਪ੍ਰਧਾਨ ਬਹਾਦਰ ਖ਼ਾਂ, ਸਰਪ੍ਰਸਤ ਧੰਨਾ ਸਿੰਘ ਸਮਾਓ, ਮਦਨ ਲਾਲ ਹੋਡਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਵੰਡੀ ਜਾ ਰਹੀ ਕਣਕ ਦੀਆਂ ਪਰਚੀਆਂ ਕੱਟਣ ਵਿੱਚ ਡੀਪੂ ਹੋਲਡਰਾਂ ਨੂੰ ਈ. ਪੋਸ਼ ਮਸ਼ੀਨਾਂ ਸਹੀ ਨਾ ਚੱਲਣ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਨਾਲ ਹੀ ਉਪਭੋਗਤਾਵਾਂ ਨੂੰ ਵੀ ਦਿੱਕਤਾਂ ਪੇਸ਼ ਆ ਰਹੀਆਂ ਹਨ ਅਤੇ ਕਈ ਵਾਰ ਉਹ ਡੀਪੂ ਹੋਲਡਰਾਂ ਨਾਲ ਬੇਵਜ੍ਹਾ ਤੂੰ-ਤੂੰ ਮੈਂ-ਮੈਂ ਕਰਨ ਲੱਗਦੇ ਹਨ। ਉਨ੍ਹਾ ਸਰਕਾਰ ਤੋਂ ਮੰਗ ਕੀਤੀ ਕਿ ਈ. ਪੋਸ਼ ਮਸ਼ੀਨਾਂ ਦੀ ਮੁਰੰਮਤ ਦੇ ਨਾਲ-ਨਾਲ ਇਨ੍ਹਾਂ ਨੂੰ ਓਪਰੇਟ ਕਰ ਰਹੀ ਸਰਵਰਜ਼ ਨੂੰ ਵੀ ਅੱਪ-ਡੇਟ ਕਰਕੇ ਹੀ ਮਸ਼ੀਨਾਂ ਡੀਪੂ ਹੋਲਡਰਾਂ ਨੂੰ ਜਾਰੀ ਕੀਤੀਆਂ ਜਾਣ। ਇਸ ਤੋਂ ਇਲਾਵਾ ਇਸ ਯੋਜਨਾ ਤਹਿਤ ਵੰਡੀ ਜਾਣ ਵਾਲੀ ਕਣਕ 'ਤੇ ਜੋ ਗਿਆਰਾਂ ਫੀਸਦੀ ਦਾ ਕੱਟ ਲਗਾਇਆ ਜਾ ਰਿਹਾ ਹੈ, ਲਈ ਠੋਸ ਨੀਤੀ ਬਣਾਈ ਜਾਵੇ ਤਾਂ ਜੋ ਬੇਲੋੜੇ ਝਗੜਿਆਂ ਤੋਂ ਬਚਿਆ ਜਾ ਸਕੇ।

ਉਨ੍ਹਾ ਤਕਸੀਮ ਕੀਤੇ ਅਨਾਜ ਦਾ ਕਮਿਸ਼ਨ, ਉਤਰਾਈ ਤੇ ਢੋਆ ਢੁਆਈ ਦਾ ਖਰਚ ਵੀ ਡੀਪੂ ਹੋਲਡਰਾਂ ਨੂੰ ਸਮੇਂ ਸਿਰ ਅਦਾ ਕੀਤਾ ਜਾਵੇ ਤਾਂ ਜੋ ਉਨ੍ਹਾਂ ਦਾ ਆਰਥਿਕ ਨੁਕਸਾਨ ਨਾ ਹੋਵੇ। ਯੂਨੀਅਨ ਆਗੂਆਂ ਨੇ ਆਮ ਆਦਮੀ ਪਾਰਟੀ ਦੇ ਵੱਡੇ ਨੇਤਾ ਸੰਜੇ ਕੁਮਾਰ ਵੱਲੋਂ ਡੀਪੂ ਹੋਲਡਰਾਂ ਪ੍ਰਤੀ ਵਰਤੇ ਅਪਸ਼ਬਦਾਂ ਦੀ ਨਿੰਦਾ ਕਰਦੇ ਕਿਹਾ ਕਿ ਉਹ ਡੀਪੂ ਹੋਲਡਰਾਂ ਨੂੰ ਚੰਗਾ ਮੰਦਾ ਕਹਿਣ ਤੋਂ ਪਹਿਲਾਂ ਆਪਣੇ ਪ੍ਰਸ਼ਾਸਨਕ ਤੇ ਲਾਲ ਫੀਤਾਸ਼ਾਹੀ ਵੱਲੋਂ ਕੀਤੇ ਜਾਂਦੇ ਭ੍ਰਿਸ਼ਟਾਚਾਰ 'ਤੇ ਵੀ ਨਿਗ੍ਹਾ ਮਾਰ ਲੈਣ। ਇਸ ਮੌਕੇ ਯੂਨੀਅਨ ਦੇ ਮਹਿੰਦਰ ਸਿੰਘ ਧਲੇਵਾ, ਤਰਲੋਚਨ ਸਿੰਘ ਜੱਸੜ, ਮੇਜਰ ਸਿੰਘ, ਜੀਵਨ ਕੁਮਾਰ ਹੋਡਲਾ, ਧੰਨਜੀਤ ਸਿੰਘ ਢੈਪਈ, ਸਹਿਜ਼ਪਾਲ ਬੀਰ, ਹਰਪ੍ਰੀਤ ਸਿੰਘ ਬੀਰ, ਰਾਜੇਸ਼ ਕੁਮਾਰ ਸੋਨੀ ਭੀਖੀ, ਮਨਜੀਤ ਸਿੰਘ ਭੀਖੀ, ਬਲਦੇਵ ਸਿੰਘ ਭੀਖੀ, ਸੰਜੈ ਕੁਮਾਰ ਭੀਖੀ, ਰਣਜੀਵ ਸਿੰਘ ਭੀਖੀ, ਪ੍ਰਗਟ ਸਿੰਘ ਸਮਾਓਂ, ਬਲਵਿੰਦਰ ਸਿੰਘ ਸਮਾਓਂ, ਦਲਜੀਤ ਸਿੰਘ ਆਦਿ ਮੌਜੂਦ।

ਨਜਾਇਜ਼ ਸੰਬੰਧਾਂ ਦੇ ਚੱਲਦਿਆਂ ਨੌਜਵਾਨ ਵੱਲੋਂ ਖ਼ੁਦਕੁਸ਼ੀ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਪਿੰਡ ਗੋਬਿੰਦਪੁਰਾ ਪੈਂਦ ਵਿਖੇ ਇੱਕ ਨੌਜਵਾਨ ਵੱਲੋਂ ਆਪਣੇ ਹੀ ਸਾਲੇਹਾਰ ਨਾਲ ਨਜਾਇਜ਼ ਸਬੰਧਾਂ ਦੇ ਚੱਲਦਿਆਂ ਜ਼ਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਕਰ ਲਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪਾਤੜਾਂ ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਮ੍ਰਿਤਕ ਦੀ ਸਾਲੇਹਾਰ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕੀਤੇ ਜਾਣ ਦਾ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪਾਤੜਾਂ ਪੁਲਸ ਨੂੰ ਮ੍ਰਿਤਕ ਮਲਕੀਤ ਸਿੰਘ ਦੇ ਪਿਤਾ ਰਾਜਵੀਰ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਦੇ ਆਪਣੀ ਹੀ ਸਾਲੇਹਾਰ ਨਾਲ ਨਜਾਇਜ਼ ਸਬੰਧ ਬਣ ਗਏ ਸੀ, ਇਸ ਦਾ ਪਤਾ ਉਸ ਦੀ ਨੂੰਹ ਨੂੰ ਲੱਗਣ ਮਗਰੋਂ ਦੋਹਾਂ ਵਿੱਚ ਤਕਰਾਰ ਰਹਿਣ ਲੱਗਾ, ਜਿਸ ਦੇ ਚੱਲਦਿਆਂ ਮਲਕੀਤ ਸਿੰਘ ਉਰਫ਼ ਲਾਡੀ ਦਾ ਆਪਣੀ ਪਤਨੀ ਨਾਲ ਸਾਲ 2017 ਵਿੱਚ ਤਲਾਕ ਹੋ ਗਿਆ ਸੀ, ਪਰ ਮ੍ਰਿਤਕ ਦੀ ਸਾਲੇਹਾਰ ਬਲਜਿੰਦਰ ਕੌਰ ਨੇ ਉਸ ਦੇ ਪੁੱਤਰ ਦਾ ਖਹਿੜਾ ਨਹੀਂ ਛੱਡਿਆ ਤੇ ਉਹ ਅਕਸਰ ਉਸ ਨਾਲ ਰਹਿਣ ਲੱਗਾ ਤੇ ਮਿਹਨਤ ਮਜ਼ਦੂਰੀ ਕਰਕੇ ਜੋ ਵੀ ਕਮਾਉਂਦਾ, ਉਸ ਨੂੰ ਦੇ ਦਿੰਦਾ, ਉਹ ਉਸ ਨੂੰ ਬਲੈਕਮੇਲ ਕਰਨ ਲੱਗ ਪਈ ਸੀ। ਉਨ੍ਹਾ ਦੱਸਿਆ ਕਿ ਬੀਤੀ ਰਾਤ ਲਾਡੀ ਆਪਣਾ ਫੋਨ ਲੈ ਕੇ ਅਚਾਨਕ ਘਰੋਂ ਚਲਿਆ ਗਿਆ। ਭਾਲ ਕਰਨ 'ਤੇ ਕੋਈ ਥਹੁ-ਪਤਾ ਨਾ ਲੱਗਾ ਤੇ ਸਵੇਰੇ ਪਤਾ ਲੱਗਾ ਕਿ ਉਹ ਮ੍ਰਿਤਕ ਹਾਲਤ ਵਿੱਚ ਖੇਤਾਂ ਵਿੱਚ ਬਣੇ ਤੂੜੀ ਵਾਲੇ ਕੋਠੇ ਵਿੱਚ ਪਿਆ ਹੋਇਆ ਹੈ। ਉਸ ਦਾ ਮੋਬਾਇਲ ਫੋਨ ਵੀ ਕੋਲ ਹੀ ਪਿਆ ਸੀ, ਜਿਸ ਤੋਂ ਅਖੀਰਲੀ ਕਾਲ ਵੀ ਬਲਜਿੰਦਰ ਕੌਰ ਦੇ ਫੋਨ 'ਤੇ ਕੀਤੀ ਹੋਈ ਹੈ। ਪਾਤੜਾਂ ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਬਲਜਿੰਦਰ ਕੌਰ ਵਾਸੀ ਕਾਹਨਗੜ੍ਹ ਰੋਡ ਪਾਤੜਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਅਕਾਲ ਅਕੈਡਮੀ ਦੌਲਾ ਦੇ ਵਿਦਿਆਰਥੀਆਂ ਨਸ਼ਿਆਂ ਖਿਲਾਫ ਕੱਢੀ ਰੈਲੀ

ਪ੍ਰਿੰਸੀਪਲ ਸੁਖਵਿੰਦਰ ਕੌਰ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕਰਦੇ ਹੋਏ।

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਅਕਾਲ ਅਕੈਡਮੀ ਦੌਲਾ ਵਿਖੇ ਪ੍ਰਿੰਸੀਪਲ ਸ੍ਰੀਮਤੀ ਸੁਖਵਿੰਦਰ ਕੌਰ ਅਗਵਾਈ ਵਿੱਚ ਨਸ਼ਿਆਂ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਪਿੰਡ ਗਿੱਦੜਬਾਹਾ ਵਿੱਚ ਸਮੂਹ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਨਸ਼ਿਆਂ ਖਿਲਾਫ ਰੈਲੀ ਕੱਢੀ ਗਈ। ਇਸ ਰੈਲੀ ਨੂੰ ਪ੍ਰਿੰਸੀਪਲ ਸ੍ਰੀਮਤੀ ਸੁਖਵਿੰਦਰ ਕੌਰ ਨੇ ਝੰਡੀ ਦੇ ਕੇ ਰਵਾਨਾ ਕੀਤਾ। ਰੈਲੀ ਦੌਰਾਨ ਵਿਦਿਆਰੀਆਂ ਨੇ ਨਸ਼ਿਆਂ ਖਿਲਾਫ ਲਿਖੇ ਪੋਸਟਰ ਤੇ ਮਾਟੋ ਹੱਥਾਂ ਵਿੱਚ ਲੈ ਕੇ ਨਸ਼ਿਆਂ ਦੇ ਖਿਲਾਫ ਨਾਅਰੇ ਲਗਾਏ ਤੇ ਪਿੰਡ ਵਿੱਚ ਮੋੜਾਂ ਅਤੇ ਜਨਤਕ ਥਾਵਾਂ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਖਿਲਾਫ ਕਵਿਤਾਵਾਂ, ਭਾਸ਼ਣ ਤੇ ਕਵੀਸ਼ਰੀ ਸੁਣਾ ਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਡਟ ਕੇ ਵਿਰੋਧ ਕਰਨ ਲਈ ਜਾਗਰੂਕ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦਾ ਵਿਰੋਧ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਆਪਣੇ ਘਰ ਜਾਂ ਆਪਣੇ ਆਸ ਪਾਸ ਜੇਕਰ ਕੋਈ ਨਸ਼ਾ ਕਰਦਾ ਹੈ ਤਾਂ ਉਸ ਨੂੰ ਨਸ਼ੇ ਕਰਨ ਨਾਲ ਸਰੀਰਕ, ਮਾਨਸਿਕ ਤੇ ਆਰਥਿਕ ਨੁਕਸਾਨ ਬਾਰੇ ਜਾਣਕਾਰੀ ਦੇ ਕੇ ਨਸ਼ਾ ਨਾਲ ਕਰਨ ਲਈ ਸਮਝਾਉਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸਾਨੂੰ ਸ਼ਬਦ ਗੁਰੂ ਤੇ ਭਰੋਸਾ ਕਰਦਿਆਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਤਾਂ ਜੋ ਚੰਗੇ ਇਨਸਾਨ ਬਣ ਸਕੇ ਤੇ ਸਮਾਜ ਅਤੇ ਮਨੁੱਖਤਾ ਦੀ ਸੇਵਾ ਕਰਕੇ ਆਪਣਾ ਜੀਵਨ ਸਫਲ ਬਣਾ ਸਕੀਏ। ਇਸ ਮੌਕੇ ਮਨਦੀਪ ਕੌਰ ਸਿੱਧੂ, ਜਗਦੀਪ ਕੌਰ, ਲਖਵਿੰਦਰ ਕੌਰ, ਹਰਵਿੰਦਰ ਸਿੰਘ ਪੀ ਟੀ ਆਈ, ਹਰਿੰਦਰ ਸਿੰਘ ਖਾਲਸਾ, ਬਲਜੀਤ ਸਿੰਘ ਭਲਾਈਆਣਾ, ਗੌਰਵ ਬੱਬਰ, ਸੁਖਵੀਰ ਕੌਰ, ਹਰਪ੍ਰੀਤ ਕੌਰ, ਇੰਦਰਜੀਤ ਕੌਰ, ਵਿੰਮੀ ਮੋਗਾ, ਮਿਸ ਲਲਿਤਾ, ਰਾਜਦੀਪ ਕੌਰ, ਰਮਨਦੀਪ ਕੌਰ ਆਦਿ ਹਾਜ਼ਰ ਸਨ।

ਕਾਤਰਾਂ

ਰਾਮ ਗੋਪਾਲ ਸਿੰਘ ਐੱਸ ਆਈ ਬਣੇ

ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਤੇ ਐੱਸ ਪੀ (ਡੀ) ਪਲਵਿੰਦਰ ਸਿੰਘ ਚੀਮਾ ਵੱਲੋਂ ਏ.ਐੱਸ.ਆਈ. ਰਾਮ ਗੋਪਾਲ ਸਿੰਘ ਨੂੰ ਸਬ ਇੰਸਪੈਕਟਰ ਬਣਨ 'ਤੇ ਸਟਾਰ ਲਗਾਏ ਗਏ। ਇਸ ਮੌਕੇ ਐੱਸ ਐੱਸ ਪੀ ਸ੍ਰੀ ਲਾਂਬਾ ਤੇ ਐੱਸ ਪੀ (ਡੀ) ਸ. ਚੀਮਾ ਨੇ ਤਰੱਕੀ ਪਾ ਕੇ ਸਬ ਇੰਸਪੈਕਟਰ ਬਣੇ ਰਾਮ ਗੋਪਾਲ ਸਿੰਘ ਨੂੰ ਮੁਬਾਰਕਵਾਦ ਦਿੱਤੀ ਤੇ ਭਵਿੱਖ ਵਿੱਚ ਵੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਰਹਿਣ ਲਈ ਪ੍ਰੇਰਿਆ। ਐੱਸ ਐੱਸ ਪੀ ਸ੍ਰੀ ਲਾਂਬਾ ਨੇ ਕਿਹਾ ਕਿ ਜੋ ਜਵਾਨ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ, ਪੁਲਸ ਵਿਭਾਗ ਵੱਲੋਂ ਉਨ੍ਹਾਂ ਨੂੰ ਬਣਦੀਆਂ ਤਰੱਕੀ ਦੇ ਕੇ ਨਿਵਾਜਿਆ ਜਾਂਦਾ ਹੈ। ਰਾਮ ਗੋਪਾਲ ਸਿੰਘ ਨੇ ਵੀ ਆਪਣੇ ਏ.ਐੱਸ.ਆਈ. ਦੇ ਕਾਰਜ ਕਾਲ ਦੌਰਾਨ ਪੂਰੀ ਲਗਨ, ਇਮਾਨਦਾਰੀ ਤੇ ਮਿਹਨਤ ਨਾਲ ਡਿਊਟੀ ਕੀਤੀ ਹੈ, ਜਿਸ ਸਦਕਾ ਰਾਮ ਗੋਪਾਲ ਸਿੰਘ ਤਰੱਕੀ ਪਾ ਕੇ ਸਬ ਇੰਸਪੈਕਟਰ ਬਣੇ ਹਨ।

ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦਾ ਵਫਦ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਨੂੰ ਮਿਲਿਆ

ਮਾਨਸਾ (ਆਤਮਾ ਸਿੰਘ ਪਮਾਰ)-ਸੇਵਾ ਮੁਕਤ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦਾ ਇੱਕ ਵਫਦ ਐਸੋਸੀਏਸ਼ਨ ਦੇ ਪ੍ਰਧਾਨ ਲੱਖਾ ਸਿੰਘ ਸਹਾਰਨਾ ਅਤੇ ਜਨਰਲ ਸਕੱਤਰ ਪਿਰਥੀ ਸਿੰਘ ਮਾਨ ਦੀ ਅਗਵਾਈ 'ਚ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਨੂੰ ਉਨ੍ਹਾ ਦੇ ਮਾਨਸਾ ਸਥਿਤ ਦਫਤਰ ਵਿਖੇ ਮਿਲਿਆ। ਇਸ ਸੰਬੰਧੀ ਐਸੋਸੀਏਸ਼ਨ ਦੇ ਪ੍ਰੈੱਸ ਸਕੱਤਰ ਆਤਮਾ ਸਿੰਘ ਪਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੈਨਸ਼ਨਰਜ਼ ਭਵਨ ਮਾਨਸਾ ਵਿਖੇ ਇੱਕ ਲਾਇਬ੍ਰੇਰੀ ਖੋਲ੍ਹਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਹੈ। ਲਾਇਬ੍ਰੇਰੀ ਲਈ ਕਮਰਾ ਬਣਾਉਣ ਦਾ ਅਨੁਮਾਨਤ ਖਰਚ 3 ਲੱਖ ਰੁਪਏ, ਸਾਜ਼ੋ ਸਮਾਨ ਅਤੇ ਕਿਤਾਬਾਂ ਆਦਿ ਖਰੀਦਣ ਲਈ ਲਗਭਗ 2 ਲੱਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਜਿਸ ਕਰਕੇ ਵਫਦ ਨੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੋਂ ਇਸ ਸਭ ਕੁੱਝ ਲਈ ਵਿੱਤੀ ਸਹਾਇਤਾ ਦੀ ਮੰਗ ਕੀਤੀ ਅਤੇ ਇਸ ਸੰਬੰਧ 'ਚ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕਰਨ ਉਪਰੰਤ ਅੱਕਾਂਵਾਲੀ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਜਲਦੀ ਹੀ ਆਪਣੇ ਅਧਿਕਾਰਤ ਫੰਡ ਜਾਂ ਫਿਰ ਕਿਸੇ ਸਰਕਾਰੀ ਫੰਡ ਵਿੱਚੋਂ ਉਕਤ ਰਾਸ਼ੀ ਦਾ ਪ੍ਰਬੰਧ ਕਰਕੇ ਇਸ ਨੂੰ ਜਾਰੀ ਕਰਨ ਦਾ ਹਰ ਸੰਭਵ ਯਤਨ ਕਰਨਗੇ। ਉਨ੍ਹਾ ਅੱਗੇ ਕਿਹਾ ਕਿ ਲਾਇਬ੍ਰੇਰੀ ਖੋਲ੍ਹਣ ਅਤੇ ਖੇਡਾਂ ਆਦਿ 'ਚ ਉਨ੍ਹਾਂ ਦੀ ਵੀ ਨਿੱਜੀ ਦਿਲਚਸਪੀ ਹੈ।

ਦਿਵਯ ਜਯੋਤੀ ਜਾਗਰਤੀ ਸੰਸਥਾਨ ਵੱਲੋਂ ਸਪਤਾਹਿਕ ਸਤਿਸੰਗ ਪ੍ਰੋਗਰਾਮ

ਜਲਾਲਾਬਾਦ (ਦਹੂਜਾ)-ਦਿਵਯ ਜਯੋਤੀ ਜਾਗਰਤੀ ਸੰਸਥਾਨ ਦੁਆਰਾ ਸਥਾਨਕ ਜਲਾਲਾਬਾਦ ਆਸ਼ਰਮ ਵਿੱਚ ਸਪਤਾਹਿਕ ਸਤਿਸੰਗ ਪ੍ਰੋਗਰਾਮ ਕੀਤਾ ਗਿਆ। ਸਤਿਸੰਗ ਵਿਚਾਰਾਂ ਵਿੱਚ ਸਾਧਵੀ ਸੋਮਪ੍ਰਭਾ ਭਾਰਤੀ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਨੁੱਖ ਦਾ ਜਨਮ ਬੜੇ ਹੀ ਭਾਗਾਂ ਨਾਲ ਮਿਲਦਾ ਹੈ, ਜਿਸ ਜੀਵ 'ਤੇ ਪ੍ਰਮਾਤਮਾ ਦੀ ਕਿਰਪਾ ਹੁੰਦੀ ਹੈ, ਉਸ ਨੂੰ ਮਨੁੱਖਾ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖਾ ਜੀਵਨ ਬੜਾ ਹੀ ਮਹਾਨ ਹੈ। ਹਰ ਧਰਮ ਵਿੱਚ ਮਨੁੱਖਾ ਜੀਵਨ ਦੀ ਮਹਾਨਤਾ ਨੂੰ ਗਾਇਆ ਗਿਆ ਹੈ, ਕਿਉਂਕਿ ਇਸ ਜਨਮ ਵਿੱਚ ਆ ਕੇ ਹੀ ਆਪਣੇ ਜੀਵਨ ਨੂੰ ਸਫਲ ਕਰਨ ਲਈ ਪ੍ਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ। ਉਨ੍ਹਾ ਆਪਣੇ ਵਿਚਾਰਾਂ ਵਿੱਚ ਦੱਸਿਆ ਕਿ ਸਮੇਂ ਸਮੇਂ ਮਨੁੱਖ ਨੂੰ ਜੀਵਨ ਦੀ ਮਹਾਨਤਾ ਦੱਸਣ ਦੇ ਲਈ ਯਤਨ ਕਰਦੇ ਰਹੇ ਹਨ। ਸੰਤ ਮਹਾਂਪੁਰਖ ਹਮੇਸ਼ਾ ਹੀ ਸਾਨੂੰ ਪਵਿੱਤਰ ਜੀਵਨ ਬਿਤਾਉਣ ਲਈ ਪ੍ਰੇਰਦੇ ਹਨ। ਹਰ ਮਨੁੱਖ ਨੂੰ ਆਪਣਾ ਜਨਮ ਸਫਲ ਕਰਨ ਲਈ ਸਾਡੇ ਪਵਿੱਤਰ ਧਾਰਮਿਕ ਗ੍ਰੰਥਾਂ ਵਿੱਚ ਦੱਸੇ ਰਸਤੇ ਦੇ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਸੰਤ ਮਹਾਂਪੁਰਖ ਸਾਡੇ ਜੀਵਨ ਦੇ ਮੁੱਖ ਉਦੇਸ਼ ਤੋਂ ਸਾਨੂੰ ਜਾਣੂ ਕਰਵਾਉਂਦੇ ਹਨ। ਇਸ ਲਈ ਸਾਨੂੰ ਧਾਰਮਿਕ ਗ੍ਰੰਥਾਂ ਅਨੁਸਾਰ ਪੂਰਨ ਸਤਿਗੁਰ ਦੀ ਖੋਜ ਕਰਕੇ ਭਗਤੀ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਇਸ ਧਰਤੀ ਤੇ ਇਸ ਦੇ ਵਾਤਾਵਰਣ ਨੂੰ ਬਚਾਉਣ ਲਈ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਉਣੇ ਚਾਹੀਦੇ ਹਨ ਤੇ ਇਨ੍ਹਾਂ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਜੇਕਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਧੀਆ ਵਾਤਾਵਰਨ ਤੇ ਧਰਤੀ ਨੂੰ ਰਹਿਣਯੋਗ ਬਣਾਉਣਾ ਹੈ, ਤਾਂ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਉਣੇ ਚਾਹੀਦੇ ਹਨ।

ਅਵਤਾਰ ਜ਼ੀਰਾ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਭਾਜਪਾ ਆਗੂਆਂ ਤੇ ਵਰਕਰਾਂ ਲੱਡੂ ਵੰਡੇ

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਅਵਤਾਰ ਸਿੰਘ ਜ਼ੀਰਾ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਉਂਦੇ ਭਾਜਪਾ ਆਗੂ।

ਮੱਖੂ (ਰਛਪਾਲ ਸਿੰਘ ਸੰਧੂ)

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਜ਼ਿਲ੍ਹਾ ਪ੍ਰਧਾਨਾਂ ਦੀ ਜਾਰੀ ਕੀਤੀ ਸੂਚੀ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਤੋਂ ਅਵਤਾਰ ਸਿੰਘ ਜ਼ੀਰਾ ਨੂੰ ਜ਼ਿਲ੍ਹਾ ਪ੍ਰਧਾਨ ਬਣਨ ਨਾਲ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ। ਅਵਤਾਰ ਸਿੰਘ ਜ਼ੀਰਾ ਨੂੰ ਭਾਜਪਾ ਦਾ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਜਥੇ. ਕਾਰਜ ਸਿੰਘ ਆਹਲਾਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮੱਖੂ, ਭਾਜਪਾ ਦੇ ਜ਼ਿਲ੍ਹਾ ਸਕੱਤਰ ਡਾ. ਰਜੀਵ ਅਹੂਜਾ, ਭਾਜਪਾ ਮੰਡਲ ਮੱਖੂ ਦੇ ਪ੍ਰਧਾਨ ਰਜੀਵ ਕਪੂਰ, ਭਾਜਪਾ ਆਗੂ ਡਾ. ਸਤੀਸ਼ ਠੁਕਰਾਲ ਸੋਨੀ ਦੀ ਅਗਵਾਈ ਹੇਠ ਭਾਜਪਾ ਦੇ ਆਗੂਆਂ ਤੇ ਵਰਕਰਾਂ ਵੱਲੋਂ ਅਵਤਾਰ ਸਿੰਘ ਜ਼ੀਰਾ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਤੇ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਜਥੇ. ਕਾਰਜ ਸਿੰਘ ਆਹਲਾਂ, ਡਾ. ਰਜੀਵ ਅਹੂਜਾ, ਰਜੀਵ ਕਪੂਰ, ਡਾ. ਸਤੀਸ਼ ਠੁਕਰਾਲ ਵੱਲੋਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਭਾਜਪਾ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਵਤਾਰ ਸਿੰਘ ਜ਼ੀਰਾ ਦੇ ਜ਼ਿਲ੍ਹਾ ਪ੍ਰਧਾਨ ਬਣਨ ਨਾਲ ਜ਼ਿਲ੍ਹਾ ਫਿਰੋਜ਼ਪੁਰ 'ਚ ਭਾਰਤੀ ਜਨਤਾ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਡਾ. ਸਤੀਸ਼ ਠੁਕਰਾਲ ਭਾਜਪਾ ਆਗੂ, ਰਜੀਵ ਕਪੂਰ ਪ੍ਰਧਾਨ ਭਾਜਪਾ ਮੰਡਲ ਮੱਖੂ, ਵਿਸ਼ਾਲ ਸੂਦ ਪ੍ਰਧਾਨ ਭਾਜਪਾ ਮੰਡਲ ਜ਼ੀਰਾ, ਡਾ. ਅਰੁਨ ਬਾਵਾ ਭਾਜਪਾ ਆਗੂ, ਰਣਜੀਤ ਸਿੰਘ ਸੋਨੂੰ ਅਮੀਰ ਸ਼ਾਹ, ਡਾ. ਬਲਦੇਵ ਸਿੰਘ ਸਰਹਾਲੀ, ਚਮਕੌਰ ਸਿੰਘ, ਗੁਰਦੇਵ ਸਿੰਘ ਕਾਨੂੰਗੋ, ਅਭਿਸ਼ੇਕ ਸਚਦੇਵਾ ਜ਼ੀਰਾ, ਹਰਬੀਰ ਸਿੰਘ ਜ਼ੀਰਾ, ਗਗਨਦੀਪ ਸਿੰਘ ਆਦਿ ਹਾਜ਼ਰ ਸਨ।

ਰੌਇਲ ਕਾਲਜ ਦੇ ਵਿਦਿਆਰਥੀ ਨੇ ਕਿੱਕ ਬਾਕਸਿੰਗ 'ਚ ਜਿੱਤਿਆ ਕਾਂਸੀ ਤਮਗਾ

ਭੀਖੀ (ਧਰਮਵੀਰ ਸ਼ਰਮਾ)-ਏਸ਼ੀਅਨ ਕਿੱਕ ਬਾਕਸਿੰਗ-ਚੈਂਪੀਅਨਸ਼ਿਪ ਵਿੱਚੋਂ ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਦੇ ਵਿਦਿਆਰਥੀ ਰਣਜੀਤ ਸਿੰਘ ਨੇ ਕਾਂਸੀ ਦਾ ਤਮਗਾ ਹਾਸਲ ਕਰਕੇ ਕਾਲਜ ਦੇ ਮਾਣ ਤੇ ਦੇਸ਼ ਦੇ ਸਨਮਾਨ ਵਿੱਚ ਵਾਧਾ ਕੀਤਾ। ਫ਼ਿਜੀਕਲ ਐਜੂਕੇਸ਼ਨ ਵਿਭਾਗ ਦੇ ਮੁਖੀ ਪ੍ਰੋ. ਹਰਵਿੰਦਰ ਸਿੰਘ ਨੇ ਦੱਸਿਆ ਕਿ ਇਹ ਖੇਡਾਂ 10-18 ਦਸੰਬਰ 2022 ਨੂੰ ਥਾਈਲੈਂਡ ਦੀ ਰਾਜਧਾਨੀ ਬੈਂਕੌਕ ਵਿਖੇ ਹੋਈਆਂ। ਇਸ ਚੈਂਪੀਅਨਸ਼ਿਪ ਵਿੱਚ ਲੱਗਭਗ ਏਸ਼ੀਆ ਦੇ ਸਾਰੇ ਦੇਸ਼ਾਂ ਨੇ ਭਾਗ ਲਿਆ, ਜਿਸ ਵਿੱਚੋਂ ਦਿ ਰੌਇਲ ਗਰੁੱਪ ਆਫ਼ ਕਾਲਜਿਜ਼, ਬੋੜਾਵਾਲ ਦੇ ਐੱਮ.ਏ. ਰਾਜਨੀਤੀ-ਸ਼ਾਸਤਰ, ਭਾਗ-ਪਹਿਲਾ ਦੇ ਵਿਦਿਆਰਥੀ ਰਣਜੀਤ ਸਿੰਘ ਨੇ 91 ਕਿਲੋ ਭਾਰ-ਵਰਗ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ।

ਕਾਲਜ ਵਿਖੇ ਪਹੁੰਚਣ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਸਰਾਂ, ਕਾਲਜ ਡੀਨ (ਅਪ੍ਰੇਸ਼ਨ) ਪ੍ਰੋ. ਸੁਰਜਨ ਸਿੰਘ, ਡਾ. ਭੁਪਿੰਦਰ ਸਿੰਘ, ਐੱਮ. ਏ. ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਜਸਵਿੰਦਰ ਸਿੰਘ, ਪ੍ਰੋ. ਸਿਮਰਨਜੀਤ ਕੌਰ ਤੇ ਸਮੂਹ ਵਿਦਿਆਰਥੀਆਂ ਨੇ ਖਿਡਾਰੀ ਦਾ ਸਵਾਗਤ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਏਕਮਜੀਤ ਸਿੰਘ ਸੋਹਲ ਨੇ ਇਸ ਮਾਣਮੱਤੀ ਪ੍ਰਾਪਤੀ 'ਤੇ ਵਿਦਿਆਰਥੀ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾ ਨੇ ਕਾਲਜ ਦੇ ਫਿਜੀਕਲ ਵਿਭਾਗ ਦੀ ਵੀ ਪ੍ਰਸ਼ੰਸਾ ਕੀਤੀ।

ਸ਼ਰਾਬ ਫੈਕਟਰੀ ਵਿਰੁੱਧ ਚੱਲ ਰਹੇ ਸੰਘਰਸ਼ ਨੂੰ ਪੁਲਸੀਆ ਜਬਰ ਨਾਲ ਕੁਚਲਣ ਦੀ ਡੀ.ਟੀ.ਐੱਫ. ਵੱਲੋਂ ਸਖ਼ਤ ਨਿੰਦਾ

ਪੰਜਾਬ ਸਰਕਾਰ ਦਾ ਲੋਕ-ਵਿਰੋਧੀ ਚਿਹਰਾ ਨੰਗਾ ਹੋਇਆ : ਸੁਖਪਾਲਜੀਤ ਸਿੰਘ

ਮੋਗਾ (ਅਮਰਜੀਤ ਬੱਬਰੀ)-ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਜ਼ੀਰਾ ਵਿਖੇ ਸ਼ਰਾਬ ਫੈਕਟਰੀ ਵੱਲੋਂ ਧਰਤੀ ਹੇਠਲੇ ਪਾਣੀ ਤੇ ਹਵਾ ਨੂੰ ਪ੍ਰਦੂਸ਼ਿਤ ਕੀਤੇ ਜਾਣ ਖਿਲਾਫ ਪੀੜਤ ਲੋਕਾਂ ਵੱਲੋਂ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਸੰਘਰਸ਼ ਵਿੱਢਿਆ ਹੋਇਆ ਹੈ ਤੇ ਜ਼ੀਰਾ ਪੁਲਸ ਵੱਲੋਂ ਪੰਜਾਬ ਸਰਕਾਰ ਦੀ ਸ਼ਹਿ 'ਤੇ ਅਦਾਲਤੀ ਫੈਸਲੇ ਦੇ ਬਹਾਨੇ ਹੇਠ ਸੰਘਰਸ਼ ਕਰ ਰਹੇ ਲੋਕਾਂ 'ਤੇ ਜਬਰ ਢਾਹਿਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ ਨੇ ਪੰਜਾਬ ਸਰਕਾਰ ਦੀ ਉਕਤ ਘਿਨਾਉਣੀ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਧੱਕੇਸ਼ਾਹੀ ਦੀਆਂ ਹੱਦਾਂ ਪਾਰ ਕਰ ਰਹੀ ਹੈ, ਵੱਡੀ ਪੱਧਰ 'ਤੇ ਪਾਣੀ, ਹਵਾ ਪ੍ਰਦੂਸ਼ਿਤ ਕਰ ਰਹੀ ਸ਼ਰਾਬ ਫੈਕਟਰੀ ਦੇ ਮਾਲਕਾਂ 'ਤੇ ਕਾਰਵਾਈ ਕਰਨ ਤੇ ਫੈਕਟਰੀ ਬੰਦ ਕਰਨ ਦੀ ਬਜਾਏ ਨਿੱਜੀਕਰਨ ਦੀ ਨੀਤੀ ਨੂੰ ਬੜਾਵਾ ਦਿੰਦੇ ਹੋਏ ਸੰਘਰਸ਼ ਕਰ ਰਹੇ ਲੋਕਾਂ 'ਤੇ ਲਾਠੀਚਾਰਜ ਕਰ ਰਹੀ ਹੈ, ਨਜਾਇਜ਼ ਗ੍ਰਿਫਤਾਰੀਆਂ ਕਰ ਰਹੀ ਹੈ। ਸਰਕਾਰ ਨੇ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰਦੇ ਲੋਕਾਂ ਉੱਪਰ ਅੰਨ੍ਹਾ ਜਬਰ ਕਰਕੇ ਆਪਣਾ ਲੋਕ-ਦੋਖੀ ਚਿਹਰਾ ਸਪੱਸ਼ਟ ਕਰ ਦਿੱਤਾ ਹੈ। ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਸੰਘਰਸ਼ਸ਼ੀਲ ਲੋਕਾਂ 'ਤੇ ਨੰਗਾ-ਚਿੱਟਾ ਪੁਲਸੀਆ ਕਹਿਰ ਢਾਹ ਕੇ ਅਕਾਲੀ-ਭਾਜਪਾ ਤੇ ਕਾਂਗਰਸੀ ਸਰਕਾਰਾਂ ਵਾਲੇ ਰਾਹ ਪੈ ਗਈ ਹੈ। ਮੌਜੂਦਾ ਸਰਕਾਰ ਵੀ 'ਕਾਰਪੋਰੇਟ ਵਿਕਾਸ ਮਾਡਲ' ਨੂੰ ਸੂਬੇ ਦੇ ਲੋਕਾਂ ਸਿਰ ਮੜ੍ਹਨਾ ਜਾਰੀ ਰੱਖ ਕੇ ਧਨਾਢ ਸਨਅਤਕਾਰਾਂ ਦੇ ਬੋਲ ਪੁਗਾ ਰਹੀ ਹੈ ਤੇ ਦੇਸੀ-ਵਿਦੇਸ਼ੀ ਧਨ ਲੁਟੇਰਿਆਂ ਨੂੰ ਲੋਕਾਂ ਦੇ ਹੱਕਾਂ ਉੱਤੇ ਡਾਕੇ ਮਾਰਨ ਦੀ ਖੁੱਲ੍ਹ ਵੀ ਦੇ ਰਹੀ ਹੈ ਅਤੇ ਉਨ੍ਹਾਂ ਦੀ ਪੁਸ਼ਤ-ਪਨਾਹੀ ਵੀ ਕਰ ਰਹੀ ਹੈ।

ਡੀ.ਟੀ.ਐੱਫ. ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੇ ਇਸ ਜਬਰ ਖਿਲਾਫ ਸੰਘਰਸ਼ ਦੇ ਰਾਹ ਪਈਆਂ ਸੰਘਰਸ਼ਸ਼ੀਲ ਤੇ ਜਨਤਕ ਜਥੇਬੰਦੀਆਂ ਦਾ ਡੱਟਵਾਂ ਸਾਥ ਦਿੱਤਾ ਜਾਵੇ ਤਾਂ ਕਿ ਸੰਘਰਸ਼ ਦੇ ਬਲ 'ਤੇ ਸਰਕਾਰੀ ਜਬਰ ਦਾ ਮੂੰਹ ਮੋੜਿਆ ਜਾ ਸਕੇ। ਡੀ.ਟੀ.ਐੱਫ਼. ਮੋਗਾ ਦੇ ਆਗੂਆਂ ਸਵਰਨ ਦਾਸ ਧਰਮਕੋਟ, ਸੁਖਵਿੰਦਰ ਘੋਲੀਆ, ਅਮਨਦੀਪ ਮਾਛੀਕੇ ਤੇ ਸਵਰਨਜੀਤ ਭਗਤਾ ਨੇ ਮੰਗ ਕੀਤੀ ਹੈ ਕਿ ਇਸ ਫੈਕਟਰੀ ਨੂੰ ਬੰਦ ਕਰਵਾਉਣ ਲਈ ਸੰਘਰਸ਼ ਕਰ ਰਹੇ ਲੋਕਾਂ ਉੱਪਰ ਝੂਠੇ ਪਰਚੇ ਪਾ ਕੇ ਗ੍ਰਿਫਤਾਰ ਕੀਤੇ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਇਸ ਫੈਕਟਰੀ ਸਮੇਤ ਹਵਾ-ਪਾਣੀ ਨੂੰ ਪ੍ਰਦੂਸਤਿ ਕਰਨ ਵਾਲੀਆਂ ਹੋਰ ਸਾਰੀਆਂ ਫੈਕਟਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ, ਪ੍ਰਦੂਸ਼ਣ ਮੁਕਤ ਤੇ ਰੁਜ਼ਗਾਰ-ਮੁਖੀ ਸਨਅਤਾਂ ਸਰਕਾਰੀ ਖੇਤਰ ਵਿੱਚ ਲਾਈਆਂ ਜਾਣ, ਲੋਕ-ਦੋਖੀ ਵਿਕਾਸ ਮਾਡਲ ਦਾ ਰਾਹ ਰੱਦ ਕਰਕੇ ਲੋਕ ਪੱਖੀ ਹਕੀਕੀ ਵਿਕਾਸ ਮਾਡਲ ਨੂੰ ਹੁਲਾਰਾ ਦਿੰਦੀਆਂ ਨੀਤੀਆਂ 'ਤੇ ਕਨੂੰਨ ਬਣਾਏ ਜਾਣ, ਰੋਸ ਪ੍ਰਗਟਾਉਣ ਦੇ ਜਮਹੂਰੀ ਹੱਕ ਨੂੰ ਕੁਚਲਣ ਵਾਲੇ ਜਾਬਰ ਪੁਲਸ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

ਸੰਗਤੀ ਸ਼ਾਮ ਫੇਰੀ ਦੀਆਂ ਸੰਗਤਾਂ ਨੇ ਭੰਡਾਰੀ ਪਰਵਾਰ ਦੇ ਘਰ ਚਰਨ ਪਾਏ

ਜਗਰਾਉਂ (ਅਮਿਤ ਖੰਨਾ)

ਦਸਮੇਸ਼ ਪਿਤਾ ਜੀ ਦੇ ਆਗਮਨ ਪੁਰਬ ਦੀ ਖੁਸ਼ੀ 'ਚ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਤੋਂ ਸਜਾਈ ਜਾ ਰਹੇ ਸੰਗਤੀ ਰੂਪ ਵਿੱਚ ਸ਼ਾਮ ਫੇਰੀ ਦੀਆਂ ਸੰਗਤਾਂ ਸ਼ਬਦ ਕੀਰਤਨ ਕਰਦੀਆਂ ਭੰਡਾਰੀ ਭਰਾਵਾਂ ਦੇ ਗ੍ਰਹਿ ਵਿਖੇ ਪਹੁੰਚੀਆਂ, ਜਿੱਥੇ ਸ਼ਬਦ ਕੀਰਤਨ ਦਾ ਪ੍ਰਵਾਹ ਚੱਲਿਆ। ਵਿਸ਼ੇਸ਼ ਤੌਰ 'ਤੇ ਪੁੱਜੇ ਭੰਡਾਰੀ ਪਰਵਾਰ ਦੇ ਮੈਂਬਰ ਤੇ ਪ੍ਰਸਿੱਧ ਰਾਗੀ ਭਾਈ ਨਿਰਪਾਲ ਸਿੰਘ ਅਬੋਹਰ ਵਾਲਿਆਂ ਨੇ ਰਸਭਿੰਨਾ ਕੀਰਤਨ ਕੀਤਾ। ਉਨ੍ਹਾਂ ਵੱਲੋਂ ਗਾਏ ਸ਼ਬਦ "ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ" ਤੇ ਸੰਗਤਾਂ ਨੇ ਜੈਕਾਰੇ ਛੱਡੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਇਹੋ ਜਿਹਾ ਰਸਭਿੰਨਾ ਕੀਰਤਨ ਸੁਣਨ ਤੋਂ ਬਾਅਦ ਬੋਲਣਾ ਚੰਗਾ ਨਹੀਂ ਲੱਗ ਰਿਹਾ, ਕਿਉਂਕਿ ਅਜੇ ਵੀ ਕੰਨ ਅਤੇ ਮਨ ਮਿਸਰੀ ਤੋਂ ਵੀ ਮਿੱਠੇ ਰਸ ਨਾਲ ਸਰਸਾਰ ਹਨ। ਉਨ੍ਹਾਂ ਆਖਿਆ ਕਿ ਦਸਮੇਸ਼ ਪਿਤਾ ਜੀ ਨੇ 14 ਜੰਗਾਂ ਲੜੀਆਂ। ਉਨ੍ਹਾਂ ਜਬਰ-ਜ਼ੁਲਮ ਦੇ ਖਿਲਾਫ ਜੰਗ ਲੜੀ ਤੇ ਹਰ ਜੰਗ ਵਿੱਚ ਫਤਿਹ ਪਾਈ। ਜੰਗਾਂ ਜੁੱਧਾਂ ਦਰਮਿਆਨ ਵੀ ਸੱਚੇ ਪਾਤਸ਼ਾਹ ਨੇ ਸਿਧਾਂਤਾਂ ਨੂੰ ਨਹੀ ਤਿਆਗਿਆ। ਸਾਬਕਾ ਵਿਧਾਇਕ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਐਸ ਆਰ ਕਲੇਰ ਨੇ ਭੰਡਾਰੀ ਪਰਵਾਰ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਗੁਰਚਰਨ ਸਿੰਘ ਗਰੇਵਾਲ, ਐਸ ਆਰ ਕਲੇਰ ਅਤੇ ਮੋਰੀ ਗੇਟ ਦੇ ਪ੍ਰਬੰਧਕਾਂ ਵੱਲੋਂ ਭਾਈ ਨਿਰਪਾਲ ਸਿੰਘ ਅਬੋਹਰ ਵਾਲਿਆਂ ਦਾ ਸਨਮਾਨ ਕੀਤਾ ਗਿਆ। ਪਰਵਾਰ ਦੇ ਸੱਦੇ 'ਤੇ ਵੱਡੀ ਗਿਣਤੀ 'ਚ ਪਹੁੰਚੀਆਂ ਸੰਗਤਾਂ 'ਚ ਗੁਰਦੁਆਰਾ ਮੋਰੀ ਗੇਟ ਦੇ ਪ੍ਰਬੰਧਕਾਂ, ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ ਗੁਲਸ਼ਨ ਅਰੋੜਾ, ਠੇਕੇਦਾਰ ਹਰਵਿੰਦਰ ਸਿੰਘ ਚਾਵਲਾ, ਸੁਖਦੇਵ ਗਰਗ, ਪਹਿਰੇਦਾਰ ਦੇ ਮੁੱਖ ਸੰਪਾਦਕ ਜਸਪਾਲ ਸਿੰਘ ਹੇਰਾਂ, ਗੁਰਮੀਤ ਸਿੰਘ ਬਿੰਦਰਾ, ਦਿਲਮੋਹਨ ਸਿੰਘ, ਜਤਿੰਦਰਪਾਲ ਸਿੰਘ ਜੀ ਪੀ, ਅਮਰਜੀਤ ਸਿੰਘ ਉਬਰਾਏ, ਚਰਨਜੀਤ ਸਿੰਘ ਚਿੰਨੂ, ਪਰਮਿੰਦਰ ਸਿੰਘ, ਸਰਦਾਰਾ ਸਿੰਘ, ਗੁਰਦੀਪ ਸਿੰਘ ਦੂਆ, ਗੁਰਚਰਨ ਸਿੰਘ ਮਿਗਲਾਨੀ, ਇਸਮੀਤ ਸਿੰਘ ਭੰਡਾਰੀ ਤੇ ਚਰਨਜੀਤ ਸਿੰਘ ਸਰਨਾ ਆਦ ਹਾਜ਼ਰ ਸਨ।

ਵਿਧਾਇਕ ਸੌਂਦ ਆਗੂਆਂ ਤੇ ਵਰਕਰਾਂ ਸਮੇਤ ਵਾਹਨਾਂ ਰਾਹੀਂ ਫਤਿਹਗੜ੍ਹ ਸਾਹਿਬ ਪੁੱਜੇ

ਖੰਨਾ (ਸੁਖਜਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਸ਼੍ਰੀ ਫਤਹਿਗੜ੍ਹ ਸਾਹਿਬ ਜੀ ਦੀ ਪਵਿੱਤਰ ਧਰਤੀ 'ਤੇ ਨਤਮਸਤਕ ਹੋਣ ਲਈ ਹਲਕਾ ਖੰਨਾ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਤੇ ਸਮੂਹ ਆਪ ਆਗੂ, ਵਰਕਰ, ਸ਼ਰਧਾਲੂਆਂ ਨਾਲ ਮੋਟਰਸਾਈਕਲਾਂ, ਸਕੂਟਰਾਂ 'ਤੇ ਸਵਾਰ ਹੋ ਕੇ ਖੰਨਾ ਦੀ ਅਨਾਜ ਮੰਡੀ ਤੋਂ ਰਵਾਨਾ ਹੋਏ। ਇਸ ਮੌਕੇ ਉਨ੍ਹਾ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੋਹ ਦੇ ਸਰਦ ਮਹੀਨੇ ਵਾਪਰੀਆਂ ਮਹਾਨ ਘਟਨਾਵਾਂ 'ਚ ਜਬਰ ਜ਼ੁਰਮ ਵਿਰੁੱਧ ਤੇ ਧਰਮ ਖ਼ਾਤਰ ਆਪਾ ਵਾਰਨ ਦਾ ਇਤਿਹਾਸ ਸਮੋਇਆ ਹੋਇਆ ਹੈ। ਉਨ੍ਹਾ ਕਿਹਾ ਕਿ ਸ਼੍ਰੀ ਚਮਕੌਰ ਸਾਹਿਬ ਵਿਖੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਸ਼੍ਰੀ ਫਤਹਿਗੜ੍ਹ ਸਾਹਿਬ ਵਿਖੇ ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਦੀ ਉਦਾਹਰਨ ਦੁਨੀਆ ਵਿੱਚ ਕਿਤੇ ਨਹੀਂ ਮਿਲਦੀ, ਜਿਸ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਨੇ ਸੱਤ ਸਾਲ ਤੇ 9 ਸਾਲ ਦੀ ਉਮਰ ਵਿੱਚ ਮਨੁੱਖਤਾ ਦੀ ਰਾਖੀ ਲਈ ਸ਼ਹਾਦਤ ਦਿੱਤੀ, ਉਸ ਦੀ ਮਿਸਾਲ ਦੁਨੀਆ ਵਿੱਚ ਕਿਧਰੇ ਨਹੀਂ ਮਿਲਦੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ, ਐਡਵੋਕੇਟ ਨਾਗਰਾ, ਕਰਮ ਚੰਦ ਸ਼ਰਮਾ, ਰਾਜਬੀਰ ਸ਼ਰਮਾ, ਤਰਿੰਦਰ ਗਿੱਲ, ਮਹੇਸ਼ ਕੁਮਾਰ ਪੀ ਏ, ਲਛਮਣ ਗਰੇਵਾਲ, ਜਗਤਾਰ ਸਿੰਘ, ਕਰਨ ਅਰੋੜਾ, ਕੌਂਸਲਰ ਜਤਿੰਦਰ ਪਾਠਕ, ਕੌਂਸਲਰ ਸੁਨੀਲ ਕੁਮਾਰ ਨੀਟਾ, ਕੌਂਸਲਰ ਪਰਮਪ੍ਰੀਤ ਪੌਂਪੀ, ਕੌਂਸਲਰ ਸੁਰਿੰਦਰ ਬਾਵਾ, ਵਿੱਕੀ ਮਸ਼ਾਲ, ਗੁਰਸ਼ਰਨ ਗੋਗੀਆ, ਗੁਰਬਚਨ ਟੀਟੂ, ਜਤਿੰਦਰ ਗੋਹ, ਗੁਰਜੀਤ ਗਿੱਲ, ਮਲਕੀਤ ਮੀਤਾ, ਰਾਜਿੰਦਰ ਸਲੱਚ, ਦੀਦਾਰ ਬੱਲ, ਰਾਜ ਕੁਮਾਰ ਜੱਸਲ ਆਦਿ ਸ਼ਾਮਲ ਸਨ।

ਕੰਪਨੀ ਅੰਦਰ ਦਾਖਲ ਹੋ ਕੇ 2.15 ਲੱਖ ਦੀ ਨਗਦੀ ਚੋਰੀ ਕਰਨ ਦੇ ਦੋਸ਼ 'ਚ ਮਾਮਲਾ ਦਰਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਕੰਪਨੀ ਅੰਦਰ ਬਣੇ ਦਫਤਰ ਵਿੱਚੋਂ 2 ਲੱਖ 15000 ਰੁਪਏ ਕੈਸ਼ ਚੋਰੀ ਕਰਨ ਦੇ ਦੋਸ਼ 'ਚ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਤਿੰਨ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਐੱਮ ਐੱਸ ਅਹੂਜਾ ਐਗਰੋਫੂਡ ਪ੍ਰਾਈਵੇਟ ਲਿਮਟਿਡ ਕੰਪਨੀ ਸਦਰਵਾਲਾ ਰੋਡ ਸ੍ਰੀ ਮੁਕਤਸਰ ਸਾਹਿਬ ਦੇ ਐੱਮ ਡੀ ਗੌਰਵ ਆਹੂਜਾ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਬੀਤੀ 18 ਦਸੰਬਰ 2022 ਨੂੰ ਉਸ ਦੀ ਕੰਪਨੀ ਦੇ ਚਾਵਲਾਂ ਦਾ ਕੈਸ਼ 2.15000 ਰੁਪਏ ਆਇਆ ਸੀ, ਜੋ ਉਸ ਨੇ ਆਪਣੀ ਕੰਪਨੀ ਅੰਦਰ ਬਣੇ ਆਪਣੇ ਦਫਤਰ ਵਿੱਚ ਮੇਜ਼ ਦੇ ਦਰਾਜ ਵਿੱਚ ਰੱਖ ਕੇ ਲਾਕ ਕਰ ਦਿੱਤਾ ਸੀ ਤੇ ਆਪਣੇ ਕੰਮਕਾਰ ਦਾ ਨਿਪਟਾਰਾ ਕਰਕੇ ਆਪਣੇ ਦਫਤਰ ਨੂੰ ਤਾਲਾ ਲਗਾ ਕੇ ਘਰ ਚਲਾ ਗਿਆ। ਜਦ ਉਹ ਅਗਲੇ ਦਿਨ 19 ਦਸੰਬਰ ਨੂੰ ਸਵੇਰੇ 9 ਵਜੇ ਆਪਣੇ ਦਫਤਰ ਆਇਆ ਤਾਂ ਦੇਖਿਆ ਕਿ ਦਫਤਰ ਦੇ ਤਾਲੇ ਟੁੱਟੇ ਹੋਏ ਸਨ, ਜਦ ਉਸ ਨੇ ਅੰਦਰ ਜਾ ਕੇ ਦੇਖਿਆ ਤਾਂ ਉਸ ਦੇ ਦਫਤਰ ਦੇ ਮੇਜ਼ ਦਾ ਦਰਾਜ ਖੁੱਲ੍ਹਾ ਸੀ ਤੇ ਉਸ ਵਿੱਚ 2.15000 ਰੁਪਏ ਨਹੀਂ ਸੀ, ਜਿਸ ਦੀ ਉਸ ਨੇ ਆਪਣੇ ਲੇਬਰ ਤੇ ਚੌਕੀਦਾਰਾਂ ਤੋਂ ਪੁੱਛ ਪੜਤਾਲ ਕੀਤੀ ਤਾਂ ਕੁਝ ਪਤਾ ਨਹੀਂ ਲੱਗਾ। ਜਦ ਉਸ ਨੇ ਕੰਪਨੀ ਅੰਦਰ ਲੱਗੇ ਕੈਮਰੇ ਚੈੱਕ ਕੀਤੇ ਤਾਂ ਪਤਾ ਲੱਗਾ ਕਿ ਕੰਪਨੀ ਅੰਦਰ ਕੋਈ ਤਿੰਨ ਅਣਪਛਾਤੇ ਵਿਅਕਤੀ ਤਾਲੇ ਭੰਨ ਕੇ ਚੋਰੀ ਕਰ ਰਹੇ ਸਨ ਤੇ ਉਸ ਦਾ ਕੈਸ਼ ਲੈ ਕੇ ਕੰਪਨੀ ਦੇ ਛੋਟੇ ਗੇਟ ਦਾ ਤਾਲਾ ਤੋੜ ਕੇ ਬਾਹਰ ਖੜੇ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਭੱਜ ਗਏ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਤਿੰਨ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸਰਬੱਤ ਦਾ ਭਲਾ ਵੱਲੋਂ ਕੋਟ ਈਸੇ ਖਾਂ 'ਚ ਚੈਰੀਟੇਬਲ ਲੈਬ ਸਥਾਪਤ ਕੀਤੀ ਜਾਵੇਗੀ : ਲੂੰਬਾ

160 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਤਕਸੀਮ ਕੀਤੇ

ਲੋੜਵੰਦਾਂ ਨੂੰ ਪੈਨਸ਼ਨ ਦੇ ਚੈੱਕ ਵੰਡਦੇ ਹੋਏ ਟਰੱਸਟ ਦੇ ਮੈਂਬਰ।

ਮੋਗਾ (ਅਮਰਜੀਤ ਬੱਬਰੀ)-ਡਾ. ਐੱਸ ਪੀ ਸਿੰਘ ਉਬਰਾਏ ਦੀ ਗਤੀਸ਼ੀਲ ਅਗਵਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਵੱਲੋਂ ਬਹੁਤ ਜਲਦ ਕਸਬਾ ਕੋਟ ਈਸੇ ਖਾਂ ਵਿਖੇ ਚੈਰੀਟੇਬਲ ਲੈਬ ਦੀ ਸਥਾਪਨਾ ਕੀਤੀ ਜਾਵੇਗੀ, ਜਿਸ ਵਿੱਚ ਮਰੀਜ਼ਾਂ ਦੇ ਬਜ਼ਾਰ ਨਾਲੋਂ 80% ਸਸਤੇ ਰੇਟਾਂ 'ਤੇ ਟੈਸਟਾਂ ਦੀ ਸਹੂਲਤ ਉਪਲੱਬਧ ਹੋਵੇਗੀ। ਸਰਬੱਤ ਦਾ ਭਲਾ ਦਫਤਰ ਬਸਤੀ ਗੋਬਿੰਦਗੜ੍ਹ ਮੋਗਾ ਵਿਖੇ 160 ਦੇ ਕਰੀਬ ਵਿਧਵਾ ਔਰਤਾਂ ਤੇ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਪੈਨਸ਼ਨ ਚੈੱਕ ਤਕਸੀਮ ਕਰਨ ਮੌਕੇ ਇਹ ਜਾਣਕਾਰੀ ਦਿੰਦਿਆਂ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ ਦੱਸਿਆ ਕਿ ਟਰੱਸਟ ਵੱਲੋਂ ਪੰਜਾਬ ਵਿੱਚ 100 ਚੈਰੀਟੇਬਲ ਲੈਬਾਰਟਰੀਆਂ ਦੀ ਸਥਾਪਨਾ ਦਾ ਟੀਚਾ ਰੱਖਿਆ ਗਿਆ ਸੀ, ਜੋ ਕਿ ਬਹੁਤ ਜਲਦ ਪੂਰਾ ਹੋਣ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਡਾ. ਐੱਸ ਪੀ ਸਿੰਘ ਉਬਰਾਏ ਜਿੱਥੇ ਉਚੇਰੀ ਪੜ੍ਹਾਈ, ਮਕਾਨ ਬਣਾਉਣ, ਬੱਚਿਆਂ ਦੇ ਪਾਲਣ ਪੋਸ਼ਣ ਤੇ ਇਲਾਜ ਲਈ ਨਕਦ ਸਹਾਇਤਾ ਕਰ ਰਹੇ ਹਨ, ਉਥੇ ਲੋਕਾਂ ਨੂੰ ਸਸਤਾ ਤੇ ਮਿਆਰੀ ਇਲਾਜ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਉਨ੍ਹਾਂ ਵੱਲੋਂ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਡਾਇਲਸਿਸ ਮਸ਼ੀਨਾਂ ਤੇ ਚੈਰੀਟੇਬਲ ਲੈਬਾਂ ਦੀ ਵੀ ਸਥਾਪਨਾ ਕੀਤੀ ਗਈ ਹੈ ਅਤੇ ਫਰੀਦਕੋਟ ਮੈਡੀਕਲ ਕਾਲਜ ਵਿੱਚ ਮਰੀਜ਼ਾਂ ਦੇ ਰਹਿਣ ਲਈ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਇੱਕ ਰੈਣ ਬਸੇਰਾ ਵੀ ਬਣਾਇਆ ਗਿਆ ਹੈ।

ਇਸ ਮੌਕੇ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਟਰੱਸਟ ਦੇ ਸਮਾਜ ਸੇਵੀ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਟਰੱਸਟੀ ਗੁਰਸੇਵਕ ਸਿੰਘ ਸੰਨਿਆਸੀ ਨੇ ਲੋੜਵੰਦ ਪਰਿਵਾਰਾਂ ਨੂੰ ਇਸ ਪੈਸੇ ਦਾ ਇਸਤੇਮਾਲ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਖਰਚਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਪੈਨਸ਼ਨ ਉਨ੍ਹਾਂ ਔਰਤਾਂ ਨੂੰ ਦਿੱਤੀ ਜਾਂਦੀ ਹੈ, ਜਿਨ੍ਹਾਂ ਦੇ ਬੱਚੇ ਛੋਟੇ ਹਨ ਜਾਂ ਪੜ੍ਹਦੇ ਹਨ ਤਾਂ ਜੋ ਪਿਤਾ ਦਾ ਸਾਇਆ ਉਠ ਜਾਣ ਤੋਂ ਬਾਅਦ ਉਨ੍ਹਾਂ ਦੇ ਪਾਲਣ ਪੋਸ਼ਣ ਜਾਂ ਪੜ੍ਹਾਈ ਵਿੱਚ ਰੁਕਾਵਟ ਨਾ ਆਵੇ। ਇਸ ਮੌਕੇ ਉਨ੍ਹਾਂ ਨੇ ਸਭ ਲੋੜਵੰਦਾਂ ਨੂੰ ਪੈਨਸ਼ਨ ਦੇ ਚੈੱਕ ਵੰਡੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਪਾਲ ਲੂੰਬਾ, ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਟਰੱਸਟੀ ਗੁਰਸੇਵਕ ਸਿੰਘ ਸੰਨਿਆਸੀ, ਦਰਸ਼ਨ ਸਿੰਘ ਲੋਪੋ, ਨਰਜੀਤ ਕੌਰ, ਰਣਜੀਤ ਸਿੰਘ ਧਾਲੀਵਾਲ, ਦਫਤਰ ਸਕੱਤਰ ਜਸਵੀਰ ਕੌਰ ਤੇ ਲੈਬ ਟੈਕਨੀਸ਼ੀਅਨ ਲਖਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲਾਭਪਾਤਰੀ ਪਰਿਵਾਰ ਹਾਜ਼ਰ ਸਨ।

ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਸਟੂਡੈਂਟ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ, ਜੋ ਕਿ ਕੋਟਕਪੂਰਾ ਰੋਡ ਉੱਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ ਤੇ ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਸ ਵਾਰ ਇਸ ਸੰਸਥਾ ਦੀ ਵਿਦਿਆਰਥੀ ਸੁਰਿੰਦਰ ਪਾਲ ਗਿੱਲ ਪੁੱਤਰ ਜਰਨੈਲ ਸਿੰਘ ਗਿੱਲ ਵਾਸੀ ਮਾਣੂਕੇ ਦਾ ਦੋ ਸਾਲ ਦਾ ਗੈਪ ਹੋਣ ਦੇ ਬਾਵਜੂਦ ਕੈਨੇਡਾ ਦਾ ਲੈਥਬਰਿਜ ਕਾਲਜ ਦਾ ਸਟੱਡੀ ਵੀਜ਼ਾ ਲਗਵਾਇਆ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਨੈਸ਼ਨਲ ਹੈਂਡਬਾਲ ਖੇਡਾਂ 'ਚ ਤੂਤ ਦੀਆਂ ਖਿਡਾਰਨਾਂ ਨੇ ਜਿੱਤਿਆ ਕਾਂਸੀ ਮੈਡਲ

ਪਿੰਡ ਪਹੁੰਚਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਪਿੰਡ ਵਾਸੀਆਂ ਵੱਲੋਂ ਨਿੱਘਾ ਸਵਾਗਤ

ਖਿਡਾਰਨਾਂ ਦਾ ਸਵਾਗਤ ਕਰਦੇ ਹੋਏ ਸਕੂਲੀ ਮੁਖੀ ਤੇ ਸਮੂਹ ਸਟਾਫ ਮੈਂਬਰ।

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬਿਹਾਰ ਦੇ ਸਪਰਾ ਜ਼ਿਲ੍ਹੇ ਵਿੱਚ 13 ਦਸੰਬਰ ਤੋਂ 18 ਦਸੰਬਰ ਤੱਕ ਹੋਈਆਂ 37ਵੀਆਂ ਸਬ ਜੂਨੀਅਨ ਨੈਸ਼ਨਲ ਖੇਡਾਂ ਵਿੱਚ ਤੂਤ ਦੀਆਂ ਹੋਣਹਾਰ ਖਿਡਾਰਨਾਂ ਕਰਮਵੀਰ ਕੌਰ ਤੇ ਸਨਮਪ੍ਰੀਤ ਕੌਰ ਦੀ ਸ਼ਾਨਦਾਰ ਖੇਡ ਸਦਕਾ ਪੰਜਾਬ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜਿਵੇਂ ਹੀ ਖਿਡਾਰਨਾਂ ਅੱਜ ਪਿੰਡ ਤੂਤ ਪਹੁੰਚੀਆਂ ਤਾ ਪਿੰਡ ਵਿਚ ਵਿਆਹ ਵਰਗਾ ਮਾਹੌਲ ਸੀ। ਖਿਡਾਰਨਾਂ ਦੇ ਸਵਾਗਤ ਲਈ ਸਰਕਾਰੀ ਹਾਈ ਸਕੂਲ ਤੂਤ ਵਿੱਚ ਪ੍ਰੋਗਰਾਮ ਰੱਖਿਆ ਗਿਆ। ਮੈਡਲ ਜੇਤੂ ਖਿਡਾਰਨਾਂ ਨੂੰ ਵਿਧਾਇਕ ਦਿਹਾਤੀ ਰਜਨੀਸ਼ ਦਹੀਆ, ਏਡੀਸੀ ਡਿਵੈਲਪਮੈਂਟ ਸਾਗਰ ਸੇਤੀਆ, ਐੱਸ ਡੀ ਐੱਮ ਰਣਜੀਤ ਸਿੰਘ ਭੁੱਲਰ ਵੱਲੋਂ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਗਈ। ਖਿਡਾਰਨਾਂ ਨੇ ਆਪਣੀ ਇਸ ਉਪਲਬੱਧੀ ਲਈ ਆਪਣੇ ਕੋਚਾਂ ਜਸਵੀਰ ਸਿੰਘ ਸਟੇਟ ਐਵਾਰਡੀ, ਜਗਮੀਤ ਸਿੰਘ ਹੈਂਡਬਾਲ ਕੋਚ ਤੇ ਗੁਰਪ੍ਰੀਤ ਸਿੰਘ ਡੀ ਪੀ ਈ ਦਾ ਵਿਸ਼ੇਸ਼ ਧੰਨਵਾਦ ਕੀਤਾ।

ਉਨ੍ਹਾ ਕਿਹਾ ਕਿ ਸਾਡੇ ਕੋਚਾਂ ਦੀ ਸਖਤ ਮਿਹਨਤ ਕਰਕੇ ਹੀ ਅਸੀਂ ਇਸ ਮੁਕਾਮ ਤੱਕ ਪਹੁੰਚ ਸਕੀਆਂ ਹਾਂ। ਸਕੂਲ ਮੁਖੀ ਮਨਦੀਪ ਕੌਰ, ਚੇਅਰਮੈਨ ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਸਵੀਰ ਸਿੰਘ, ਮਲਕੀਤ ਸਿੰਘ, ਪੂਜਾ, ਗੀਤੂ, ਵੀਰਪਾਲ ਕੌਰ, ਮੀਨੂੰ, ਸੁਖਦੀਪ ਕੌਰ, ਸੁਖਜੀਤ ਕੌਰ, ਚਰਨਜੀਤ ਕੌਰ, ਜਸਪਾਲ ਕੌਰ, ਦਿਨੇਸ਼, ਜਗਮੀਤ ਸਿੰਘ ਵੱਲੋਂ ਖਿਡਾਰਨਾਂ ਤੇ ਉਨ੍ਹਾਂ ਦੇ ਮਾਤਾ-ਪਿਤਾ ਜਗਰੂਪ ਸਿੰਘ, ਗੁਰਪ੍ਰੀਤ ਸਿੰਘ ਨੂੰ ਵਿਸ਼ੇਸ਼ ਦਿੱਤੀ ਗਈ। ਪਿੰਡ ਦੇ ਸਰਪੰਚ ਰਵਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਲੀਡਰ ਦਿਆਲ ਸਿੰਘ, ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਬਲਜੀਤ ਸਿੰਘ, ਭਗਤ ਸਿੰਘ, ਸਮੂਹ ਪੰਚਾਇਤ ਮੈਂਬਰ ਪਿੰਡ ਤੂਤ ਤੇ ਪਿੰਡ ਵਾਸੀਆਂ ਨੇ ਖਿਡਾਰਨਾਂ ਨੂੰ ਜਿੱਥੇ ਨਕਦ ਇਨਾਮ ਦਿੱਤੇ, ਉਥੇ ਹੀ ਉਨ੍ਹਾਂ ਦੀ ਪੜ੍ਹਾਈ ਤੇ ਖੇਡ ਵਿੱਚ ਹਰ ਤਰ੍ਹਾਂ ਦੀ ਸਹਾਇਤਾ ਕਰਨ ਦਾ ਵਾਅਦਾ ਕੀਤਾ।

ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਫ੍ਰੀ ਮੈਡੀਕਲ ਕੈਂਪ

ਸੰਗਰੂਰ (ਪ੍ਰਵੀਨ ਸਿੰਘ)-ਬਜ਼ੁਰਗਾਂ ਦੀ ਭਲਾਈ ਤੇ ਸਿਹਤ ਤੰਦਰੁਸਤੀ ਨੂੰ ਸਮਰਪਤ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਮੁੱਖ ਦਫਤਰ ਬਨਾਸਰ ਬਾਗ ਵਿਖੇ ਪ੍ਰਾਈਮ ਮਲਟੀਸਪੈਸ਼ਲਟੀ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਵਿਸ਼ਾਲ ਫਰੀ ਮੈਡੀਕਲ ਕੈਂਪ ਸੰਸਥਾ ਪ੍ਰਧਾਨ ਪਾਲਾ ਮੱਲ ਸਿੰਗਲਾ, ਭੁਪਿੰਦਰ ਸਿੰਘ ਜੱਸੀ ਜਨਰਲ ਸਕੱਤਰ, ਗੁਰਿੰਦਰ ਜੀਤ ਸਿੰਘ ਵਾਲੀਆ, ਦਲਜੀਤ ਸਿੰਘ ਜ਼ਖਮੀ, ਸੁਧੀਰ ਵਾਲੀਆ, ਸੁਰਿੰਦਰ ਸ਼ੋਰੀ, ਮੱਘਰ ਸਿੰਘ ਸੋਹੀ, ਪ੍ਰੇਮ ਚੰਦ ਗਰਗ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਸੁਰਿੰਦਰ ਪਾਲ ਸਿੰਘ ਸਿਦਕੀ ਮੀਡੀਆ ਇੰਚਾਰਜ ਨੇ ਦੱਸਿਆ ਕਿ ਇਸ ਕੈਂਪ ਵਿੱਚ ਨਿਊਰੋਲੋਜੀ ਦੇ ਮਾਹਰ ਡਾਕਟਰ ਸਲਵਿੰਦਰ ਸਿੰਘ ਤੂਰ, ਡਾਕਟਰ ਇੰਦਰਜੀਤ ਕੌਰ (ਮੈਡੀਸਿਨ) ਤੇ ਅਨਮੋਲਪ੍ਰੀਤ ਕੌਰ (ਡਾਇਟੀਸ਼ਨ) ਨੇ ਮਰੀਜ਼ਾਂ ਦਾ ਚੈੱਕਅੱਪ ਕੀਤਾ, ਜਦੋਂਕਿ ਸੰਸਥਾ ਵੱਲੋਂ ਦਵਾਈਆਂ ਫਰੀ ਦਿੱਤੀਆਂ ਗਈਆਂ। ਹਸਪਤਾਲ ਵੱਲੋਂ ਬਲੱਡ ਪ੍ਰੈਸ਼ਰ, ਸ਼ੂਗਰ, ਆਕਸੀਜਨ ਪੱਧਰ ਆਦਿ ਦੇ ਟੈਸਟ ਕਰਨ ਦੀ ਡਿਊਟੀ ਸਰਬਜੀਤ ਸ਼ਰਮਾ ਨਰਸਿੰਗ ਸੁਪਰਡੈਂਟ ਦੇ ਨਾਲ ਸੁਖਜੀਤ ਕੌਰ, ਸੁਮਨਦੀਪ ਕੌਰ, ਗੁਰਿੰਦਰ ਕੌਰ ਨੇ ਨਿਭਾਈ। ਇਸ ਸਮੇਂ ਸੰਸਥਾ ਦੇ ਮੈਂਬਰਾਂ ਸਮੇਤ 100 ਤੋਂ ਵੱਧ ਸ਼ਹਿਰ ਨਿਵਾਸੀਆਂ ਨੇ ਇਸ ਕੈਂਪ ਦਾ ਲਾਭ ਉਠਾਇਆ ਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਕੈਂਪ ਲਈ ਨੀਰਜ ਕੁਮਾਰ ਮਾਰਕੀਟਿੰਗ ਮੈਨੇਜਰ ਪ੍ਰਾਈਮ ਹਸਪਤਾਲ, ਅਮਰਜੀਤ ਸਿੰਘ ਪਾਹਵਾ, ਹਰਬੰਸ ਲਾਲ ਜਿੰਦਲ, ਗੁਰਮੀਤ ਸਿੰਘ ਕਾਲੜਾ, ਹਰਬੰਸ ਸਿੰਘ ਕੁਮਾਰ, ਵਰਿੰਦਰ ਬਜਾਜ, ਕਰਨ, ਹੈਲੀ ਸਿੰਘ ਆਦਿ ਨੇ ਵੱਖ ਵੱਖ ਸੇਵਾਵਾਂ ਰਾਹੀਂ ਸਹਿਯੋਗ ਦਿੱਤਾ। ਇਸ ਮੌਕੇ ਸੁਖਦੇਵ ਸਿੰਘ ਰਤਨ, ਸੁਰਿੰਦਰ ਪਾਲ ਗੁਪਤਾ, ਮਦਨ ਗੋਪਾਲ ਸੋਢੀ, ਡਾ. ਨਰਵਿੰਦਰ ਸਿੰਘ ਕੌਸ਼ਲ, ਕੌਰ ਸਿੰਘ, ਓ. ਪੀ. ਅਰੋੜਾ, ਵਿਨੋਦ ਮਘਾਨ, ਰਾਮ ਮੂਰਤੀ ਮੋਦੀ ਆਦਿ ਹਾਜ਼ਰ ਸਨ।

ਬਲੌਜ਼ਮਜ਼ ਵਿਖੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਫੈਂਸੀ ਡਰੈੱਸ ਮੁਕਾਬਲੇ

ਜਗਰਾਉਂ (ਅਮਿਤ ਖੰਨਾ)-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਸਕੂਲ ਵਿੱਚ ਫੈਂਸੀ ਡਰੈੱਸ ਮੁਕਾਬਲੇ ਕਰਵਾਏ, ਜਿਸ ਵਿੱਚ ਬੱਚਿਆਂ ਵੱਲੋਂ ਗੁਰੂ ਸਾਹਿਬ ਦੇ ਬੱਚਿਆਂ ਦੇ ਪਹਿਰਾਵੇ ਵਾਂਗ ਬਣ ਕੇ ਆਏ ਤੇ ਜਿਨ੍ਹਾਂ ਵਿਚ ਉਨ੍ਹਾਂ ਦੇ ਚੋਲੇ ਆਦਿ ਪਾ ਕੇ ਜੀਵਨ ਝਾਤ ਪਵਾਈ। ਪਹਿਲੀ, ਦੂਜੀ ਤੇ ਤੀਸਰੀ ਜਮਾਤ ਦੇ ਇਨ੍ਹਾਂ ਵਿਦਿਆਰਥੀਆਂ ਵੱਲੋਂ ਚੱਲ ਰਹੇ ਦਿਨਾਂ ਦੀ ਮਹੱਤਤਾ ਨੂੰ ਹੂ-ਬ-ਹੂ ਨਿਭਾਇਆ। ਇਸ ਮੌਕੇ ਬੱਚਿਆਂ ਨੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਕਵਿਤਾਵਾਂ ਵੀ ਬੋਲੀਆਂ। ਇਸ ਮੁਕਾਬਲੇ ਵਿੱਚੋਂ ਮਹਿਕਦੀਪ ਕੌਰ (ਜਮਾਤ-ਤੀਸਰੀ) ਪਹਿਲੇ, ਐਬਰ ਕੌਰ (ਜਮਾਤ-ਪਹਿਲੀ) ਦੂਸਰੇ, ਇਸ਼ਾਨ ਸਿੰਘ (ਜਮਾਤ-ਤੀਸਰੀ) ਤੇ ਗੁਰਲੀਨ ਕੌਰ (ਜਮਾਤ-ਪਹਿਲੀ) ਤੀਸਰੇ ਸਥਾਨ 'ਤੇ ਰਹੇ। ਦਿਵਲੀਨ ਕੌਰ (ਜਮਾਤ-ਦੂਜੀ) ਨੂੰ ਕੌਨਸੋਲੇਸ਼ਨ ਇਨਾਮ ਦਿੱਤਾ ਗਿਆ। ਸਕੂਲ ਦੇ ਪ੍ਰਿੰਸੀਪਲ ਡਾ: ਅਮਰਜੀਤ ਕੌਰ ਨਾਜ਼ ਨੇ ਸ਼ਹੀਦੀ ਦਿਹਾੜਿਆਂ ਨੂੰ ਪ੍ਰਣਾਮ ਕਰਦੇ ਹੋਏ ਕਿਹਾ ਕਿ ਗੁਰੂ ਜੀ ਦੇ ਲਾਲ ਐਨੀ ਛੋਟੀ ਉਮਰੇ ਆਪਣੀਆਂ ਕੁਰਬਾਨੀਆਂ ਦੇ ਕੇ ਆਪਣਾ ਜੀਵਨ ਕੌਮ ਦੇ ਲੇਖੇ ਲਾ ਗਏ। ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਸ਼ਹੀਦੀਆਂ ਮਿਸਾਲ ਬਣ ਕੇ ਸਾਹਮਣੇ ਆਈਆਂ। ਅੱਜ ਚੋਲਿਆਂ ਵਿੱਚ ਸਜ ਕੇ ਆਏ ਇਨ੍ਹਾਂ ਵਿਦਿਆਰਥੀਆਂ ਨੇ ਸਾਹਿਬਜ਼ਾਦਿਆਂ ਨੂੰ ਜਿਵੇਂ ਬਹੁਤ ਨੇੜਿਓਂ ਤੱਕ ਲਿਆ ਵਰਗਾ ਮਹਿਸੂਸ ਹੋਇਆ।

ਵਿਦਿਆਰਥੀਆਂ ਦੇ ਜੀਵਨ ਨੂੰ ਇਤਿਹਾਸ ਤੋਂ ਜਾਣੂੰ ਕਰਵਾਉਣਾ ਸਾਡਾ ਫਰਜ਼ ਹੈ। ਇਸ ਲਈ ਅਸੀਂ ਸਮੇਂ-ਸਮੇਂ ਦੌਰਾਨ ਬੱਚਿਆਂ ਨਾਲ ਜਾਣਕਾਰੀ ਸਾਂਝੀ ਕਰਦੇ ਹਾਂ। ਇਸ ਮੌਕੇ ਮੈਨੇਜਮੈਂਟ ਵਿੱਚ ਅਜਮੇਰ ਸਿੰਘ ਰੱਤੀਆਂ ਤੇ ਸਤਵੀਰ ਸਿੰਘ ਸੇਖੋਂ ਨੇ ਵੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ।

CMYK

24-DEC-PAGE-1.qxd 12/23/2022 9:40 PM Page 1

ਸ਼ਨੀਵਾਰ, 24 ਦਸੰਬਰ, 2022
9 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 204

ਨਵਾਂ ਜ਼ਮਾਨਾ

DAILY NAWAN ZAMANA • SATURDAY, 24 DECEMBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in

ਕੋਰੋਨਾ ਨਾਲ ਨਜਿੱਠਣ ਲਈ ਪੁਖਤਾ ਤਿਆਰੀਆਂ : ਮਾਨ

• ਲੋਕਾਂ ਨੂੰ ਜਨਤਕ ਥਾਵਾਂ 'ਤੇ ਮਾਸਕ ਪਾਉਣ ਦੀ ਅਪੀਲ
• ਸੂਬਾ ਪੱਧਰੀ ਕੋਵਿਡ ਕੰਟਰੋਲ ਰੂਮ ਹੋਵੇਗਾ ਸਥਾਪਤ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਕਿਹਾ ਕਿ ਕੋਵਿਡ ਮਹਾਂਮਾਰੀ ਦੀ ਤਾਜ਼ਾ ਲਹਿਰ ਦੇ ਮੱਦੇਨਜ਼ਰ ਸੰਭਾਵਤ ਖਤਰੇ ਨਾਲ ਨਜਿੱਠਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ। ਆਪਣੇ ਦਫਤਰ ਵਿਚ ਮੁੱਖ ਮੰਤਰੀ ਨੇ ਕੋਵਿਡ ਸੰਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੌਰਾਨ ਸੂਬਾ ਸਰਕਾਰ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਕੋਵਿਡ ਵਾਇਰਸ ਦੇ ਫੈਲਾਅ ਨੂੰ ਰੋਕਣ ਅਤੇ ਹਰੇਕ ਵਿਅਕਤੀ ਦੀ ਸਿਹਤ ਦੀ ਰਾਖੀ ਲਈ ਜ਼ੋਰ ਦਿੰਦੇ ਹੋਏ ਸਾਰੀਆਂ ਵਿਦਿਅਕ ਸੰਸਥਾਵਾਂ, ਸਰਕਾਰੀ ਤੇ ਪ੍ਰਾਈਵੇਟ ਦਫਤਰਾਂ ਅਤੇ ਅੰਦਰੂਨੀ ਤੇ ਬਾਹਰੀ ਇਕੱਠਾਂ, ਮਾਲਜ਼, ਜਨਤਕ ਥਾਵਾਂ ਆਦਿ ਵਿਚ ਮਾਸਕ ਪਾਉਣ ਦੀ ਅਪੀਲ ਕੀਤੀ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ-19 ਦੇ ਅਨੁਕੂਲ ਇਹਤਿਆਤੀ ਕਦਮਾਂ, ਜਿਵੇਂ ਕਿ ਸਮਾਜਕ ਦੂਰੀ, ਜਨਤਕ ਥਾਵਾਂ ਉਤੇ ਨਾ ਥੁੱਕਣ ਅਤੇ ਹੋਰ ਸਾਵਧਾਨੀਆਂ ਦੀ ਵਰਤੋਂ ਦੀ ਪੂਰੀ ਪਾਲਣਾ ਕੀਤੀ ਜਾਵੇ। ਮਾਨ ਨੇ ਸਿਹਤ ਵਿਭਾਗ ਨੂੰ ਇਹ ਯਕੀਨੀ ਬਣਾਉਣ ਲਈ ਆਖਿਆ ਕਿ ਜੇਕਰ ਕਿਸੇ ਵਿਅਕਤੀ ਵਿਚ ਕੋਰੋਨਾ ਦੇ ਲੱਛਣ ਸਾਹਮਣੇ ਆਉਂਦੇ ਹਨ ਤਾਂ ਕੋਵਿਡ ਟੈਸਟ ਕਰਵਾਉਣ ਦੇ ਨਾਲ-ਨਾਲ ਇਸ ਨਾਲ ਸੰਬੰਧਤ ਸਾਵਧਾਨੀਆਂ ਵੀ ਵਰਤੀਆਂ ਜਾਣ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਵੀ ਆਪੋ-ਆਪਣੇ ਜ਼ਿਲ੍ਹਿਆਂ ਵਿਚ ਪ੍ਰਬੰਧਾਂ ਦਾ ਲਗਾਤਾਰ ਜਾਇਜ਼ਾ ਲੈਣ ਲਈ ਆਖਿਆ। ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ ਦੀ ਕਿਸੇ ਵੀ ਤਰ੍ਹਾਂ ਦੀ ਸੰਭਾਵੀ ਸਥਿਤੀ ਨਾਲ ਨਿਪਟਣ ਲਈ ਪੰਜਾਬ ਸਰਕਾਰ ਸੂਬਾ ਪੱਧਰੀ ਕੰਟਰੋਲ ਰੂਮ ਸਥਾਪਤ ਕਰੇਗੀ। ਕੋਵਿਡ ਟੈਸਟ ਕਰ ਰਹੇ ਸਾਰੇ ਹਸਪਤਾਲਾਂ, ਲੈਬਾਰਟਰੀਆਂ, ਕੁਲੈਕਸ਼ਨ ਸੈਂਟਰਾਂ ਨੂੰ ਪੰਜਾਬ ਸਰਕਾਰ ਦੇ ਕੋਵਾ ਪੋਰਟਲ ਉਤੇ ਕੋਵਿਡ ਟੈਸਟਾਂ ਦੀਆਂ ਪਾਜ਼ੇਟਿਵ ਤੇ ਨੈਗੇਟਿਵ ਰਿਪੋਰਟਾਂ ਅਪਲੋਡ ਕੀਤੀਆਂ ਜਾਣ ਅਤੇ ਇਸ ਤੋਂ ਇਲਾਵਾ ਸੰਬੰਧਤ ਜ਼ਿਲ੍ਹਾ ਤੇ ਸੂਬਾ ਪੱਧਰ ਦੇ ਕੋਵਿਡ-19 ਸੈੱਲ ਨੂੰ ਟੈਸਟਾਂ ਬਾਰੇ ਮੁਕੰਮਲ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਉਨ੍ਹਾ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਦੀ ਕੋਵਿਡ-19 ਦੀ ਦੂਜੀ ਖੁਰਾਕ ਅਤੇ ਇਹਤਿਆਤੀ ਖੁਰਾਕ ਲਗਵਾਉਣ ਤੋਂ ਰਹਿੰਦੀ ਹੈ, ਉਨ੍ਹਾਂ ਨੂੰ ਛੇਤੀ ਤੋਂ ਛੇਤੀ ਇਹ ਖੁਰਾਕ ਲੈ ਲੈਣੀ ਚਾਹੀਦੀ ਹੈ। ਉਹਨਾ ਅਧਿਕਾਰੀਆਂ ਨੂੰ ਆਖਿਆ ਕਿ ਇਸ ਸੰਬੰਧ ਵਿਚ ਸਰਕਾਰ ਦੇ ਫੈਸਲੇ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਅਤੇ ਇਸ ਦਾ ਅਮਲ ਕਰਵਾਇਆ ਜਾਵੇ।

ਮੁੱਖ ਮੰਤਰੀ ਨੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਕੀਤੇ ਜਾ ਰਹੇ ਕੰਮਾਂ ਉਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਹੁਣ ਤੱਕ 2 ਕਰੋੜ 10 ਲੱਖ 80 ਹਜ਼ਾਰ ਸੈਂਪਲ ਲਏ ਜਾ ਚੁੱਕੇ ਹਨ ਅਤੇ ਔਸਤਨ ਰੋਜ਼ਾਨਾ 2500 ਆਰ ਟੀ-ਪੀ ਸੀ ਆਰ ਅਤੇ ਆਰ ਏ ਟੀ ਟੈਸਟ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਹਰੇਕ ਸਬ-ਡਵੀਜ਼ਨਲ ਹਸਪਤਾਲ ਵਿੱਚ ਇਹ ਟੈਸਟ ਹਰੇਕ ਸਨਿੱਚਰਵਾਰ ਤੇ ਐਤਵਾਰ ਨੂੰ ਵੀ ਕੀਤੇ ਜਾਂਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਪਿਛਲੇ ਤਿੰਨ ਹਫਤਿਆਂ ਦੌਰਾਨ ਕੋਰੋਨਾ ਦੀ ਪਾਜ਼ੇਟੀਵਿਟੀ ਦਰ 0.02 ਫੀਸਦੀ ਰਹੀ ਅਤੇ ਪਿਛਲੇ ਦੋ ਮਹੀਨਿਆਂ ਤੋਂ ਪਾਜ਼ੇਟੀਵਿਟੀ ਦਰ 0.1 ਫੀਸਦੀ ਤੋਂ ਵੀ ਘੱਟ ਰਹੀ ਹੈ। ਉਹਨਾ ਕਿਹਾ ਕਿ ਬੱਚਿਆਂ ਲਈ ਆਕਸੀਜਨ ਦੀ ਵਿਵਸਥਾ ਵਾਲੇ ਰਾਖਵੇਂ ਲੈਵਲ-2 ਬੈੱਡਾਂ ਦੀ ਗਿਣਤੀ 790 ਹੈ ਅਤੇ ਲੋੜ ਪੈਣ ਉਤੇ ਬੱਚਿਆਂ ਲਈ 324 ਆਈ ਸੀ ਯੂ ਬੈੱਡ ਵੀ ਉਪਲੱਬਧ ਕਰਵਾਏ ਜਾਣਗੇ। ਉਨ੍ਹਾ ਕਿਹਾ ਕਿ ਲੋੜ ਪੈਣ ਉਤੇ 3518 ਹੋਰ ਲੈਵਲ-2 ਅਤੇ 142 ਹੋਰ ਆਈ ਸੀ ਯੂ ਬੈੱਡ ਮੁਹੱਈਆ ਕੀਤੇ ਜਾਣਗੇ। ਜ਼ਰੂਰਤ ਹੋਣ ਉਤੇ 14701 ਲੈਵਲ-2 ਅਤੇ 3132 ਲੈਵਲ-3 ਬੈੱਡ ਉਪਲੱਬਧ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ 23 ਲਿਕੁਅਡ ਮੈਡੀਕਲ ਆਕਸੀਜਨ (ਐੱਲ ਐੱਮ ਓ) ਸਟੋਰੇਜ ਟੈਂਕ (ਐੱਮ ਜੀ ਪੀ ਐੱਸ ਸਮੇਤ) ਲਗਾ ਦਿੱਤੇ ਗਏ ਹਨ ਅਤੇ 87 ਪ੍ਰੈਸ਼ਰ ਸਵਿੰਗ ਅਬਸੌਰਪਸ਼ਨ ਪਲਾਂਟ ਕੰਮ ਕਰ ਰਹੇ ਹਨ। ਸਾਰੇ ਹਸਪਤਾਲਾਂ ਵਿੱਚ ਸਰਦੀ-ਜ਼ੁਕਾਮ, ਬਿਮਾਰੀ, ਸਾਹ ਲੈਣ ਵਿੱਚ ਦਿੱਕਤ ਅਤੇ ਲਾਗ ਤੋਂ ਪੀੜਤ ਮਰੀਜ਼ਾਂ ਦੀ ਟੈਸਟਿੰਗ ਵਧਾਉਣ ਲਈ ਅਧਿਕਾਰੀਆਂ ਨੂੰ ਕਿਹਾ ਗਿਆ ਹੈ। ਅਧਿਕਾਰੀਆਂ ਨੂੰ ਕੋਵਿਡ ਪਾਜ਼ੇਟਿਵ ਆਉਣ ਵਾਲੇ ਸਾਰੇ ਮਰੀਜ਼ਾਂ ਦੀ ਸਮੁੱਚੀ ਜੀਨੋਮ ਸਿਕੁਐਂਸਿੰਗ (ਕੋਰੋਨਾ ਦੇ ਵਿਸ਼ਾਣੂ ਦੀ ਉਤਪਤੀ) ਦਾ ਪਤਾ ਲਾਉਣਾ ਵੀ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾ ਇਸ ਗੱਲ ਉਤੇ ਸੰਤੁਸ਼ਟੀ ਪ੍ਰਗਟ ਕੀਤੀ ਕਿ ਹੁਣ ਤੱਕ 98 ਫੀਸਦੀ ਤੋਂ ਵੱਧ ਆਬਾਦੀ ਨੂੰ ਕੋਵਿਡ-19 ਦੀ ਪਹਿਲੀ ਖੁਰਾਕ ਦਿੱਤੀ ਜਾ ਚੁੱਕੀ ਹੈ ਅਤੇ 86 ਫੀਸਦੀ ਆਬਾਦੀ ਦੇ ਦੂਜੀ ਖੁਰਾਕ ਵੀ ਲੱਗ ਚੁੱਕੀ ਹੈ, ਪਰ ਉਨ੍ਹਾ ਫਿਰ ਵੀ ਲੋਕਾਂ ਨੂੰ ਕਿਹਾ ਕਿ ਸਾਨੂੰ ਨਵੀਂ ਲਹਿਰ ਦੇ ਫੈਲਾਅ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਰਹਿਣਾ ਚਾਹੀਦਾ ਹੈ।

ਬੰਬ ਸਾਈਕਲੋਨ

ਅਮਰੀਕਾ 'ਚ ਕ੍ਰਿਸਮਸ ਤੋਂ ਠੀਕ ਪਹਿਲਾਂ ਬੰਬ ਸਾਈਕਲੋਨ ਨੇ ਦਸਤਕ ਦਿੱਤੀ ਹੈ। ਤੂਫਾਨ ਦੇ ਖ਼ਤਰੇ ਨੂੰ ਦੇਖਦੇ ਹੋਏ ਵੀਰਵਾਰ ਅਤੇ ਸ਼ੁੱਕਰਵਾਰ ਨੂੰ 4 ਹਜ਼ਾਰ ਤੋਂ ਜ਼ਿਆਦਾ ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ। ਇਸ ਨਾਲ ਲੱਖਾਂ ਲੋਕ ਪ੍ਰਭਾਵਤ ਹੋਏ ਹਨ। ਇਸ ਦੌਰਾਨ ਸ਼ਿਕਾਗੋ ਦੇ ਨੇੜੇ ਦੇ ਇਲਾਕਿਆਂ ਦਾ ਤਾਪਮਾਨ-13 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ। ਮਿਨੇਪੋਲਿਸ ਅਤੇ ਸੇਂਟ ਪਾਲ ਸ਼ਹਿਰ 'ਚ 8 ਇੰਚ ਤੋਂ ਜ਼ਿਆਦਾ ਮੋਟੀ ਬਰਫ਼ ਦੀ ਚਾਦਰ ਵਿਛ ਗਈ। ਤੂਫਾਨ ਦਾ ਅਸਰ ਕੈਨੇਡਾ 'ਚ ਵੀ ਦੇਖਿਆ ਗਿਆ ਹੈ। ਅਮਰੀਕਾ ਦੀ ਕਰੀਬ 60 ਫੀਸਦੀ ਅਬਾਦੀ ਕੜਾਕੇ ਦੀ ਠੰਢ ਦੀ ਲਪੇਟ 'ਚ ਹੈ। ਤੂਫ਼ਾਨ ਅਮਰੀਕੀ ਤੱਟ ਤੋਂ ਲੈ ਕੇ ਪ੍ਰਸ਼ਾਂਤ ਦੇ ਪੱਛਮ-ਉਤਰ ਤੱਟ ਤੱਕ ਜਾਰੀ ਹੈ। ਅਮਰੀਕੀ ਪ੍ਰਸ਼ਾਸਨ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ ਤਾਪਮਾਨ ਮਾਇਨਸ 40 ਡਿਗਰੀ ਤੱਕ ਡਿੱਗ ਸਕਦਾ ਹੈ।

ਇੰਟਰਾਨੇਜ਼ਲ ਕੋਵਿਡ ਵੈਕਸੀਨ ਨੂੰ ਮਨਜ਼ੂਰੀ

ਨਵੀਂ ਦਿੱਲੀ : ਸਰਕਾਰ ਨੇ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ 'ਬੂਸਟਰ' ਖੁਰਾਕ ਵਜੋਂ ਵਰਤਣ ਲਈ ਭਾਰਤ ਬਾਇਓਟੈੱਕ ਦੀ ਇੰਟਰਾਨੇਜ਼ਲ ਕੋਵਿਡ ਵੈਕਸੀਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਦੁਨੀਆ ਦੀ ਅਜਿਹੀ ਪਹਿਲੀ ਵੈਕਸੀਨ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਵੈਕਸੀਨ ਨਿੱਜੀ ਕੇਂਦਰਾਂ 'ਤੇ ਮਾਮੂਲੀ ਕੀਮਤ 'ਤੇ ਉਪਲੱਬਧ ਹੋਵੇਗੀ।

ਸੁੱਕੀ ਠੰਢ ਨੇ ਘੇਰਿਆ

ਨਵੀਂ ਦਿੱਲੀ : ਹਾਲੇ ਤੱਕ ਮੀਂਹ ਨਾ ਪੈਣ ਕਾਰਨ ਉੱਤਰੀ ਭਾਰਤ ਦੇ ਮੈਦਾਨੀ ਖੇਤਰਾਂ 'ਚ ਪ੍ਰਦੂਸ਼ਣ ਦਾ ਪੱਧਰ ਵਧ ਗਿਆ ਹੈ ਤੇ ਸੁੱਕੀ ਠੰਢ ਨੇ ਲੋਕਾਂ ਨੂੰ ਬਿਮਾਰੀਆਂ ਨਾਲ ਘੇਰ ਲਿਆ ਹੈ। ਪੰਜਾਬ ਅਤੇ ਹਰਿਆਣਾ 'ਚ ਪਰਾਲੀ ਸਾੜਨ ਦਾ ਸੀਜ਼ਨ ਖਤਮ ਹੋਣ ਦੇ ਬਾਵਜੂਦ ਹਵਾ ਗੁਣਵੱਤਾ ਸੂਚਕ ਅੰਕ ਖਰਾਬ ਤੇ ਬੇਹੱਦ ਖਰਾਬ ਹੈ। ਮਾਹਰਾਂ ਅਨੁਸਾਰ ਆਮ ਤੌਰ 'ਤੇ ਸਾਲ ਦੇ ਇਸ ਸਮੇਂ ਤੱਕ ਮੈਦਾਨੀ ਖੇਤਰ 'ਚ ਮੀਂਹ ਅਤੇ ਪਹਾੜਾਂ 'ਤੇ ਬਰਫਬਾਰੀ ਘੱਟੋ-ਘੱਟ ਦੋ ਵਾਰ ਹੋ ਜਾਂਦੀ ਹੈ, ਪਰ ਹਾਲੇ ਤੱਕ ਅਜਿਹਾ ਕੁਝ ਵੀ ਨਹੀਂ ਹੋਇਆ।

ਸ਼ਰਾਬ ਫੈਕਟਰੀ ਬੰਦ ਹੋਣੀ ਚਾਹੀਦੀ : ਬਰਾੜ

ਜਲੰਧਰ : ਸੀ ਪੀ ਆਈ ਪੰਜਾਬ ਤੇ ਚੰਡੀਗੜ੍ਹ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਹੈ ਕਿ ਸਰਕਾਰ ਨੂੰ ਸਾਰੀਆਂ ਅਖਬਾਰਾਂ ਨੂੰ ਇਸ਼ਤਿਹਾਰ ਦੇਣੇ ਚਾਹੀਦੇ ਹਨ। ਨਾਲ ਹੀ ਉਨ੍ਹਾ ਕਿਹਾ ਕਿ ਜ਼ੀਰਾ ਦੇ ਇਲਾਕਾ ਨਿਵਾਸੀ ਜ਼ੀਰਾ ਸ਼ਰਾਬ ਦੀ ਫੈਕਟਰੀ ਬੰਦ ਕਰਾਉਣ ਵਾਸਤੇ ਸੰਘਰਸ਼ ਵਿੱਚ ਹਨ, ਪਰ ਪੰਜਾਬ ਸਰਕਾਰ ਫੈਕਟਰੀ ਮਾਲਕਾਂ ਦੇ ਹੱਕ ਵਿੱਚ ਭੁਗਤ ਰਹੀ ਹੈ ਅਤੇ ਸੰਘਰਸ਼ ਕਰਨ ਵਾਲਿਆਂ 'ਤੇ ਜਬਰ ਢਾਹ ਰਹੀ ਹੈ। ਸਹੀ ਅਰਥਾਂ ਵਿੱਚ ਸ਼ਰਾਬ ਦੀ ਫੈਕਟਰੀ ਬੰਦ ਹੋਣੀ ਚਾਹੀਦੀ ਹੈ।

ਟਰੰਪ ਦੀ ਸਾਜ਼ਿਸ਼ ਵੱਡੀ ਸੀ

ਵਾਸ਼ਿੰਗਟਨ : ਅਮਰੀਕੀ ਸੰਸਦ ਕੰਪਲੈਕਸ (ਕੈਪੀਟਲ ਹਿੱਲ) 'ਤੇ 2021 ਦੇ ਹਮਲੇ ਦੀ ਜਾਂਚ ਕਰ ਰਹੀ 'ਹਾਊਸ 6 ਜਨਵਰੀ ਕਮੇਟੀ' ਨੇ ਆਪਣੀ ਅੰਤਮ ਰਿਪੋਰਟ 'ਚ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਜਾਇਜ਼ ਨਤੀਜਿਆਂ ਨੂੰ ਅਪਰਾਧਕ ਢੰਗ ਨਾਲ ਉਲਟਾਉਣ ਦੀ ਵਿਆਪਕ ਸਾਜ਼ਿਸ਼ ਕੀਤੀ ਤੇ ਆਪਣੇ ਸਮਰਥਕਾਂ ਨੂੰ ਕੈਪੀਟਲ 'ਤੇ ਹਮਲਾ ਕਰਨ ਤੋਂ ਰੋਕਣ 'ਚ ਅਸਫਲ ਰਹੇ। ਕਮੇਟੀ ਨੇ ਟਰੰਪ ਦੀਆਂ ਸਰਗਰਮੀਆਂ ਅਤੇ ਕਰੀਬ ਦੋ ਸਾਲ ਪਹਿਲਾਂ ਹੋਈ ਹਿੰਸਕ ਬਗਾਵਤ ਦੀ 18 ਮਹੀਨਿਆਂ ਦੀ ਜਾਂਚ ਤੋਂ ਬਾਅਦ ਇਹ ਰਿਪੋਰਟ ਪੇਸ਼ ਕੀਤੀ ਹੈ। 814 ਪੰਨਿਆਂ ਦੀ ਇਹ ਰਿਪੋਰਟ ਵੀਰਵਾਰ ਨੂੰ ਜਾਰੀ ਕੀਤੀ ਗਈ।

ਆਰਥਕ ਵਿਕਾਸ ਬੇਹੱਦ ਨਾਜ਼ੁਕ ਸਥਿਤੀ 'ਚ

ਮੁੰਬਈ : ਭਾਰਤੀ ਰਿਜ਼ਰਵ ਬੈਂਕ ਦੀ ਮੁਦਰਾ ਨੀਤੀ ਕਮੇਟੀ ਦੇ ਮੈਂਬਰ ਜਯੰਤ ਆਰ ਵਰਮਾ ਦਾ ਮੰਨਣਾ ਹੈ ਕਿ ਭਾਰਤ ਦਾ ਆਰਥਕ ਵਿਕਾਸ ਬੇਹੱਦ ਨਾਜ਼ੁਕ ਸਥਿਤੀ 'ਚ ਹੈ ਅਤੇ ਇਸ ਨੂੰ ਹੁਣ ਪੂਰੀ ਸਹਾਇਤਾ ਦੀ ਲੋੜ ਹੈ। ਵਰਮਾ ਨੇ ਦੱਸਿਆ ਕਿ ਨਿੱਜੀ ਖਪਤ ਤੇ ਪੂੰਜੀ ਨਿਵੇਸ਼ ਨੇ ਹਾਲੇ ਤੱਕ ਰਫਤਾਰ ਨਹੀਂ ਫੜੀ।

ਇਸ ਕਾਰਨ ਆਰਥਕ ਵਿਕਾਸ ਦਰ ਕਮਜ਼ੋਰ ਹੈ। ਉਨ੍ਹਾ ਖਦਸ਼ਾ ਪ੍ਰਗਟਾਇਆ ਕਿ ਜੇ ਇਹੀ ਹਾਲਾਤ ਰਹੇ ਤਾਂ ਭਾਰਤ ਦੀ ਅਰਥ ਵਿਵਸਥਾ ਆਪਣੀ ਆਸ ਅਤੇ ਲੋੜ ਮੁਤਾਬਕ ਵਿਕਾਸ ਦਰ ਦਰਜ ਨਹੀਂ ਕਰ ਸਕੇਗੀ।

ਮੂਸੇਵਾਲਾ ਦੀ ਹਵੇਲੀ ਉਦਾਲੇ ਡੇਢ ਸੌ ਜਵਾਨ ਤਾਇਨਾਤ

ਮਾਨਸਾ : ਗੈਂਗਸਟਰਾਂ ਤੋਂ ਖਤਰੇ ਦੇ ਮੱਦੇਨਜ਼ਰ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਹਵੇਲੀ ਦੇ ਆਲੇ-ਦੁਆਲੇ 150 ਦੇ ਕਰੀਬ ਜਵਾਨ ਤਾਇਨਾਤ ਕਰ ਦਿੱਤੇ ਹਨ। ਪਿੰਡ ਮੂਸਾ ਨੂੰ ਜਾਂਦੇ ਸਾਰੇ ਰਸਤਿਆਂ ਉਤੇ ਆਧੁਨਿਕ ਹਥਿਆਰਾਂ ਸਮੇਤ ਫੋਰਸ ਦੀ ਸਖਤ ਪਹਿਰੇਦਾਰੀ ਕੀਤੀ ਗਈ ਹੈ ਤੇ ਪੂਰੀ ਤਲਾਸ਼ੀ ਤੋਂ ਬਾਅਦ ਹੀ ਰਾਹਗੀਰਾਂ ਨੂੰ ਅੱਗੇ ਜਾਣ ਦਿੱਤਾ ਜਾ ਰਿਹਾ ਹੈ। ਮੂਸੇਵਾਲਾ ਦੇ ਪਰਵਾਰ ਨੂੰ ਹਵੇਲੀ ਅੰਦਰ ਹੀ ਰਹਿਣ ਲਈ ਕਿਹਾ ਗਿਆ ਹੈ।

ਸ਼ੈਲੀ ਓਬਰਾਏ ਬਣੇਗੀ ਮੇਅਰ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਨੇ ਪੂਰਬੀ ਪਟੇਲ ਨਗਰ (ਵਾਰਡ 86) ਤੋਂ ਜਿੱਤੀ ਸ਼ੈਲੀ ਓਬਰਾਏ ਨੂੰ ਦਿੱਲੀ ਨਗਰ ਨਿਗਮ ਦੇ ਮੇਅਰ ਲਈ ਉਮੀਦਵਾਰ ਬਣਾਇਆ ਹੈ। ਮੇਅਰ ਦਾ ਅਹੁਦਾ ਪਹਿਲੇ ਸਾਲ ਲਈ ਮਹਿਲਾ ਉਮੀਦਵਾਰ ਲਈ ਰਾਖਵਾਂ ਹੈ। ਪਾਰਟੀ ਨੇ ਮਟਿਆ ਮਹਿਲ ਤੋਂ ਕੌਂਸਲਰ ਆਲੇ ਮੁਹੰਮਦ ਇਕਬਾਲ ਨੂੰ ਡਿਪਟੀ ਮੇਅਰ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਹੈ। ਨਵੇਂ ਚੁਣੇ ਕੌਂਸਲਰਾਂ ਦੀ ਪਹਿਲੀ ਮੀਟਿੰਗ 6 ਜਨਵਰੀ ਨੂੰ ਹੋਵੇਗੀ। ਨਿਗਮ ਚੋਣਾਂ 'ਚ 'ਆਪ' ਨੇ 250 ਵਿੱਚੋਂ 134 ਸੀਟਾਂ ਜਿੱਤੀਆਂ ਸਨ। ਸ਼ੈਲੀ ਚੋਣ ਲੜਨ ਤੋਂ ਪਹਿਲਾਂ ਵਿਜ਼ਟਿੰਗ ਪ੍ਰੋਫੈਸਰ ਹੁੰਦੀ ਸੀ। ਇਕਬਾਲ ਦੂਜੀ ਵਾਰ ਕੌਂਸਲਰ ਚੁਣੇ ਗਏ ਹਨ। ਉਹ 'ਆਪ' ਵਿਧਾਇਕ ਸ਼ੋਏਬ ਇਕਬਾਲ ਦੇ ਬੇਟੇ ਹਨ।

ਇਮਰਾਨ ਦੀ ਸਾਬਕਾ ਪਤਨੀ ਨੇ ਤੀਜਾ ਵਿਆਹ ਕਰਵਾਇਆ

ਇਸਲਾਮਾਬਾਦ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ 49 ਸਾਲਾ ਸਾਬਕਾ ਪਤਨੀ ਰੇਹਮ ਖਾਨ ਨੇ ਐਲਾਨ ਕੀਤਾ ਹੈ ਕਿ ਉਸ ਨੇ ਅਮਰੀਕਾ 'ਚ 36 ਸਾਲ ਦੇ ਮਿਰਜ਼ਾ ਬਿਲਾਲ ਬੇਗ ਨਾਲ ਸਿਆਟਲ 'ਚ ਵਿਆਹ ਕਰ ਲਿਆ ਹੈ। ਦੋਹਾਂ ਦਾ ਇਹ ਤੀਜਾ ਵਿਆਹ ਹੈ। ਬੇਗ ਕਾਰਪੋਰੇਟ ਪ੍ਰੋਫੈਸ਼ਨਲ ਅਤੇ ਸਾਬਕਾ ਮਾਡਲ ਹੈ। ਰੇਹਮ ਨੇ ਕਿਹਾ ਕਿ ਆਖਰ ਉਸ ਨੂੰ ਉਹ ਬੰਦਾ ਮਿਲ ਗਿਆ, ਜਿਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ।

ਸੰਸਦ 'ਚ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਮੰਗ ਚੁੱਕੀ

■ ਰਾਘਵ ਚੱਢਾ ਨੇ ਉਪ ਰਾਸ਼ਟਰਪਤੀ ਨੂੰ ਸੌਂਪਿਆ ਮੰਗ ਪੱਤਰ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸੰਸਦ ਵਿੱਚ ਹਰ ਸਾਲ ਸ਼ਹੀਦੀ ਹਫਤੇ ਦੌਰਾਨ ਸਿੱਖ ਧਰਮ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਤੇ ਉਨ੍ਹਾਂ ਦੀ ਮਾਤਾ ਮਾਤਾ ਗੁਜਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਮੰਗ ਕੀਤੀ ਹੈ। ਚੱਢਾ ਨੇ ਸ਼ੁੱਕਰਵਾਰ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੂੰ ਇੱਕ ਮੰਗ ਪੱਤਰ ਸੌਂਪਿਆ। ਆਪਣੇ ਪੱਤਰ ਵਿੱਚ ਚੱਢਾ ਨੇ ਲਿਖਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਸਾਰ ਦੇ ਇਤਿਹਾਸ ਵਿੱਚ ਸਭ ਤੋਂ ਦਰਦਨਾਕ ਅਤੇ ਦਿਲ ਪਸੀਜ ਦੇਣ ਵਾਲੀ ਘਟਨਾ ਹੈ। ਇੱਕ ਪਾਸੇ ਇਹ ਘਟਨਾ ਜ਼ੁਲਮ ਦੀ ਘਿਨਾਉਣੀ ਤਸਵੀਰ ਪੇਸ਼ ਕਰਦੀ ਹੈ, ਦੂਜੇ ਪਾਸੇ ਸਾਹਿਬਜ਼ਾਦਿਆਂ ਦੇ ਜੁਝਾਰੂਪਣ, ਬਹਾਦਰੀ ਅਤੇ ਸਿੱਖੀ ਸਿਦਕ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਜੰਗ ਵਿੱਚ ਲੜਕੇ ਸ਼ਹੀਦ ਹੋਏ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਹਕੂਮਤ ਨੇ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ।

ਮੈਥਿਲੀ ਸਰਨ ਗੁਪਤ ● ਬਾਕੀ ਸਫ਼ਾ 10 'ਤੇ

ਖਾਲਿਦ ਹਫਤੇ ਲਈ ਰਿਹਾਅ

ਨਵੀਂ ਦਿੱਲੀ : ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਨੂੰ ਆਪਣੀ ਭੈਣ ਦੇ ਵਿਆਹ 'ਚ ਸ਼ਾਮਲ ਹੋਣ ਲਈ 23 ਤੋਂ 30 ਦਸੰਬਰ ਤੱਕ ਲਈ ਅੰਤਰਮ ਜ਼ਮਾਨਤ ਮਿਲਣ ਤੋਂ ਬਾਅਦ ਸ਼ੁੱਕਰਵਾਰ ਤਿਹਾੜ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ।

ਸੈਮ ਦਾ ਮੁੱਲ ਸਵਾ 18 ਕਰੋੜ ਪਿਆ

ਕੋਚੀ : ਇੰਗਲੈਂਡ ਦਾ ਆਲਰਾਊਂਡਰ ਸੈਮ ਕਰੇਨ ਆਈ ਪੀ ਐੱਲ ਨਿਲਾਮੀ ਦੇ ਇਤਿਹਾਸ 'ਚ ਸਭ ਤੋਂ ਮਹਿੰਗਾ ਖਿਡਾਰੀ ਬਣ ਗਿਆ। ਉਸ ਨੂੰ ਪੰਜਾਬ ਕਿੰਗਜ਼ ਨੇ 18.25 ਕਰੋੜ ਰੁਪਏ 'ਚ ਖਰੀਦਿਆ। ਆਸਟਰੇਲੀਆ ਦੇ ਆਲਰਾਊਂਡਰ ਕੈਮਰਨ ਗ੍ਰੀਨ ਨੂੰ ਮੁੰਬਈ ਇੰਡੀਅਨਜ਼ ਨੇ 17.50 ਕਰੋੜ ਰੁਪਏ 'ਚ ਖਰੀਦਿਆ। ਇੰਗਲੈਂਡ ਦੇ ਆਲਰਾਊਂਡਰ ਅਤੇ ਟੈਸਟ ਕਪਤਾਨ ਬੇਨ ਸਟੋਕਸ ਨੂੰ ਚੇਨਈ ਸੁਪਰ ਕਿੰਗਜ਼ ਨੇ 16.25 ਕਰੋੜ ਰੁਪਏ 'ਚ ਖਰੀਦਿਆ।

ਨਜਾਇਜ਼ ਉਸਾਰੀਆਂ ਤੇ ਕਬਜ਼ਿਆਂ ਖਿਲਾਫ ਮੁਹਿੰਮ ਤੇਜ਼

ਚੰਡੀਗੜ੍ਹ : ਗ੍ਰੇਟਰ ਮੁਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ (ਗਮਾਡਾ) ਨੇ ਨਾਜਾਇਜ਼ ਉਸਾਰੀਆਂ ਵਿਰੁੱਧ ਵਿੱਢੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਇਹ ਮੁਹਿੰਮ ਪਿਛਲੇ ਮਹੀਨੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ਸੀ। ਸਥਾਨਕ ਵਿਧਾਇਕ ਕੁਲਵੰਤ ਸਿੰਘ ਅਤੇ ਜ਼ਿਲ੍ਹਾ ਅਧਿਕਾਰੀਆਂ ਨਾਲ 19 ਨਵੰਬਰ ਨੂੰ ਹੋਈ ਮੀਟਿੰਗ ਦੌਰਾਨ ਨਾਜਾਇਜ਼ ਉਸਾਰੀਆਂ ਅਤੇ ਕਬਜ਼ਿਆਂ ਦਾ ਮਾਮਲਾ ਮੰਤਰੀ ਦੇ ਧਿਆਨ 'ਚ ਲਿਆਂਦਾ ਗਿਆ ਸੀ। ਉਨ੍ਹਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਗਮਾਡਾ ਦੇ ਰੈਗੂਲੇਟਰੀ ਵਿੰਗ ਨੇ ਲੜੀਵਾਰ

ਮੁਹਿੰਮ ਚਲਾ ਕੇ ਵੱਖ-ਵੱਖ ਖੇਤਰਾਂ 'ਚ ਨਾਜਾਇਜ਼ ਉਸਾਰੀਆਂ ਢਾਹ ਦਿੱਤੀਆਂ ਹਨ। ਗਮਾਡਾ ਨੇ ਪਿੰਡ ਝਾਮਪੁਰ ਵਿਖੇ ਨੀਂਹ ਜਾਂ ਪਲਿੰਥ ਪੱਧਰ 'ਤੇ ਘੱਟੋ-ਘੱਟ 50 ਢਾਂਚੇ ਅਤੇ ਕੁਝ ਸੁਪਰਸਟਰੱਕਚਰ ਨੂੰ ਹਟਾਉਣ ਤੋਂ ਇਲਾਵਾ ਸੈਕਟਰ-87 'ਚ ਇੱਕ ਕਨਾਲ ਖੇਤਰ 'ਚ ਬਣੇ ਚਾਰ ਆਰਜ਼ੀ ਢਾਂਚੇ ਢਾਹੇ ਹਨ। ਬਲੌਂਗੀ ਵਿਖੇ ਸੁਪਰਸਟਰੱਕਚਰ ਵਾਲੇ ਚਾਰ ਅਣ-ਅਧਿਕਾਰਤ ਉਸਾਰੀ ਅਧੀਨ ਮਕਾਨਾਂ ਨੂੰ ਢਾਹਿਆ ਗਿਆ ਹੈ। ਇਸ ਦੇ ਨਾਲ ਹੀ ਤਿੰਨ ਏਕੜ 'ਚ ਬਣੇ 12 ਗੈਰ-ਕਾਨੂੰਨੀ ਸੂਰ ਫਾਰਮਾਂ ਅਤੇ ਪੋਲਟਰੀ ਫਾਰਮਾਂ ਨੂੰ ਵੀ ਹਟਾਇਆ ਗਿਆ ਹੈ।

ਅਰੋੜਾ ਨੇ ਕਿਹਾ ਕਿ ਸਰਕਾਰ ਸ਼ਹਿਰੀ ਖੇਤਰਾਂ 'ਚ ਅੱਤ-ਆਧੁਨਿਕ ਸਹੂਲਤਾਂ ਨਾਲ ਲੈਸ ਯੋਜਨਾਬੱਧ ਵਿਕਾਸ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਪਰ ਕਿਸੇ ਨੂੰ ਵੀ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਟਰੱਕ ਖੱਡ 'ਚ ਡਿੱਗਾ : 16 ਜਵਾਨਾਂ ਦੀ ਮੌਤ

ਗੰਗਟੋਕ : ਉੱਤਰੀ ਸਿੱਕਮ 'ਚ ਭਾਰਤ-ਚੀਨ ਸਰਹੱਦ ਦੇ ਨੇੜੇ ਫੌਜੀ ਟਰੱਕ ਦੇ ਖੱਡ 'ਚ ਡਿੱਗਣ ਕਾਰਨ 16 ਫੌਜੀਆਂ ਦੀ ਮੌਤ ਹੋ ਗਈ ਅਤੇ 4 ਜ਼ਖਮੀ ਹੋ ਗਏ। ਤਿੰਨ ਟਰੱਕਾਂ ਦਾ ਕਾਫਲਾ ਜਾ ਰਿਹਾ ਸੀ ਕਿ ਇਸ ਦੌਰਾਨ ਇਕ ਟਰੱਕ ਖੱਡ 'ਚ ਡਿੱਗ ਗਿਆ। ਹਾਦਸਾ ਸੂਬੇ ਦੀ ਰਾਜਧਾਨੀ ਗੰਗਟੋਕ ਤੋਂ 130 ਕਿਲੋਮੀਟਰ ਦੀ ਦੂਰੀ 'ਤੇ ਹੋਇਆ।

ਅੱਜ-ਨਾਮਾ

ਪੁੱਠੇ ਕੰਮਾਂ ਤੋਂ ਪਾਕਿ ਨਾ ਬਾਜ਼ ਆਇਆ,
ਕਰਦਾ ਹਮਲਾ ਡਰੋਨ ਨਾਲ ਨਿੱਤ ਮੀਆਂ।
ਹਮਲੇ ਦਰਜਨਾਂ ਕਰੇ ਪਿਆ ਦਿਨੇ-ਰਾਤੀਂ,
ਵਿਹਲਾ ਛੱਡੇ ਕੋਈ ਵਾਰ ਨਾ ਥਿੱਤ ਮੀਆਂ।
ਸਿੱਧੇ ਭੇੜ ਨਹੀਂ ਚਾਹੁੰਦੀਆਂ ਧਿਰਾਂ ਦੋਵੇਂ,
ਕਰਦਾ ਰੋਜ਼ ਪਿਆ ਨਵੀਂ ਘਤਿੱਤ ਮੀਆਂ।
ਭਲਾ ਭਾਰਤ ਦਾ ਉਨ੍ਹਾਂ ਕੀ ਚਿਤਵਣਾ ਈ,
ਆਪੋ ਵਿੱਚ ਜੋ ਬਣਨ ਨਹੀਂ ਮਿੱਤ ਮੀਆਂ।
ਕਰਦੇ ਰਹਿੰਦੇ ਸ਼ਰਾਰਤ ਆ ਰੋਜ਼ ਜਿਹੜੇ,
ਸਕਣੀ ਖੱਟੀ ਨਾ ਏਦਾਂ ਕੋਈ ਖੱਟ ਮੀਆਂ।
ਖਿਝਿਆ ਭਾਰਤ ਜੇ ਰੋਜ਼ ਦੀ ਕੌੜ ਖਾ ਕੇ,
ਸਹਿਣੀ ਔਖੀ ਫਿਰ ਮੋੜਵੀਂ ਸੱਟ ਮੀਆਂ।

-ਤੀਸ ਮਾਰ ਖਾਂ

ਉਦਯੋਗ ਪੱਖੀ ਮਾਹੌਲ ਸਦਕਾ ਨੌਂ ਮਹੀਨਿਆਂ 'ਚ 30,000 ਕਰੋੜ ਦਾ ਨਿਵੇਸ਼ ਹੋਇਆ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਕਿਹਾ ਕਿ ਉਦਯੋਗ ਪੱਖੀ ਮਾਹੌਲ ਅਤੇ ਕਾਰੋਬਾਰ ਨੂੰ ਸੁਖਾਲਾ ਕਰਨ ਦੀਆਂ ਨੀਤੀਆਂ ਸਦਕਾ ਪਿਛਲੇ 9 ਮਹੀਨਿਆਂ ਵਿਚ ਸੂਬੇ ਵਿਚ 30,000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ, ਜਿਸ ਨਾਲ ਹਜ਼ਾਰਾਂ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇੱਥੇ ਮਿਊਂਸਪਲ ਭਵਨ ਵਿਖੇ ਮਾਰਕਫੈੱਡ 'ਚ ਨਵੇਂ ਭਰਤੀ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਅਤੇ ਨਵੇਂ ਉਤਪਾਦਾਂ ਦੀ ਸ਼ੁਰੂਆਤ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਟਾਟਾ ਸਟੀਲ, ਵਰਬੀਓ, ਫਰੇਡਨਬਰਗ, ਸਨਾਥਨ ਟੈਕਸਟਾਈਲ ਵਰਗੇ ਵੱਡੇ ਉਦਯੋਗ ਘਰਾਣਿਆਂ ਨੇ ਸਾਡੀਆਂ ਉਦਯੋਗਿਕ ਨੀਤੀਆਂ ਵਿਚ ਵਿਸ਼ਵਾਸ ਪ੍ਰਗਟਾਉਂਦੇ ਹੋਏ ਨਿਵੇਸ਼ ਕਰਨ ਲਈ ਇਕਰਾਰਨਾਮੇ ਕੀਤੇ, ਜਿਸ ਨਾਲ ਸਾਡੇ ਨੌਜਵਾਨਾਂ ਨੂੰ ਨੌਕਰੀਆਂ ਹਾਸਲ ਹੋਣਗੀਆਂ। ਹਾਲ ਹੀ ਵਿਚ ਹੈਦਰਾਬਾਦ ਵਿਚ ਉਦਯੋਗਪਤੀਆਂ ਨਾਲ ਹੋਈਆਂ ਮੀਟਿੰਗਾਂ ਦਾ ਜ਼ਿਕਰ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਫੂਡ ਪ੍ਰੋਸੈਸਿੰਗ ਤੇ ਖੇਤੀਬਾੜੀ ਨਾਲ ਜੁੜੇ ਉਥੇ ਦੇ ਉੱਦਮੀਆਂ ਨੇ ਪੰਜਾਬ ਵਿਚ ਨਿਵੇਸ਼ ਲਈ ਦਿਲਚਸਪੀ ਦਿਖਾਈ ਹੈ, ਜਿਸ ਨਾਲ ਸੂਬੇ ਦੇ ਉਦਯੋਗਿਕ ਖੇਤਰ ਨੂੰ ਹੋਰ ਮਜ਼ਬੂਤੀ ਮਿਲੇਗੀ।

ਮਾਰਕਫੈੱਡ ਦੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਦਿੱਤੇ

ਮੁੱਖ ਮੰਤਰੀ ਨੇ ਕਿਹਾ, 'ਨੀਅਤਾਂ ਨੂੰ ਮੁਰਾਦਾਂ ਹੁੰਦੀਆਂ ਹਨ। ਹੁਣ ਉਦਯੋਗਪਤੀਆਂ ਨੂੰ ਸੂਬੇ ਵਿਚ ਨਿਵੇਸ਼ ਕਰਨ ਲਈ ਭ੍ਰਿਸ਼ਟਾਚਾਰੀ ਅਤੇ ਗੁੰਝਲਦਾਰ ਪ੍ਰਕਿਰਿਆ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਜਿਸ ਕਰਕੇ ਉਦਯੋਗਪਤੀ ਪੰਜਾਬ ਆ ਰਹੇ ਹਨ। ਅਸੀਂ ਰਿਸ਼ਵਤਖੋਰੀ ਬੰਦ ਕੀਤੀ, ਉਦਯੋਗ ਲਈ ਨਿਰਵਿਘਨ ਬਿਜਲੀ ਦੀ ਸਪਲਾਈ ਅਤੇ ਸੁਖਾਵਾਂ ਮਾਹੌਲ ਦਿੱਤਾ, ਜਿਸ ਕਰਕੇ ਸਾਡੀਆਂ ਕੋਸ਼ਿਸ਼ਾਂ ਨੂੰ ਬੂਰ ਪੈ ਰਿਹਾ ਹੈ। ਦੂਜੇ ਪਾਸੇ ਪਿਛਲੀਆਂ ਸਰਕਾਰਾਂ ਦੇ ਸਮੇਂ ਉਦਯੋਗ ਸਥਾਪਤ ਕਰਨ ਲਈ ਪਹਿਲਾਂ ਸਿਆਸੀ ਰਸੂਖ ਵਾਲੇ ਪਰਵਾਰਾਂ ਨਾਲ ਹਿੱਸਾ-ਪੱਤੀ ਤੈਅ ਕਰਨੀ ਪੈਂਦੀ ਸੀ, ਜਿਸ ਨਾਲ ਪੰਜਾਬ ਨੂੰ ਬਹੁਤ ਨੁਕਸਾਨ ਸਹਿਣਾ ਪਿਆ।' ਪੰਜਾਬ ਦਾ ਮਾਹੌਲ ਖਰਾਬ ਹੋਣ ਦਾ ਰੌਲਾ ਪਾਉਣ ਵਾਲੇ ਵਿਰੋਧੀਆਂ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂ ਕਦੇ ਸੰਸਦ ਵਿਚ ਜਾਂ ਜਨਤਕ ਸਮਾਗਮਾਂ ਵਿਚ ਉਨ੍ਹਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾ ਰਹੇ ਹਨ, ਕਿਉਂਕਿ ਉਨ੍ਹਾਂ ਪਿਛਲੀਆਂ ਸਰਕਾਰਾਂ ਦੇ ਸੂਬੇ ਨੂੰ ਲੁੱਟਣ ਵਾਲੇ ਮਨਸੂਬਿਆਂ ਦਾ ਪਰਦਾ ਫਾਸ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰਾਂ ਨੇ ਗੈਂਗਸਟਰਵਾਦ, ਰੇਤ ਮਾਫੀਆ, ਬੱਸ ਮਾਫੀਆ ਦੀ ਪੁਸ਼ਤਪੁਨਾਹੀ ਕੀਤੀ ਅਤੇ ਅਸੀਂ ਇਸ ਮਾਫੀਏ ਦਾ ਸਫਾਇਆ ਕਰਕੇ ਇਨ੍ਹਾਂ ਰਵਾਇਤੀ ਪਾਰਟੀਆਂ ਦੇ ਬੀਜੇ ਕੰਡੇ ਚੁਗ ਰਹੇ ਹਾਂ। ਮੁੱਖ ਮੰਤਰੀ ਨੇ ਕਿਹਾ ਕਿ 'ਯੋਗ ਨੌਜਵਾਨਾਂ ਨੂੰ ਰੁਜ਼ਗਾਰ' ਦੇਣ ਦੇ ਵਾਅਦੇ ਨੂੰ ਪੂਰਾ ਕਰਦੇ ਹੋਏ ਸੂਬਾ ਸਰਕਾਰ ਨੇ 9 ਮਹੀਨਿਆਂ ਵਿਚ 21404 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਦੇ ਦਿੱਤੇ ਹਨ ਅਤੇ ਹੋਰ ਵੀ ਭਰਤੀ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਇਹ ਸਾਰੀ ਭਰਤੀ ਪ੍ਰਕਿਰਿਆ ਨਿਰੋਲ ਮੈਰਿਟ ਆਧਾਰ ਉਤੇ ਕੀਤੀ ਗਈ ਹੈ। ਇਕ ਹੋਰ ਖੁਸ਼ੀ ਸਾਂਝੀ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਨਵੇਂ ਸਾਲ ਮੌਕੇ ਮਾਸਟਰ ਕਾਡਰ ਦੇ 3000 ਤੋਂ ਵੱਧ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡੇ ਜਾ ਰਹੇ ਹਨ, ਜਿਸ ਨਾਲ ਸਾਡੀ ਸਕੂਲ ਸਿੱਖਿਆ ਪ੍ਰਣਾਲੀ ਹੋਰ ਮਜ਼ਬੂਤ ਹੋਵੇਗੀ। ਉਨ੍ਹਾ ਦੱਸਿਆ ਕਿ ਪਹਿਲੀ ਵਾਰ ਹੋਇਆ ਹੈ ਕਿ ਪੁਲਸ ਵਿਭਾਗ ਵਿਚ ਹਰੇਕ ਸਾਲ 1800 ਕਾਂਸਟੇਬਲ ਅਤੇ 300 ਸਬ-ਇੰਸਪੈਕਟਰ ਭਰਤੀ ਕਰਨ ਦਾ ਇਤਿਹਾਸਕ ਫੈਸਲਾ ਲਿਆ ਗਿਆ ਅਤੇ ਪ੍ਰੀਖਿਆਵਾਂ ਦੀਆਂ ਤਰੀਕਾਂ ਵੀ ਤੈਅ ਕਰ ਦਿੱਤੀਆਂ ਗਈਆਂ ਹਨ, ਜਿਸ ਨਾਲ ਹੁਣ ਨੌਜਵਾਨਾਂ ਨੂੰ ਤਿਆਰੀ ਕਰਨ ਦਾ ਸਮਾਂ ਮਿਲੇਗਾ।

● ਬਾਕੀ ਸਫ਼ਾ 10 'ਤੇ

24-December-PAGE-4-2.qxd 12/23/2022 9:51 PM Page 1

ਨਵਾਂ ਜ਼ਮਾਨਾ

ਸ਼ਨੀਵਾਰ, 24 ਦਸੰਬਰ 2022

ਨਿਆਂਪਾਲਿਕਾ ਉੱਤੇ ਹਮਲੇ

ਨਰਿੰਦਰ ਮੋਦੀ ਸਰਕਾਰ ਨੇ ਪਿਛਲੇ ਅੱਠ ਸਾਲਾਂ ਦੇ ਰਾਜ ਦੌਰਾਨ ਸਭ ਲੋਕਤੰਤਰੀ ਸੰਸਥਾਵਾਂ ਉੱਤੇ ਕਬਜ਼ਾ ਕਰਨ ਦੀ ਮੁਹਿੰਮ ਚਲਾਈ ਹੋਈ ਹੈ। ਇਸ ਸਮੇਂ ਉਹ ਈ ਡੀ, ਸੀ ਬੀ ਆਈ, ਐੱਨ ਆਈ ਏ ਤੋਂ ਲੈ ਕੇ ਮੀਡੀਆ ਸੰਸਥਾਵਾਂ ਤੇ ਇਥੋਂ ਤੱਕ ਕਿ ਚੋਣ ਕਮਿਸ਼ਨ ਤੱਕ ਨੂੰ ਆਪਣੀ ਮੁੱਠੀ ਵਿੱਚ ਕਰ ਚੁੱਕੀ ਹੈ। ਰਾਜਪਾਲ, ਯੂਨੀਵਰਸਿਟੀਆਂ ਦੇ ਕੁਲਪਤੀਆਂ ਤੱਕ ਉਸ ਨੇ ਉਹ ਵਿਅਕਤੀ ਅਹੁਦਿਆਂ ਉੱਤੇ ਬਿਠਾਏ ਹਨ, ਜਿਹੜੇ ਸੰਘ ਦੀ ਵਿਚਾਰਧਾਰਾ ਦੇ ਪੈਰੋਕਾਰ ਹਨ। ਇਸ ਸਮੇਂ ਇੱਕੋ-ਇੱਕ ਨਿਆਂਪਾਲਿਕਾ ਹੀ ਬਚੀ ਹੈ, ਜਿਸ ਉੱਤੇ ਕਬਜ਼ੇ ਲਈ ਉਹ ਤਰਲੋਮੱਛੀ ਹੋ ਰਹੀ ਹੈ।

ਨਿਆਂਪਾਲਿਕਾ ਨੂੰ ਮੁੱਠੀ ਵਿੱਚ ਕਰਨ ਲਈ 2014 ਵਿੱਚ ਇਸ ਸਰਕਾਰ ਨੇ ਉਸ ਸਮੇਂ ਪਹਿਲਾ ਜਤਨ ਕੀਤਾ ਸੀ, ਜਦੋਂ ਜੱਜਾਂ ਦੀ ਨਿਯੁਕਤੀ ਲਈ 22 ਸਾਲਾਂ ਤੋਂ ਤੁਰੀ ਆ ਰਹੀ ਕਾਲੇਜੀਅਮ ਪ੍ਰਣਾਲੀ ਦੀ ਥਾਂ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ ਦਾ ਗਠਨ ਕਰਕੇ ਜੱਜਾਂ ਦੀ ਨਿਯੁਕਤੀ ਵਿੱਚ ਕਾਰਜਪਾਲਿਕਾ ਨੂੰ ਪ੍ਰਮੁੱਖ ਭੂਮਿਕਾ ਵਿੱਚ ਲੈ ਆਂਦਾ ਸੀ। ਸਰਕਾਰ ਦਾ ਇਹ ਜਤਨ ਸਫ਼ਲ ਨਾ ਹੋ ਸਕਿਆ, ਕਿਉਂਕਿ ਅਕਤੂਬਰ 2015 ਵਿੱਚ ਸੁਪਰੀਮ ਕੋਰਟ ਨੇ ਨਵੇਂ ਗਠਿਤ ਕਮਿਸ਼ਨ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਇਹ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਵਿਰੁੱਧ ਹੈ।

ਹੁਣ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਤੇ ਕਾਲੇਜੀਅਮ ਪ੍ਰਣਾਲੀ ਵਿਰੁੱਧ ਸਿਲਸਿਲੇਵਾਰ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਸਦਨ ਵਿੱਚ ਦਿੱਤੇ ਬਿਆਨ ਰਾਹੀਂ ਕਿਹਾ ਸੀ ਕਿ ਜੱਜਾਂ ਦੀ ਨਿਯੁਕਤੀ ਲਈ ਵਰਤਮਾਨ ਕਾਲੇਜੀਅਮ ਪ੍ਰਣਾਲੀ ਜਨਤਾ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਨਹੀਂ ਕਰਦੀ। ਇਸ ਦੀ ਥਾਂ ਸੰਸਦ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਸੁਪਰੀਮ ਕੋਰਟ ਨੇ 2015 ਵਿੱਚ ਰੱਦ ਕਰ ਦਿੱਤਾ ਸੀ। ਇਸ ਦੇ ਨਾਲ ਹੀ ਕੇਂਦਰੀ ਕਾਨੂੰਨ ਮੰਤਰੀ ਅਦਾਲਤਾਂ ਵਿੱਚ ਹੁੰਦੀਆਂ ਛੁੱਟੀਆਂ ਉਤੇ ਵੀ ਸਵਾਲ ਉਠਾ ਚੁੱਕੇ ਹਨ। ਉਨ੍ਹਾ ਸੁਪਰੀਮ ਕੋਰਟ ਨੂੰ ਸਲਾਹ ਦਿੰਦਿਆਂ ਇਥੋਂ ਤੱਕ ਕਹਿ ਦਿੱਤਾ ਕਿ ਸੁਪਰੀਮ ਕੋਰਟ ਨੂੰ ਜ਼ਮਾਨਤੀ ਕੇਸਾਂ ਤੇ ਬੇਤੁਕੀਆਂ ਜਨਹਿੱਤ ਪਟੀਸ਼ਨਾਂ ਉੱਤੇ ਸੁਣਵਾਈ ਨਹੀਂ ਕਰਨੀ ਚਾਹੀਦੀ। ਇਸ ਮੁਹਿੰਮ ਵਿੱਚ ਉਪ ਰਾਸ਼ਟਰਪਤੀ ਜਗਦੀਪ ਧਨਖੜ ਵੀ ਸ਼ਾਮਲ ਹੋ ਗਏ ਹਨ। ਜਗਦੀਪ ਧਨਖੜ ਨੇ ਬਤੌਰ ਰਾਜ ਸਭਾ ਚੇਅਰਮੈਨ ਆਪਣੇ ਪਹਿਲੇ ਸੰਸਦੀ ਭਾਸ਼ਣ ਦੌਰਾਨ ਸੁਪਰੀਮ ਕੋਰਟ ਉੱਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਇਹ ਹੈਰਾਨ ਕਰਨ ਵਾਲਾ ਹੈ ਕਿ ਸੁਪਰੀਮ ਕੋਰਟ ਨੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ ਨੂੰ ਰੱਦ ਕਰ ਦਿੱਤਾ ਸੀ। ਇਹ ਸੰਸਦੀ ਖੁਦਮੁਖਤਿਆਰੀ ਨਾਲ ਗੰਭੀਰ ਸਮਝੌਤਾ ਤੇ ਜਨਤਾ ਦੇ ਫਤਵੇ ਦਾ ਅਪਮਾਨ ਹੈ। ਧਨਖੜ ਦਾ ਇਹ ਬਿਆਨ ਕੋਈ ਪਹਿਲਾ ਨਹੀਂ ਸੀ। ਉਹ ਸੰਵਿਧਾਨ ਦਿਵਸ ਉੱਤੇ 26 ਨਵੰਬਰ ਤੇ ਫਿਰ 2 ਦਸੰਬਰ ਨੂੰ ਵੀ ਇਹੋ ਕੁਝ ਕਹਿ ਚੁੱਕੇ ਹਨ।

ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਬੀ ਲੋਕੁਰ ਨੇ ਕੇਂਦਰੀ ਕਾਨੂੰਨ ਮੰਤਰੀ ਦੇ ਬਿਆਨਾਂ ਬਾਰੇ ਕਿਹਾ ਹੈ ਕਿ ਇਹ ਬਿਆਨ ਹੈਰਾਨ ਕਰਨ ਵਾਲੇ ਹਨ। ਨਿਆਂਪਾਲਿਕਾ ਦੀ ਅਜ਼ਾਦੀ ਸੰਵਿਧਾਨ ਦੇ ਮੂਲ ਢਾਂਚੇ ਦਾ ਹਿੱਸਾ ਹੈ। ਇਹ ਲੋਕਤੰਤਰ ਦੀ ਬੁਨਿਆਦ ਹੈ। ਇਸ ਲਈ ਜੇਕਰ ਕਿਸੇ ਵੀ ਤਰ੍ਹਾਂ ਨਿਆਂਪਾਲਿਕਾ ਦੀ ਅਜ਼ਾਦੀ ਖੋਹਣ ਦਾ ਜਤਨ ਕੀਤਾ ਗਿਆ ਤਾਂ ਇਹ ਲੋਕਤੰਤਰ ਉਤੇ ਹਮਲਾ ਹੋਵੇਗਾ। ਕੇਂਦਰੀ ਕਾਨੂੰਨ ਮੰਤਰੀ ਦੇ ਜ਼ਮਾਨਤੀ ਕੇਸ ਤੇ ਜਨਹਿੱਤ ਪਟੀਸ਼ਨਾਂ ਨਾ ਸੁਣਨ ਦੀ ਨਸੀਹਤ ਬਾਰੇ ਜਸਟਿਸ ਲੋਕੁਰ ਨੇ ਕਿਹਾ ਕਿ ਕੀ ਕਾਨੂੰਨ ਮੰਤਰੀ ਚਾਹੁੰਦੇ ਹਨ ਕਿ ਹਰ ਕੋਈ ਜੇਲ੍ਹ ਵਿੱਚ ਰਹੇ ਤੇ ਸੁਪਰੀਮ ਕੋਰਟ ਜਨਹਿੱਤ ਦੇ ਕੰਮ ਨਾ ਕਰੇ।

ਇਸ ਤੋਂ ਪਹਿਲਾਂ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਕਪਿਲ ਸਿੱਬਲ ਨੇ ਕਿਹਾ ਸੀ ਕਿ ਇਸ ਸਮੇਂ ਸਾਰੀਆਂ ਸਰਵਜਨਕ ਸੰਸਥਾਵਾਂ ਉੱਤੇ ਮੌਜੂਦਾ ਸਰਕਾਰ ਦਾ ਕਬਜ਼ਾ ਹੈ। ਜੇਕਰ ਉਹ ਆਪਣੇ ਜੱਜ ਨਿਯੁਕਤ ਕਰਕੇ ਨਿਆਂਪਾਲਿਕਾ ਉੱਤੇ ਵੀ ਕਬਜ਼ਾ ਕਰ ਲੈਂਦੀ ਹੈ ਤਾਂ ਇਹ ਲੋਕਤੰਤਰ ਲਈ ਖ਼ਤਰਨਾਕ ਹੋਵੇਗਾ। ਉਨ੍ਹਾ ਕਿਹਾ ਕਿ ਮੌਜੂਦਾ ਸਰਕਾਰ ਕੋਲ ਏਨਾ ਬਹੁਮਤ ਹੈ ਕਿ ਉਹ ਸੋਚਦੀ ਹੈ ਕਿ ਉਹ ਕੁਝ ਵੀ ਕਰ ਸਕਦੀ ਹੈ। ਉਨ੍ਹਾ ਕਿਹਾ ਕਿ ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਵਿਰੋਧ ਕਰਨਾ ਚਾਹੀਦਾ ਹੈ, ਕਿਉਂਕਿ ਅਦਾਲਤਾਂ ਲੋਕਤੰਤਰ ਦਾ ਅੰਤਮ ਕਿਲ੍ਹਾ ਹਨ, ਜੇਕਰ ਉਹ ਵੀ ਡਿਗ ਪੈਂਦਾ ਹੈ ਤਾਂ ਕੋਈ ਉਮੀਦ ਨਹੀਂ ਬਚੇਗੀ।

ਇਸੇ ਦੌਰਾਨ ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਵੀ ਕਿਹਾ ਹੈ ਕਿ ਮੋਦੀ ਸਰਕਾਰ ਯੋਜਨਾਬੱਧ ਢੰਗ ਨਾਲ ਨਿਆਂਪਾਲਿਕਾ ਨੂੰ ਕਮਜ਼ੋਰ ਕਰਨ ਦਾ ਜਤਨ ਕਰ ਰਹੀ ਹੈ, ਜੋ ਬਹੁਤ ਹੀ ਪ੍ਰੇਸ਼ਾਨ ਕਰਨ ਵਾਲਾ ਹੈ। ਸੰਸਦੀ ਦਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੋਨੀਆ ਗਾਂਧੀ ਨੇ ਕਿਹਾ ਕਿ ਸਰਕਾਰ ਵੱਲੋਂ ਆਪਣੇ ਮੰਤਰੀਆਂ ਤੇ ਸੰਵਿਧਾਨਕ ਅਹੁਦਿਆਂ ਉੱਤੇ ਬੈਠੇ ਵਿਅਕਤੀਆਂ ਨੂੰ ਨਿਆਂਪਾਲਿਕਾ ਉੱਤੇ ਹਮਲੇ ਕਰਨ ਲਈ ਕਿਹਾ ਗਿਆ ਹੈ। ਇਹ ਸਪੱਸ਼ਟ ਹੈ ਕਿ ਇਸ ਪਿੱਛੇ ਕਿਸੇ ਸੁਧਾਰ ਦੀ ਮਨਸ਼ਾ ਨਹੀਂ, ਸਗੋਂ ਜਨਤਾ ਦੀ ਨਜ਼ਰ ਵਿੱਚ ਨਿਆਂਪਾਲਿਕਾ ਦੀ ਛਵੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਹੈ। ਇਹ ਸਾਰਾ ਘਟਨਾਕ੍ਰਮ ਮੰਗ ਕਰਦਾ ਹੈ ਕਿ ਸਰਕਾਰ ਦੀ ਲੋਕਤੰਤਰ ਨੂੰ ਕਮਜ਼ੋਰ ਕਰਨ ਦੀ ਇਸ ਕੋਸ਼ਿਸ਼ ਦਾ ਹਰ ਪੱਧਰ ਉੱਤੇ ਵਿਰੋਧ ਕੀਤਾ ਜਾਵੇ।

-ਚੰਦ ਫਤਿਹਪੁਰੀ

ਮੁਦਰਾ, ਮਹਿੰਗਾਈ, ਵਿਆਜ ਅਤੇ ਵਿਕਾਸ

ਜਗਦੇਵ ਸ਼ਰਮਾ

ਅਰਥ ਸ਼ਾਸਤਰ ਦੇ ਲੱਗਭੱਗ ਸਾਰੇ ਵਿਦਿਆਰਥੀ ਉਪਰੋਕਤ ਚਾਰੋਂ ਸ਼ਬਦਾਂ ਤੋਂ ਭਲੀ-ਭਾਂਤ ਜਾਣੂ ਹੁੰਦੇ ਹਨ । ਇਹ ਚਾਰੋਂ ਆਪਸ ਵਿੱਚ ਕਿਸ ਤਰ੍ਹਾਂ ਇੱਕ-ਦੂਜੇ ਨਾਲ ਜੁੜੇ ਹੋਏ ਹੁੰਦੇ ਹਨ, ਵੀ ਅਰਥ ਸ਼ਾਸਤਰ ਦੇ ਵਿਦਿਆਰਥੀਆਂ ਦੀ ਰੁਚੀ ਦਾ ਵਿਸ਼ਾ ਹੁੰਦਾ ਹੈ । ਕਿਸੇ ਦੇਸ਼ ਦੀ ਆਰਥਿਕਤਾ ਨੂੰ ਇਹ ਚਾਰੋਂ ਕਿਵੇਂ, ਕਿਉਂ ਅਤੇ ਕਦੋਂ ਪ੍ਰਭਾਵਤ ਕਰਦੇ ਹਨ, ਸਮਝਣ ਵਾਲੀ ਗੱਲ ਹੈ । ਅਰਥ ਸ਼ਾਸਤਰ ਦੇ ਵਿਸ਼ੇ ਤੋਂ ਅਨਜਾਣ ਵਿਅਕਤੀ ਵੀ ਇਹ ਜਾਨਣ ਦਾ ਇੱਛੁਕ ਜ਼ਰੂਰ ਹੋਵੇਗਾ ਕਿ ਮਹਿੰਗਾਈ ਕਿਉਂ ਅਤੇ ਕਿਵੇਂ ਵਧਦੀ-ਘਟਦੀ ਰਹਿੰਦੀ ਹੈ ਅਤੇ ਇਸ ਨੂੰ ਰੋਕਣ ਲਈ ਸਰਕਾਰ ਕੀ ਕਰਦੀ ਹੈ । ਬਿਨਾਂ ਸ਼ੱਕ ਵਿਸ਼ਾ ਰੁੱਖਾ ਹੈ, ਪਰ ਮੈਂ ਕੋਸ਼ਿਸ਼ ਕਰਾਂਗਾ ਕਿ ਆਮ ਪਾਠਕ ਲਈ ਰੌਚਕ ਅਤੇ ਆਸਾਨੀ ਨਾਲ ਸਮਝ ਆਉਣ ਵਾਲਾ ਬਣਾ ਕੇ ਪੇਸ਼ ਕਰ ਸਕਾਂ ।

ਜਦੋਂ ਮੈਂ ਸੱਤਵੀਂ-ਅੱਠਵੀਂ ਦਾ ਵਿਦਿਆਰਥੀ ਹੋਇਆ ਕਰਦਾ ਸਾਂ, ਉਦੋਂ ਤੱਕ ਰੁਪਈਏ, ਪੈਸੇ ਦੀ ਕੀਮਤ ਸਮਝ ਆ ਗਈ ਸੀ । ਇਹ ਵੀ ਪਤਾ ਲੱਗ ਗਿਆ ਸੀ ਕਿ ਸਰਕਾਰ ਨੇ ਰੁਪਏ ਛਾਪਣ ਵਾਲੀਆਂ ਮਸ਼ੀਨਾਂ ਲਾ ਰੱਖੀਆਂ ਹਨ। ਬਾਲ ਬੁੱਧੀ ਸਮਝਦੀ ਸੀ ਕਿ ਜਦੋਂ ਸਰਕਾਰ ਨੂੰ ਜਾਂ ਵੱਡੇ ਬੰਦਿਆਂ ਨੂੰ ਪੈਸਿਆਂ ਦੀ ਘਾਟ ਮਹਿਸੂਸ ਹੋਣ ਲੱਗਦੀ ਹੈ, ਉਹ ਜਿੰਨੇ ਜੀਅ ਆਵੇ, ਰੁਪਈਏ ਛਾਪ ਲੈਂਦੇ ਹੋਣਗੇ। ਇਹ ਤਾਂ ਕਾਫੀ ਬਾਅਦ ਵਿੱਚ ਜਾ ਕੇ ਪਤਾ ਲੱਗਿਆ ਕਿ ਅਜਿਹੀ ਗੱਲ ਨਹੀਂ ਹੈ। ਇੱਥੋਂ ਤੱਕ ਕਿ ਇੱਕ ਰੁਪਈਆ ਛਾਪਣ ਲਈ ਵੀ ਕੁੱਝ ਜ਼ਰੂਰੀ ਨਿਯਮਾਂ ਦੀ ਪਾਲਣਾ ਕਰਨੀ ਹੁੰਦੀ ਹੈ । ਆਮ ਆਦਮੀ ਲਈ ਅਤੇ ਸਰਕਾਰ ਲਈ ਵੀ ਪੈਸੇ ਦੀ ਜ਼ਰੂਰਤ ਬਰਾਬਰ ਬਣੀ ਰਹਿੰਦੀ ਹੈ ।

ਬਾਜ਼ਾਰ ਵਿੱਚ ਕਿਸੇ ਵਸਤੂ ਦੀ ਕੀਮਤ ਉਸ ਦੀ ਉਪਲਬੱਧਤਾ ਅਤੇ ਮੰਗ ਉੱਪਰ ਤਾਂ ਨਿਰਭਰ ਕਰਦੀ ਹੀ ਹੈ, ਇਸ ਦੇ ਨਾਲ-ਨਾਲ ਹੀ ਇਹ ਕੀਮਤ ਲੋਕਾਂ ਦੀ ਜੇਬ ਵਿੱਚ ਪੈਸੇ ਦੀ ਮਾਤਰਾ ਉੱਪਰ ਵੀ ਨਿਰਭਰ ਕਰਦੀ ਹੈ। ਇਸੇ ਤਰ੍ਹਾਂ ਬਾਜ਼ਾਰ ਵਿਚ ਮੰਦੀ ਅਤੇ ਮਹਿੰਗਾਈ, ਬਾਜਾਰ ਵਿਚ ਉਪਲੱਬਧ ਮੁਦਰਾ ਉੱਪਰ ਨਿਰਭਰ ਕਰਦੀ ਹੈ । ਬਾਜ਼ਾਰ ਵਿਚ ਉਪਲੱਬਧ ਮੁਦਰਾ ਸਿੱਕੇ (ਕੁਆਇੰਜ) , ਪੇਪਰ ਮਨੀ , ਬੈਂਕਾਂ ਵਿਚਲੇ ਚਾਲੂ ਖਾਤਿਆਂ ਅਤੇ ਬੱਚਤ ਖਾਤਿਆਂ (ਐੱਫ ਡੀ ਨੂੰ ਛੱਡ ਕੇ) ਵਿੱਚ ਪਬਲਿਕ ਅਤੇ ਸਰਕਾਰੀ ਜਮ੍ਹਾਂ ਪੂੰਜੀ, ਬੈਂਕਾਂ ਦੁਆਰਾ ਜਨਤਾ, ਪਬਲਿਕ ਅਤੇ ਸਰਕਾਰੀ ਅਦਾਰਿਆਂ ਨੂੰ ਕੈਸ਼ ਕਰੈਡਿਟ ਜਾਂ ਓਵਰ ਡ੍ਰਾਫਟ ਦੀ ਸ਼ਕਲ ਵਿੱਚ ਦਿੱਤੇ ਜਾਣ ਵਾਲੇ ਕਰਜ਼ਿਆਂ ਦੀ ਬਣੀ ਹੋਈ ਹੁੰਦੀ ਹੈ । ਇਹ ਇਸੇ ਮੁਦਰਾ ਦੀ ਮਾਤਰਾ ਹੁੰਦੀ ਹੈ, ਜਿਹੜੀ ਵਸਤੂਆਂ ਦੀਆਂ ਕੀਮਤਾਂ ਨਿਰਧਾਰਤ ਕਰਦੀ ਹੈ । ਬਾਜ਼ਾਰ ਵਿੱਚ ਮੁਦਰਾ ਦੀ ਮਾਤਰਾ ਵਧਣ ਨਾਲ ਸਾਡੀ ਖਰੀਦ ਸ਼ਕਤੀ ਵਧਦੀ ਹੈ ਅਤੇ ਘਟਣ ਨਾਲ ਖਰੀਦ ਸ਼ਕਤੀ ਉੱਤੇ ਉਲਟਾ ਪ੍ਰਭਾਵ ਪੈਂਦਾ ਹੈ। ਅੱਗਿਓਂ ਇਹ ਖਰੀਦ ਸ਼ਕਤੀ ਹੀ ਮੰਦੀ ਅਤੇ ਮਹਿੰਗਾਈ ਲਈ ਜ਼ੁੰਮੇਵਾਰ ਹੁੰਦੀ ਹੈ ।

ਜੇਕਰ ਮੁਦਰਾ ਪੂਰਤੀ ਹੀ ਮੰਦੀ ਅਤੇ ਮਹਿੰਗਾਈ ਲਈ ਜ਼ੁੰਮੇਵਾਰ ਹੈ ਤਾਂ ਸੁਭਾਵਿਕ ਹੈ ਕਿ ਸਰਕਾਰਾਂ ਕੋਲ ਇਸ ਨੂੰ ਕਾਬੂ ਵਿੱਚ ਰੱਖਣ ਲਈ ਕੋਈ ਨਾ ਕੋਈ ਤੰਤਰ ਵੀ ਜ਼ਰੂਰ ਹੋਵੇਗਾ । ਹਾਂ ਹੈ ਇਸ ਨੂੰ ਕਾਬੂ ਹੇਠ ਰੱਖਣ ਲਈ ਸਰਕਾਰ ਬਹੁਤੀ ਵਾਰ ਰਿਜ਼ਰਵ ਬੈਂਕ ਆਫ ਇੰਡੀਆ ਦੀ ਵਰਤੋਂ ਕਰਦੀ ਹੈ। ਜਿਹੜੇ ਟੂਲਜ਼ ਦੀ ਵਰਤੋਂ ਰਿਜ਼ਰਵ ਬੈਂਕ ਦੁਆਰਾ ਇਸ ਮੰਤਵ ਲਈ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚੋਂ ਇੱਕ ਹੈ ਕੈਸ਼ ਰਿਜ਼ਰਵ ਰੇਸ਼ੋ ਯਾਨੀ ਕਿ ਸੀ ਆਰ ਆਰ । ਰਿਜ਼ਰਵ ਬੈਂਕ ਆਫ ਇੰਡੀਆ ਐਕਟ 1934 ਦੀ ਮਦ 42(1) ਹੇਠ ਸਾਰੀਆਂ ਵਪਾਰਕ ਬੈਂਕਾਂ ਲਈ ਆਪਣੀ ਸ਼ੁੱਧ (ਨੈੱਟ) ਜਮ੍ਹਾਂ ਪੂੰਜੀ ਦਾ 4% ਰਿਜ਼ਰਵ ਬੈਂਕ ਕੋਲ ਕੈਸ਼ ਦੇ ਰੂਪ ਵਿੱਚ ਜਮ੍ਹਾਂ ਰੱਖਣਾ ਜ਼ਰੂਰੀ ਹੁੰਦਾ ਹੈ । ਬਜ਼ਾਰ ਵਿੱਚੋਂ ਮੁਦਰਾ ਘਟਾਉਣ ਲਈ ਸਰਕਾਰ ਇਸ ਪ੍ਰਤੀਸ਼ਤ ਨੂੰ ਵਧਾ ਦਿੰਦੀ ਹੈ । ਮੁਦਰਾ ਦੀ ਮਾਤਰਾ ਘਟਾਉਣ ਵਾਲੇ ਇਸ ਯੰਤਰ ਦਾ ਇਸਤੇਮਾਲ ਮਹਿੰਗਾਈ ਘਟਾਉਣ ਲਈ ਕੀਤਾ ਜਾਂਦਾ ਹੈ । ਇਸ ਵਧੀ ਰਕਮ ਉੱਪਰ ਰਿਜ਼ਰਵ ਬੈਂਕ ਵਿਆਜ ਦਿੰਦੀ ਹੈ ਅਤੇ ਕਾਨੂੰਨਨ 4% ਜਮ੍ਹਾਂ ਨਾ ਰੱਖਣ ਦੀ ਸੂਰਤ ਵਿੱਚ ਬੈਂਕਾਂ ਨੂੰ ਹਰਜਾਨਾ ਦੇਣਾ ਪੈਂਦਾ ਹੈ ।

ਇਸੇ ਤਰ੍ਹਾਂ ਹੀ ਇੱਕ ਹੋਰ ਟਰਮ ਹੈ, ਐੱਸ ਐੱਲ ਆਰ (ਕਾਨੂੰਨੀ ਤਰਲਤਾ ਅਨੁਪਾਤ) । ਬੈਂਕਿੰਗ ਰੈਗੂਲੇਸ਼ਨ ਐਕਟ 1949 ਦੀ ਮਦ 24 ਤਹਿਤ ਬੈਂਕਾਂ ਵਾਸਤੇ ਜ਼ਰੂਰੀ ਕੀਤਾ ਗਿਆ ਹੈ ਕਿ ਉਨ੍ਹਾ ਦੀ ਕੁੱਲ (ਟੋਟਲ) ਜਮ੍ਹਾਂ ਪੂੰਜੀ ਦਾ ਘੱਟੋ-ਘੱਟ 25 % ਅਜਿਹੇ ਅਸਾਸਿਆਂ ਵਿੱਚ ਆਪਣੇ ਕੋਲ ਰੱਖਣ, ਜਿਸ ਨੂੰ ਤੁਰੰਤ ਕੈਸ਼ ਵਿੱਚ ਬਦਲਿਆ ਜਾ ਸਕੇ । ਉਸ ਨਾਲ ਬੈਂਕ ਦੀ ਦੇਣਦਾਰੀਆਂ ਦੀ ਤਰਲਤਾ ਬਣੀ ਰਹਿੰਦੀ ਹੈ ਅਤੇ ਇਸ ਰੇਸ਼ੋ ਨੂੰ ਵਧਾ-ਘਟਾ ਕੇ ਬਾਜ਼ਾਰ ਵਿਚਲੀ ਮੁਦਰਾ ਅਤੇ ਉਸ ਦੇ ਰਾਹੀਂ ਮਹਿੰਗਾਈ ਉੱਪਰ ਕਾਬੂ ਪਾਉਣ ਲਈ ਵੀ ਵਰਤਿਆ ਜਾਂਦਾ ਹੈ ।

ਜਦੋਂ ਸਾਡੇ ਕੋਲ ਪੈਸੇ ਬਚ ਜਾਂਦੇ ਹਨ, ਅਸੀਂ ਉਹ ਬੱਚਤ ਬੈਂਕ ਵਿਚ ਜਮ੍ਹਾਂ ਕਰਨ ਲਈ ਭੱਜਦੇ ਹਾਂ ਅਤੇ ਜਦੋਂ ਸਾਡੀਆਂ ਲੋੜਾਂ ਸਾਡੀ ਆਮਦਨ ਦੇ ਮੇਚ ਨਾ ਬੈਠਦੀਆਂ ਹੋਣ, ਅਸੀਂ ਬੈਂਕ ਤੋਂ ਕਰਜ਼ਾ ਲੈਂਦੇ ਹਾਂ। ਬਿਲਕੁੱਲ ਇਸੇ ਤਰਜ਼ 'ਤੇ ਜਦੋਂ ਕਿਸੇ ਬੈਂਕ ਕੋਲ ਕੁੱਲ ਜਮ੍ਹਾਂ ਪੂੰਜੀ ਕਰਜ਼ ਦੇਣ ਤੋਂ ਬਾਅਦ ਬਚ ਰਹਿੰਦੀ ਹੈ, ਬੈਂਕ ਉਹ ਰਕਮ ਰਿਜ਼ਰਵ ਬੈਂਕ ਕੋਲ ਜਮ੍ਹਾਂ ਕਰਦਾ ਹੈ ਅਤੇ ਰਿਜ਼ਰਵ ਬੈਂਕ ਸੰਬੰਧਤ ਬੈਂਕ ਨੂੰ ਉਸ ਜਮ੍ਹਾਂ ਪੂੰਜੀ 'ਤੇ ਵਿਆਜ ਦਿੰਦਾ ਹੈ । ਲੋੜ ਪੈਣ 'ਤੇ ਬੈਂਕ ਰਿਜ਼ਰਵ ਬੈਂਕ ਕੋਲੋਂ ਥੋੜ੍ਹੇ ਸਮੇਂ ਲਈ ਕਰਜ਼ ਲੈ ਵੀ ਸਕਦਾ ਹੈ । ਰਿਜ਼ਰਵ ਬੈਂਕ ਕੋਲੋਂ ਕਰਜ਼ ਉਠਾਉਣ ਦੀ ਸੂਰਤ ਵਿੱਚ ਬੈਂਕ ਰਿਜ਼ਰਵ ਬੈਂਕ ਨੂੰ ਵਿਆਜ ਦਾ ਦੇਣਦਾਰ ਬਣਦਾ ਹੈ । ਬੈਂਕ ਦੁਆਰਾ ਰਿਜ਼ਰਵ ਬੈਂਕ ਤੋਂ ਕਰਜ਼ 'ਤੇ ਲਈ ਰਕਮ ਉੱਤੇ ਦੇਣ ਵਾਲੇ ਵਿਆਜ ਦੀ ਦਰ ਨੂੰ ਰੇਪੋ ਰੇਟ ਅਤੇ ਇਸ ਦੇ ਉਲਟ ਰਿਜ਼ਰਵ ਬੈਂਕ ਕੋਲ ਜਮ੍ਹਾਂ ਰੱਖੀ ਪੂੰਜੀ ਉੱਪਰ ਕਮਾਏ ਵਿਆਜ ਦੀ ਦਰ ਨੂੰ ਰਿਵਰਸ ਰੇਪੋ ਰੇਟ ਕਿਹਾ ਜਾਂਦਾ ਹੈ ।

ਰੇਪੋ ਰੇਟ ਅਤੇ ਰਿਵਰਸ ਰੇਪੋ ਰੇਟ ਦਾ ਮੁਦਰਾ ਪੂਰਤੀ ਨੂੰ ਕਾਬੂ ਕਰਨ ਅਤੇ ਮਹਿੰਗਾਈ ਨੂੰ ਅਸਰ-ਅੰਦਾਜ਼ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ । ਆਓ ਸਮਝੀਏ ਕਿਸ ਤਰ੍ਹਾਂ ? ਕਿਸੇ ਫੈਕਟਰੀ ਦੇ ਕੱਚੇ ਮਾਲ ਦੀ ਤਰ੍ਹਾਂ, ਬੈਂਕਾਂ ਕੋਲ ਜਨਤਾ ਦੀ ਜਮ੍ਹਾਂ ਪੂੰਜੀ ਬੈਂਕਾਂ ਲਈ ਕੱਚਾ ਮਾਲ ਹੁੰਦਾ ਹੈ । ਜਿਸ ਤਰ੍ਹਾਂ ਕੱਚੇ ਮਾਲ ਦੀ ਕੀਮਤ ਹੀ ਜ਼ਿਆਦਾਤਰ ਫੈਕਟਰੀ ਦੇ ਉਤਪਾਦ ਦੀ ਕੀਮਤ ਨਿਰਧਾਰਤ ਕਰਦੀ ਹੈ, ਉਸੇ ਤਰ੍ਹਾਂ ਬੈਂਕਾਂ ਦੁਆਰਾ ਜਮ੍ਹਾਂ ਪੂੰਜੀ ਉੱਪਰ ਜਨਤਾ ਨੂੰ ਦਿੱਤਾ ਜਾਣ ਵਾਲੇ ਵਿਆਜ ਦੀ ਦਰ ਇਹ ਨਿਰਧਾਰਤ ਕਰਦੀ ਹੈ ਕਿ ਲੋਕਾਂ ਨੂੰ ਦਿੱਤੇ ਜਾਣ ਵਾਲਾ ਕਰਜ਼ ਕਿਸ ਦਰ 'ਤੇ ਦਿੱਤਾ ਜਾਵੇ । ਰੇਪੋ ਰੇਟ ਵਧਣ ਨਾਲ ਬੈਂਕਾਂ ਪਬਲਿਕ ਦੁਆਰਾ ਜਮ੍ਹਾਂ ਰਕਮ ਉੱਪਰ ਵਿਆਜ ਵਧਾ ਦਿੰਦੀਆਂ ਹਨ । ਕੱਚਾ ਮਾਲ ਮਹਿੰਗਾ ਹੁੰਦਿਆਂ ਹੀ ਕਰਜ਼ ਦੀਆਂ ਦਰਾਂ ਵਧ ਜਾਂਦੀਆਂ ਹਨ । ਹੁਣ ਜਨਤਾ ਪੈਸਾ ਖਰਚ ਕਰਨ ਦੀ ਥਾਂ ਜਮ੍ਹਾਂ ਕਰਨ ਨੂੰ ਤਰਜੀਹ ਦੇਵੇਗੀ ਅਤੇ ਮਹਿੰਗੀ ਕਰਜ਼ਾ ਦਰ ਕਰਜ਼ਾ ਉਠਾਉਣ ਨੂੰ ਨਿਰ-ਉਤਸ਼ਾਹਿਤ ਕਰੇਗੀ। ਦੋਵੇਂ ਹੀ ਵਿਕਲਪਾਂ ਵਿੱਚ ਬਾਜ਼ਾਰ ਵਿਚ ਮੁਦਰਾ ਸਪਲਾਈ ਘਟੇਗੀ, ਲੋਕਾਂ ਦੀ ਖਰੀਦ ਸ਼ਕਤੀ ਘਟੇਗੀ, ਮਤਲਬ ਮਹਿੰਗਾਈ ਘਟੇਗੀ । ਚਾਲੂ ਵਿੱਤੀ ਵਰ੍ਹੇ ਦੌਰਾਨ ਮਈ ਤੋਂ 7 ਦਸੰਬਰ ਤੱਕ ਆਰ ਬੀ ਆਈ ਦੁਆਰਾ ਰੇਪੋ ਰੇਟ ਵਿੱਚ ਪੰਜ ਵਾਰ ਕੀਤਾ 2.25 % ਦਾ ਵਾਧਾ ਅਤੇ ਬੈਂਕਾਂ ਦੁਆਰਾ ਦੋਵੇਂ ਕਿਸਮ ਦੇ ਵਿਆਜ ਵਿੱਚ ਕੀਤੇ ਵਾਧੇ ਪਿੱਛੇ ਇਹੀ ਕਾਰਨ ਹੈ । ਲੋਕਾਂ ਦੀਆਂ ਜੇਬਾਂ ਵਿੱਚੋਂ ਪੈਸਾ ਕਢਵਾਉਣ ਲਈ ਹੀ ਬੈਂਕਾਂ ਦੁਆਰਾ ਵਿਆਜ ਦਰ ਵਧਾਈ ਜਾਂਦੀ ਹੈ ।

ਇਸ ਦੇ ਉਲਟ ਰੇਪੋ ਰੇਟ ਅਤੇ ਰਿਵਰਸ ਰੇਪੋ ਰੇਟ ਘਟਣ ਕਾਰਨ ਲੋਕਾਂ ਨੂੰ ਬੈਂਕ ਜਮ੍ਹਾਂ ਪੂੰਜੀ ਉੱਪਰ ਮਿਲਣ ਵਾਲਾ ਵਿਆਜ ਘਟ ਜਾਂਦਾ ਹੈ । ਬੈਂਕਾਂ ਦਾ ਕੱਚਾ ਮਾਲ ਸਸਤਾ ਹੁੰਦਿਆਂ ਹੀ ਕਰਜ਼ੇ ਦੀਆਂ ਵਿਆਜ ਦਰਾਂ ਘਟਣ ਲੱਗਦੀਆਂ ਹਨ । ਹੁਣ ਜਨਤਾ ਦੀ ਤਰਜੀਹ ਪੈਸੇ ਜਮ੍ਹਾਂ ਕਰਨ ਦੀ ਨਹੀਂ ਹੁੰਦੀ ਅਤੇ ਲੋਕਾਂ ਦੁਆਰਾ ਬੈਂਕਾਂ ਤੋਂ ਵੱਧ ਕਰਜ਼ ਉਠਾਇਆ ਜਾਂਦਾ ਹੈ। ਨਤੀਜਾ, ਬਾਜ਼ਾਰ ਵਿਚ ਪੈਸੇ ਦਾ ਹੜ੍ਹ ਮਤਲਬ ਲੋਕਾਂ ਦੀ ਖਰੀਦ ਸ਼ਕਤੀ ਵਿੱਚ ਵਾਧਾ, ਮਤਲਬ ਬਾਜ਼ਾਰੂ ਮੰਦੀ ਤੋਂ ਛੁਟਕਾਰਾ ਅਤੇ ਨਤੀਜਾ ਅਸਮਾਨ ਛੂੰਹਦੀ ਮਹਿੰਗਾਈ ।

ਮਹਿੰਗਾਈ ਨੂੰ ਕਾਬੂ ਕਰਨ ਲਈ ਰੇਪੋ ਰੇਟ ਵਧਾਇਆ, ਰੇਪੋ ਰੇਟ ਵਧਾਉਣ ਨਾਲ ਵਿਆਜ ਦਰਾਂ ਵਧੀਆਂ, ਯਾਨੀ ਕਰਜ਼ ਮਹਿੰਗਾ ਹੋਇਆ, ਕਰਜ਼ ਮਹਿੰਗਾ ਹੋਣ ਨਾਲ ਇਨਵੈਸਟਮੈਂਟ ਘਟੀ, ਇਨਵੈਸਟਮੈਂਟ ਘਟੀ ਮਤਲਬ ਸਨਅਤੀ ਸਰਗਰਮੀ ਸੁਸਤ ਹੋਈ, ਮਤਲਬ ਵਿਕਾਸ ਦਰ ਘਟੀ, ਮਤਲਬ ਬੇਰੁਜ਼ਗਾਰੀ ਵਧੀ। ਦੇਸ਼ ਦੇ ਅਰਥ ਸ਼ਾਸਤਰੀਆਂ ਸਾਹਮਣੇ ਇਹ ਦੁਸ਼ਟ ਚੱਕਰ ਹੀ ਇੱਕ ਵੱਡੀ ਸਮੱਸਿਆ ਹੈ ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਮੁਦਰਾ ਪੂਰਤੀ, ਮਹਿੰਗਾਈ ਅਤੇ ਵਿਆਜ ਆਪਸ ਵਿੱਚ ਕਿਸ ਤਰ੍ਹਾਂ ਜੁੜੇ ਹੋਏ ਹਨ ਅਤੇ ਸਾਰੇ ਹੀ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਰਕਾਰ ਦੇ ਹੱਥ ਵਿਚ ਸਭ ਕੁਝ ਹੁੰਦਿਆਂ-ਸੁੰਦਿਆਂ ਮਹਿੰਗਾਈ ਕਾਬੂ ਕਿਉਂ ਨਹੀਂ ਹੁੰਦੀ । ਕਾਰਨ ਹੈ ਕਾਲਾ ਬਾਜ਼ਾਰੀ ਅਤੇ ਕਾਲਾ ਧਨ । ਵੱਡੇ ਵਪਾਰੀ ਗੋਦਾਮਾਂ ਨੂੰ ਜਿੰਦਰਾ ਮਾਰ ਕੇ ਬਾਜ਼ਾਰ ਵਿਚ ਜ਼ਰੂਰੀ ਵਸਤਾਂ ਦੀ ਮਸਨੂਈ ਥੁੜ ਪੈਦਾ ਕਰ ਦਿੰਦੇ ਹਨ। ਸਰਕਾਰਾਂ ਦੀਆਂ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ ਕਿ ਵਪਾਰੀ ਵਰਗ ਉੱਪਰ ਲੋੜੋਂ ਵੱਧ ਸਖਤੀ ਕਰਕੇ ਉਹਨਾ ਨੂੰ ਨਾਰਾਜ ਨਹੀਂ ਕਰਨਾ ਚਾਹੁੰਦੀਆਂ। ਨਤੀਜਾ, ਮਹਿੰਗਾਈ । ਮਹਿੰਗਾਈ ਦਾ ਦੂਜਾ ਵੱਡਾ ਕਾਰਨ ਹੁੰਦਾ ਹੈ ਕਾਲੇ ਧਨ ਦੁਆਰਾ ਚੱਲ ਰਹੀ ਸਮਾਨੰਤਰ ਆਰਥਿਕਤਾ । ਸਾਡੇ ਦੇਸ਼ ਵਿੱਚ ਕਿੰਨਾ ਕਾਲਾ ਧਨ ਹੈ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਭਾਵੇਂ ਨਹੀਂ ਹੈ , ਪ੍ਰੰਤੂ ਚਿੰਤਾਜਨਕ ਜ਼ਰੂਰ ਹੈ । ਦੋ ਨੰਬਰ ਦੀ ਕਮਾਈ ਵਾਲੇ ਲੋਕ, ਖਰੀਦ ਕਰਦੇ ਵਕਤ ਵਸਤੂ ਜਾਂ ਜਾਇਦਾਦ ਦੀ ਕੀਮਤ ਦਸ ਲੱਖ ਤਾਰਦੇ ਹਨ ਅਤੇ ਕਾਗਜ਼ੀ ਕੀਮਤ ਦਿਖਾਉਂਦੇ ਹਨ ਦੋ ਲੱਖ ਯਾਨੀ ਕਿ ਬਾਜ਼ਾਰੀ ਕੀਮਤ ਦਸ ਲੱਖ ਅਤੇ ਸਰਕਾਰੀ ਕੀਮਤ ਦੋ ਲੱਖ ਰੁਪਏ ਜ਼ਿਆਦਾਤਰ ਸੰਪਤੀਆਂ ਦੀ ਕੀਮਤ ਵਧਣ ਦਾ ਕਾਰਨ ਬਣਦਾ ਹੈ ਇਹ ਕਾਲਾ ਧਨ। ਸਰਕਾਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ ਪੱਖੋਂ ਨਿਹੱਥੀ ਦਿਖਾਈ ਦਿੰਦੀ ਹੈ । ਮਹਿੰਗਾਈ ਵਧਣ ਦਾ ਇੱਕ ਕਾਰਨ ਹੋਰ ਹੁੰਦਾ ਹੈ, ਬਜਟਰੀ ਘਾਟਾ ਬਜਟ ਘਾਟੇ ਦੀ ਪੂਰਤੀ ਮਹਿੰਗਾਈ ਨੂੰ ਜਨਮ ਦਿੰਦੀ ਹੈ। ਜਦੋਂ ਤੱਕ ਵਿਕਾਸ ਅਤੇ ਮਹਿੰਗਾਈ ਦੀ ਦਰ ਨਾਲ-ਨਾਲ ਚੱਲਦੇ ਹਨ, ਮਹਿੰਗਾਈ ਚੁੱਭਦੀ ਨਹੀਂ, ਪ੍ਰੰਤੂ ਜਦੋਂ ਉਪਰੋਕਤ ਕਾਰਨਾਂ ਕਾਰਨ ਮਹਿੰਗਾਈ ਛੜੱਪੇ ਮਾਰਨੇ ਸ਼ੁਰੂ ਕਰਦੀ ਹੈ, ਉਦੋਂ ਲੋਕ ਚੀਕਾਂ ਮਾਰਦੇ ਹਨ । ਕਈ ਵਾਰੀ ਮਹਿੰਗਾਈ ਨੂੰ ਥਾਂ ਸਿਰ ਕਰਨ ਵਾਸਤੇ ਸਰਕਾਰ ਸਬਸਿਡੀਆਂ ਦਾ ਸਹਾਰਾ ਲੈਂਦੀ ਹੈ, ਪ੍ਰੰਤੂ ਲੋੜੋਂ ਵੱਧ ਸਬਸਿਡੀਆਂ ਕਿਉਂਕਿ ਅਰਥ ਸ਼ਾਸਤਰ ਦੇ ਸਿਧਾਂਤ 'ਤੇ ਫਿੱਟ ਨਹੀਂ ਬੈਠਦੀਆਂ, ਇਸ ਲਈ ਕਈ ਵਾਰ ਸ੍ਰੀਲੰਕਾ ਵਰਗਾ ਮੰਜ਼ਰ ਦੇਖਣਾ ਪੈ ਜਾਂਦਾ ਹੈ ।

ਸਿੱਟਾ ਇਹ ਕੱਢਿਆ ਜਾ ਸਕਦਾ ਹੈ ਕਿ ਮੁਦਰਾ, ਮਹਿੰਗਾਈ, ਵਿਆਜ ਅਤੇ ਵਿਕਾਸ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੁੰਦਾ ਹੈ । ਮਹਿੰਗਾਈ ਡਾਇਨ ਨੂੰ ਕਾਬੂ ਵਿੱਚ ਕਰਨ ਲਈ ਲੋੜ ਹੈ, ਉਪਲੱਬਧ ਸਾਧਨਾ ਦੀ ਉਚਿੱਤ ਵਰਤੋਂ ਦੇ ਨਾਲ-ਨਾਲ ਕਾਲਾ ਬਜ਼ਾਰੀਆਂ ਅਤੇ ਕਾਲੇ ਧਨ ਵਾਲੀ ਸਮਾਨੰਤਰ ਆਰਥਿਕਤਾ ਨੂੰ ਸਖਤੀ ਨਾਲ ਕਾਬੂ ਕਰਨ ਦੀ । ਆਮ ਜਨਤਾ ਦਾ ਵਿਸ਼ਵਾਸ ਜਿੱਤਣ ਲਈ ਮਹਿੰਗਾਈ ਨੂੰ ਕਾਬੂ ਕਰਨਾ, ਵਿਕਾਸ ਦਰ ਵਿਚ ਵਾਧਾ, ਰੋਜ਼ਗਾਰ ਦੇ ਵੱਧ ਮੌਕੇ ਪੈਦਾ ਕਰਨਾ ਸਮੇਂ ਦੀ ਮੁੱਖ ਮੰਗ ਹੈ ।

 # ਸੰਪਰਕ : 98727-87243

ਅਜੋਕੇ ਪੰਜਾਬ ਦੀ ਦਾਸਤਾਨ

ਡਾ. ਅਮਨਪ੍ਰੀਤ ਸਿੰਘ ਬਰਾੜ

ਪੰਜਾਬ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਕ ਖੁਦਮੁਖਤਿਆਰ ਦੇਸ਼ ਸੀ ਅਤੇ ਅੰਗਰੇਜ਼ਾਂ ਦੇ ਸਮੇਂ ਭਾਰਤ ਨਾਲ ਬਰਾਬਰ ਦਾ ਹੋ ਕੇ ਸੰਧੀਆਂ ਕਰਦਾ ਸੀ। ਦੇਸ਼ ਤੋਂ ਰਾਜ, ਰਾਜ ਤੋਂ ਸੂਬਾ ਅਤੇ ਅੱਜਕੱਲ੍ਹ ਪੰਜਾਬੀ ਸੂਬੀ ਬਣ ਕੇ ਰਹਿ ਗਿਆ। ਅਸਲ ਵਿੱਚ ਪੰਜਾਬ ਨੇ ਹਰ ਖੇਤਰ ਵਿੱਚ ਯੋਧੇ ਬਹੁਤ ਪੈਦਾ ਕੀਤੇ। ਅਸੀਂ ਦੇਸ਼ ਦੀ ਅਜ਼ਾਦੀ, ਦੇਸ਼ ਲਈ ਚਾਰ ਜੰਗਾਂ, ਅੰਨ ਸੁਰੱਖਿਆ ਅਤੇ ਅੱਜ ਵੀ ਦੇਸ਼ ਦੀ ਸੁਰੱਖਿਆ ਲਈ ਪੰਜਾਬ ਨੇ ਅਬਾਦੀ ਦੇ ਲਿਹਾਜ਼ ਨਾਲ ਸਾਰੇ ਰਾਜਾਂ ਤੋਂ ਵੱਧ ਯੋਗਦਾਨ ਪਾਇਆ, ਪਰ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਨੇ ਚੰਗਾ ਲੀਡਰ ਪੈਦਾ ਨਹੀਂ ਕੀਤਾ। ਮੈਂ ਮੁਆਫੀ ਚਾਹੁੰਦਾ ਹਾਂ ਇਸ ਕਥਨ ਲਈ, ਭਾਵੇਂ ਵੱਖ-ਵੱਖ ਸਮਿਆਂ ਦੀ ਲੀਡਰਸ਼ਿਪ ਨੇ ਆਪਣੇ ਹਿਸਾਬ ਨਾਲ ਸਮੇਂ-ਸਮੇਂ ਸੂਬੇ ਦੀ ਪ੍ਰਤੀਨਿਧਤਾ ਕੀਤੀ ਅਤੇ ਸੂਬੇ ਨੇ ਤਰੱਕੀ ਵੀ ਕੀਤੀ, ਪਰ ਇਹ ਲੀਡਰਸ਼ਿਪ ਸੂਬੇ ਅਤੇ ਸੂਬੇ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਨਹੀਂ ਰੱਖ ਸਕੀ। ਮੇਰੇ ਉਪਰੋਕਤ ਨਿਚੋੜ ਨੂੰ ਪ੍ਰਮਾਣ ਇਥੋਂ ਮਿਲਦਾ ਹੈ ਕਿ ਅੱਜ ਅਸੀਂ ਆਪਣੀ ਪੈਦਾ ਕੀਤੀ ਹੋਈ ਜਿਣਸ, ਜਿਸ 'ਤੇ ਦੋ ਤਿਹਾਈ ਅਬਾਦੀ ਨਿਰਭਰ ਕਰਦੀ ਹੈ, ਨੂੰ ਵੇਚਣ ਲਈ ਵੀ ਕੇਂਦਰ ਵੱਲ ਦੇਖ ਰਹੇ ਹਾਂ। ਪਿਛਲੇ 40 ਸਾਲ ਵਿੱਚ ਆਪਣਾ ਕੋਈ ਸਿਸਟਮ ਨਹੀਂ ਬਣਾ ਸਕੇ।

ਅੱਜ ਦੇ ਸਮੇਂ ਦੇ ਪੰਜਾਬ ਦੀ ਤਿੰਨ ਕਰੋੜ ਦੀ ਅਬਾਦੀ ਵਿੱਚ ਹਰ ਤਰ੍ਹਾਂ ਦੇ ਲੋਕ ਮਿਲਣਗੇ, ਜਿਵੇਂ ਅਮੀਰ ਤੋਂ ਅਮੀਰ, ਗਰੀਬ ਤੋਂ ਗਰੀਬ, ਸਿਰੇ ਦੇ ਇਮਾਨਦਾਰ ਅਤੇ ਭ੍ਰਿਸ਼ਟ, ਪੜ੍ਹਾਈ-ਲਿਖਾਈ ਦੇ ਹਰ ਖੇਤਰ ਵਿੱਚ ਨਿਪੁੰਨਤਾ ਵਾਲੇ ਅਤੇ ਅਨਪੜ੍ਹ ਵੀ। ਦੇਸ਼ ਅਤੇ ਸੂਬੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਵਾਲੇ ਵੀ ਅਤੇ ਇਸ ਨੂੰ ਲੁੱਟਣ ਅਤੇ ਡੁਬੋਣ ਵਾਲੇ ਵੀ। ਸਿਰੇ ਦੇ ਨਸ਼ੇੜੀ ਅਤੇ ਉਹ ਲੋਕ ਵੀ ਜਿਹੜੇ ਚਾਹ ਵੀ ਨਹੀਂ ਪੀਂਦੇ।

ਮਿਸਾਲ ਦੇ ਤੌਰ 'ਤੇ ਪ੍ਰਤੀ ਜੀਅ ਆਮਦਨ ਵਿੱਚ ਅਸੀਂ 20-25 ਸਾਲ ਨੰਬਰ ਇਕ 'ਤੇ ਰਹਿ ਕੇ ਅੱਜ 16 ਵੇਂ (2021-22) ਸਥਾਨ ਤੇ ਪਹੁੰਚ ਗਏ ਹਾਂ ਅਤੇ ਮਨੁੱਖੀ ਵਿਕਾਸ ਵਿੱਚ ਪੰਜਾਬ ਦੇਸ਼ ਦੇ ਸੂਬਿਆਂ ਵਿੱਚੋਂ ਨੌਂਵੇਂ ਸਥਾਨ 'ਤੇ ਹੈ। ਇਸ ਵੇਲੇ ਪੰਜਾਬ ਦੀ ਜੀ. ਡੀ. ਪੀ. ਤਕਰੀਬਨ 5.41 ਲੱਖ ਕਰੋੜ ਦੀ ਹੈ (2020-21) ਇਸ ਵਿੱਚੋਂ 25 ਪ੍ਰਤੀਸ਼ਤ ਖੇਤੀਬਾੜੀ ਦੀ, 25 ਪ੍ਰਤੀਸ਼ਤ ਉਦਯੋਗ ਵਿੱਚ ਅਤੇ 50 ਫੀਸਦੀ ਸਰਵਿਸ ਖੇਤਰ ਤੋਂ ਆਉਂਦੀ ਹੈ, ਪਰ ਇਸ ਵਿੱਚ ਵੱਡੀ ਸੋਚਣ ਦੀ ਲੋੜ ਹੈ ਕਿ ਜਿਹਨਾਂ ਖੇਤਰਾਂ ਵਿੱਚ ਅਸਲ ਪੈਦਾਵਾਰ ਹੋ ਕੇ ਆਮਦਨ ਵਧਦੀ ਹੈ, ਉਹ ਦੋਵੇਂ ਰਲ ਕਿ ਵੀ 50% 'ਤੇ ਪਹੁੰਚਦੇ ਹਨ ਅਤੇ ਜਿੱਥੇ ਪੈਸਾ ਹੱਥ ਬਦਲਦਾ (ਸਰਵਿਸ ਸੈਕਟਰ) ਯਾਨਿ ਮੁੱਢਲੀ ਦੌਲਤ ਵਧਦੀ ਨਹੀਂ, ਉਹ ਖੇਤਰ ਇਕੱਲਾ ਹੀ 50 ਫੀਸਦੀ 'ਤੇ ਹੈ। ਇਸ ਦਾ ਸਿੱਧਾ ਅਰਥ ਹੈ ਕਿ ਸਾਨੂੰ ਸੋਚਣ ਦੀ ਲੋੜ ਹੈ ਕਿ ਜਿਹੜੇ ਖੇਤਰਾਂ ਕਰਕੇ ਸਰਵਿਸ ਖੇਤਰ ਵਧ ਰਿਹਾ ਹੈ, ਜੇ ਉਹ ਘਟਦੇ ਜਾਣਗੇ ਤਾਂ ਇਸ ਦਾ ਕੰਮ ਵੀ ਘਟੂਗਾ।

ਪੰਜਾਬ ਸਿਰ ਕਰਜ਼ਾ ਠੱਲ੍ਹਣ ਦਾ ਨਾਂਅ ਨਹੀਂ ਲੈਂਦਾ। ਵਿੱਤੀ ਸਾਲ 2021-22 ਵਿੱਚ ਪੰਜਾਬ ਸਿਰ 2.63 ਲੱਖ ਕਰੋੜ ਦਾ ਕਰਜ਼ਾ ਸੀ। ਇਸ ਵਿੱਤੀ ਸਾਲ ਯਾਨਿ 2022-23 ਦੇ ਪਹਿਲੇ 6 ਮਹੀਨਿਆਂ ਵਿੱਚ ਇਸ ਵਿੱਚ 11464.68 ਕਰੋੜ ਦਾ ਵਾਧਾ ਹੋਇਆ ਹੈ। ਕਿਹਾ ਜਾ ਰਿਹਾ ਹੈ ਕਿ ਇਸ ਵਿੱਤੀ ਸਾਲ ਦੇ ਅੰਤ ਤੱਕ 3 ਲੱਖ ਕਰੋੜ ਤੋਂ ਉਪਰ ਹੋ ਜਾਵੇਗਾ। ਅਗਰ ਇਸ ਨੂੰ ਪ੍ਰਤੀ ਜੀਅ ਦੇ ਹਿਸਾਬ ਨਾਲ ਵੰਡੀਏ ਤਾਂ ਹਰ ਸ਼ਖਸ ਦੇ ਉੱਪਰ ਇੱਕ ਲੱਖ ਦਾ ਕਰਜ਼ਾ ਆਉਂਦਾ ਹੈ।

ਪੰਜਾਬ ਖੇਤੀ ਪ੍ਰਧਾਨ ਹੋਣ ਕਰਕੇ ਤਕਰੀਬਨ ਦੋ ਤਿਹਾਈ ਆਬਾਦੀ ਦਾ ਦਾਰੋਮਦਾਰ ਖੇਤੀ 'ਤੇ ਹੈ, ਪਰ ਖੇਤੀ ਵਿੱਚ ਸਭ ਤੋਂ ਵੱਡੀ ਸਮੱਸਿਆ ਖੇਤੀ ਲਈ ਪਾਣੀ ਦੀ ਖੜੀ ਹੋ ਰਹੀ ਹੈ, ਭਾਵੇਂ ਝੋਨੇ ਨੂੰ ਪਾਣੀ ਦੀ ਘਾਟ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਪਰ ਪਾਣੀ ਦੀ ਖਪਤ ਜੋ ਹੁਣ ਹੋ ਰਹੀ ਹੈ, ਇਸ ਤੋਂ ਘੱਟ ਨਹੀਂ ਸਕਦੀ, ਭਾਵੇਂ ਝੋਨਾ ਬਿਲਕੁਲ ਬੰਦ ਕਰਵਾ ਲਉ, ਕਿਉਂਕਿ ਏਨੀ ਆਬਾਦੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਫਸਲਾਂ ਦੀ ਘਣਤਾ ਵਧਾਉਣੀ ਪੈਣੀ ਹੈ, ਕਿਉਂਕਿ ਸਾਡੇ ਕੋਲ ਖੇਤੀ ਤੋਂ ਇਲਾਵਾ ਰੋਜ਼ਗਾਰ ਵਧਾਉਣ ਦਾ ਪੰਜਾਬ ਵਿੱਚ ਹੋਰ ਕੋਈ ਸਾਧਨ ਨਹੀਂ। ਇੰਡਸਟਰੀ ਨਵੀਂ ਲੱਗ ਨਹੀਂ ਰਹੀ, ਪੁਰਾਣੀ ਜਾਂ ਬੰਦ ਹੋ ਰਹੀ ਜਾਂ ਇਥੋਂ ਭੱਜ ਰਹੀ ਹੈ। ਪਰਾਲੀ ਤੋਂ ਪ੍ਰਦੂਸ਼ਣ ਲਈ ਕਿਸਾਨਾਂ ਨੂੰ ਕੋਸਿਆ ਜਾ ਰਿਹਾ ਹੈ, ਪਰ ਸਰਕਾਰ ਦੀ ਆਵਦੀ ਨੀਤੀ ਕੋਈ ਨਹੀਂ, ਕਿੰਨਾ ਰਕਬਾ ਝੋਨੇ ਹੇਠਾਂ ਰੱਖਣਾ, ਕਿੰਨਾ ਬਦਲਵੀਂ ਫਸਲ ਹੇਠਾਂ ਰੱਖਣਾ ਹੈ। ਦੂਜੇ ਪਾਸੇ ਪਰਾਲੀ ਅਧਾਰਤ ਸਨਅਤਾਂ ਵੀ ਇਸ ਕਰਕੇ ਨਹੀਂ ਲੱਗ ਰਹੀਆਂ ਕਿ ਪਤਾ ਨਹੀਂ ਕੱਲ੍ਹ ਨੂੰ ਝੋਨੇ ਦਾ ਕੀ ਬਣੂੰ। ਉੱਧਰ ਖੇਤੀ ਖੋਜ ਵਿੱਚ ਵੀ ਅਸੀਂ ਪਛੜੇ ਹੋਏ ਹਾਂ, 1985 ਤੋਂ ਲੈ ਕੇ ਅੱਜ ਤੱਕ ਝੋਨੇ ਦਾ ਬਦਲ ਨਹੀਂ ਲੱਭ ਸਕੇ।

ਪੰਜਾਬ ਵਿੱਚ ਤਕਰੀਬਨ 20 ਹਜ਼ਾਰ ਸਰਕਾਰੀ ਸਕੂਲ ਅਤੇ 9000 ਪ੍ਰਾਈਵੇਟ ਸਕੂਲ ਹਨ, ਪਰ ਬੱਚੇ ਦੋਨੋਂ ਪਾਸੇ ਤਕਰੀਬਨ ਅੱਧੇ-ਅੱਧੇ ਹਨ। ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਲੋਕਾਂ ਦਾ ਕਚੂੰਬਰ ਕੱਢੀ ਜਾਂਦੀਆਂ ਹਨ। ਸਰਕਾਰੀ ਵਿੱਚੋਂ ਤਕਰੀਬਨ 1800 ਸਕੂਲ ਚੰਗੇ ਹਨ, ਬਾਕੀਆਂ ਦਾ ਰੱਬ ਰਾਖਾ। ਵਿੱਦਿਆ ਮੰਤਰੀ ਨੇ 15 ਅਗਸਤ, 2022 ਨੂੰ ਮੰਨਿਆ 400 ਸਕੂਲ ਅਜਿਹੇ ਹਨ ਜਿਥੇ ਇਕ ਵੀ ਅਧਿਆਪਕ ਨਹੀਂ ਅਤੇ 1600 ਸਕੂਲ ਅਜਿਹੇ ਹਨ, ਜਿਥੇ ਸਿਰਫ ਇਕ ਅਧਿਆਪਕ ਹੈ। ਉੱਚ ਸਿੱਖਿਆ ਦੇ ਨਾਂਅ 'ਤੇ ਪੰਜਾਬ ਵਿੱਚ 31 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚੋਂ 15 ਪ੍ਰਾਈਵੇਟ ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਬਾਰੇ ਇਹ ਗੱਲ ਪ੍ਰਚਲਤ ਹੈ ਕਿ ਤੁਸੀਂ ਕੋਰਸ ਡੀਜ਼ਾਈਨ ਕਰ ਲਿਆਓ, ਅਸੀਂ ਉਹ ਪੜ੍ਹਾ ਕਿ ਤੁਹਾਨੂੰ ਡਿਗਰੀ ਦੇ ਦੇਵਾਂਗੇ। ਏਥੋਂ ਦੇ ਪੜ੍ਹਿਆਂ ਨੂੰ ਕਿਹਾ ਜਾਂਦਾ ਹੈ ਕਿ ਤੁਹਾਡੀ ਪੜ੍ਹਾਈ ਨੌਕਰੀਆਂ ਦੇ ਅਨੁਕੂਲ ਨਹੀਂ, ਇਸ ਕਰਕੇ ਮਾਪਿਆਂ ਨੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਹੀ ਬਾਹਰ ਭੇਜਣਾ ਸ਼ੁਰੂ ਕਰ ਦਿੱਤਾ। ਪਿਛਲੇ ਸਾਲ ਤਕਰੀਬਨ 1.68 ਲੱਖ ਵਿਦਿਆਰਥੀ ਭਾਰਤ ਛੱਡ ਕੇ ਬਾਹਰ ਗਏ।

ਸਿਹਤ ਸਹੂਲਤਾਂ ਦੇ ਹਾਲਾਤ ਵੀ ਕੋਈ ਬਿਹਤਰ ਨਹੀਂ, ਭਾਵੇਂ ਮੁੱਢਲੀ ਸਹਾਇਤਾ ਲਈ 100 ਮੁਹੱਲਾ ਕਲੀਨਿਕ ਵੀ ਖੋਲ੍ਹੇ ਗਏ ਹਨ, ਪਰ ਫਿਰ ਵੀ ਹਰ ਡਿਸਪੈਂਸਰੀ ਜਾਂ ਹਸਪਤਾਲ ਵਿੱਚ ਲੰਮੀਆਂ ਲਾਈਨਾਂ ਵਿੱਚੋਂ ਖੜ੍ਹੋ ਕੇ ਮਰੀਜ਼ ਦੇ ਨਾਲ ਗਿਆ ਪਰਚੀ ਬਣਾਉਣ ਵਾਲਾ ਵੀ ਬਿਮਾਰ ਹੋ ਕੇ ਆ ਜਾਂਦਾ ਹੈ। ਕਿਸੇ ਵੀ ਹਸਪਤਾਲ ਦਾ ਪਖਾਨਾ ਵਰਤਣ ਯੋਗ ਨਹੀਂ। ਹਸਪਤਾਲ ਤਾਂ ਛੱਡੋ ਪਖਾਨਾ ਕਿਸੇ ਵੀ ਸਰਕਾਰੀ ਅਦਾਰੇ ਦਾ (ਬੱਸ ਸਟੈਂਡ, ਸਕੂਲ, ਕਾਲਜ, ਸੈਕਟਰੀਏਟ, ਤਹਿਸੀਲ ਆਦਿ) ਵਰਤਣ ਯੋਗ ਨਹੀਂ। ਪੰਜਾਬ ਦੀ ਤਰੱਕੀ ਦਾ ਇਥੋਂ ਵੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਨਵੰਬਰ 2021 ਵਿੱਚ ਸਿਹਤ ਵਿਭਾਗ ਵਿੱਚ 3200 ਅਸਾਮੀਆਂ ਖਾਲੀ ਸਨ, ਜਿਨ੍ਹਾਂ ਵਿੱਚੋਂ 807 ਅਸਾਮੀਆਂ ਡਾਕਟਰਾਂ ਦੀਆਂ, ਜਿਨ੍ਹਾਂ ਵਿੱਚੋਂ ਅੱਗੇ 494 ਸਪੈਸ਼ਲਿਸਟ ਡਾਕਟਰਾਂ ਦੀਆਂ ਸਨ। ਡਾਇਗਨੋਸਟਿਕ ਮਸ਼ੀਨਾਂ ਚਲਾਉਣ ਲਈ ਤਕਨੀਸ਼ਨਾਂ ਦੀ ਕਮੀ ਕਾਰਨ ਉਨ੍ਹਾਂ ਦੀ ਸੁਚੱਜੀ ਵਰਤੋਂ ਨਹੀਂ ਹੋ ਰਹੀ। ਦਵਾਈਆਂ ਦੀ ਕਮੀ ਅਕਸਰ ਹੀ ਸਰਕਾਰੀ ਹਸਪਤਾਲਾਂ ਵਿੱਚ ਵੇਖੀ ਜਾਂਦੀ ਹੈ।

ਕਾਨੂੰਨ ਵਿਵਸਥਾ ਦੇ ਮਾਮਲੇ ਵਿੱਚ ਕਿਹਾ ਜਾਂਦਾ ਹੈ ਕਿ ਅਜ਼ਾਦੀ ਤੋਂ ਬਾਅਦ 1970 ਤੋਂ 1980 ਦਾ ਸਮਾਂ ਪੰਜਾਬ ਲਈ ਸੁਨਹਿਰੀ ਸਮਾਂ ਸੀ, ਉਸ ਤੋਂ ਪਹਿਲਾਂ 1947 ਦੀ ਹਿੱਲਜੁਲ ਕਾਰਨ ਕਾਫੀ ਲੋਕਾਂ ਕੋਲ ਰੋਜ਼ਗਾਰ ਦਾ ਕੋਈ ਸਾਧਨ ਨਹੀਂ ਸੀ ਅਤੇ ਪੇਟ ਦੀ ਅੱਗ ਬੁਝਾਉਣ ਲਈ ਪਸ਼ੂਆਂ ਅਤੇ ਫਸਲਾਂ ਦੀਆਂ ਚੋਰੀਆਂ ਲੁੱਟਾਂ-ਖੋਹਾਂ ਅਤੇ ਅਫੀਮ ਦੀ ਬਲੈਕ ਆਦਿ ਸੀ, ਪਰ 1966-67 ਦੀ ਹਰੀ ਕ੍ਰਾਂਤੀ ਤੋਂ ਬਾਅਦ ਲੋਕਾਂ ਦੀ ਆਮਦਨ ਵਧੀ ਅਤੇ ਇਹ ਸਭ ਕੁਝ ਖਤਮ ਨਹੀਂ ਤਾਂ ਕਹਿ ਲਓ ਨਾਮਾਤਰ ਹੀ ਰਹਿ ਗਿਆ ਸੀ। 1978 ਦੀ ਵਿਸਾਖੀ ਦਾ ਅਸਰ 1981-82 ਤੱਕ ਹੌਲੀ-ਹੌਲੀ ਵਧ ਗਿਆ ਅਤੇ ਫਿਰ ਜੋ ਹਨੇਰੀ ਚੱਲੀ ਬਹੁਤੇ ਪਾਠਕਾਂ ਨੇ ਪੜ੍ਹਿਆ-ਸੁਣਿਆ ਹੀ ਹੈ। ਅੱਜ ਹਾਲਾਤ ਇਹ ਹਨ ਕਿ ਜੇਲ੍ਹਾਂ ਵਿੱਚ ਬੈਠੇ ਲੋਕ ਵੀ ਹਰ ਤਰ੍ਹਾਂ ਦਾ ਹੁਕਮ ਚਲਾਉਂਦੇ ਅਤੇ ਮਨਵਾਉਂਦੇ ਹਨ। ਸੜਕਾਂ-ਖੇਤਾਂ ਵਿੱਚ ਤਾਂ ਛੱਡੋ ਲੋਕਾਂ ਨੂੰ ਘਰਾਂ ਦੇ ਅੰਦਰ ਬੈਠਿਆਂ ਨੂੰ ਕੁੱਟਿਆ-ਮਾਰਿਆ ਜਾਂਦਾ ਹੈ। ਗੁੰਡਾ ਅਨਸਰਾਂ ਨੂੰ ਪੁਲਸ ਦਾ ਕੋਈ ਡਰ ਨਹੀਂ ਰਿਹਾ, ਵੈਸੇ ਵੀ ਜਿਹੜੀ ਪੁਲਸ ਹੈ ਉਹ ਬਹੁਤੀ ਵੀ ਆਈ ਪੀ ਸਕਿਓਰਿਟੀ 'ਤੇ ਹੀ ਲੱਗੀ ਹੋਈ ਹੈ।

ਨਸ਼ੇ ਦਾ ਮੁੱਦਾ ਹਰ ਚੋਣਾਂ ਵੇਲੇ ਉਠਾਇਆ ਜਾਂਦਾ ਹੈ ਅਤੇ ਨਸ਼ੇ, ਭ੍ਰਿਸ਼ਟਾਚਾਰ ਅਤੇ ਗੁੰਡਾਗਰਦੀ ਦੇ ਮੁੱਦੇ 'ਤੇ ਹੁਣ ਚੌਥੀ ਸਰਕਾਰ ਬਣੀ ਹੈ, ਪਰ ਹਰ ਨਵੀਂ ਸਰਕਾਰ ਵੇਲੇ ਇਹ ਅਲਾਮਤਾਂ ਘਟਣ ਦੀ ਬਜਾਏ ਹਰ ਸਰਕਾਰ ਦੇ ਕਾਰਜਕਾਲ ਵਿੱਚ ਵਧਦੀਆਂ ਹਨ। ਵੈਸੇ ਹਰ ਸਰਕਾਰ ਬਦਲਣ ਵੇਲੇ ਕੁਝ 5-7 ਬੰਦੇ ਫੜ ਕੇ ਅੰਦਰ ਕੀਤੇ ਜਾਂਦੇ ਹਨ, ਜਿਹੜੇ ਕੁਝ ਸਮੇਂ ਬਾਅਦ ਜ਼ਮਾਨਤ ਅਤੇ ਫਿਰ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਜਾਂਦੇ ਹਨ।

ਪੰਜਾਬ ਦੀ ਧਰਤੀ ਦਰਿਆਵਾਂ ਦੀ ਰੋੜ੍ਹ ਨਾਲ ਬਣੀ ਹੋਣ ਕਰਕੇ ਹਰ ਜ਼ਮੀਨ ਹੇਠੋਂ ਰੇਤਾ ਨਿਕਲਦਾ ਹੈ। ਨਲਕਾ ਜਿਥੇ ਮਰਜੀ ਲਾਓ, ਹੇਠੋਂ ਵੱਖ-ਵੱਖ ਤਹਿਆਂ ਬਰੇਤੀ ਦੀਆਂ ਨਿਕਲਦੀਆਂ ਹਨ। 1980-90 ਤੱਕ ਰੇਤ ਨੂੰ ਕੋਈ ਪੁੱਛਦਾ ਨਹੀਂ ਸੀ, 30-40 ਰੁਪਏ ਦਾ ਗੱਡਾ ਅਤੇ 100-150 ਦੀ ਟਰਾਲੀ, ਜਿਸ ਕਿਸੇ ਨੇ ਮਕਾਨ ਬਣਾਉਣਾ ਹੁੰਦਾ ਸੀ, ਲੋਕ ਸੀਮਿੰਟ ਦਾ ਖਰਚਾ ਗਿਣਦੇ ਸੀ, ਰੇਤੇ ਦਾ ਖਰਚਾ ਕਿਸੇ ਗਿਣਤੀ ਵਿੱਚ ਨਹੀਂ ਸੀ। ਅੱਜ ਉਹੋ ਹੀ ਰੇਤਾ 30 ਤੋਂ 50 ਰੁਪਏ ਫੁੱਟ ਮਿਲਦਾ ਹੈ। ਰੇਤਾ ਲਿਆਉਣ ਵਾਲਿਆਂ ਨੂੰ ਰੇਤੇ ਦੇ ਖਰਚੇ ਤੋਂ ਇਲਾਵਾ ਗੁੰਡਾ ਟੈਕਸ ਵੀ ਦੇਣਾ ਪੈਂਦਾ ਹੈ। ਗੁੰਡਾ ਟੈਕਸ ਏਨਾ ਵਧ ਗਿਆ ਹੈ ਕਿ ਗੱਡੀਆਂ ਦੀ ਪਾਰਕਿੰਗ ਵਿੱਚ ਵੀ ਦੇਣਾ ਪੈਂਦਾ ਹੈ। ਇਹ ਹਨ ਉਹ ਮੁੱਦੇ ਜਿਨ੍ਹਾਂ ਵੱਲ ਸਰਕਾਰ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ।

 # ਸੰਪਰਕ : 96537-90000

ਧੁਆਂਖੀ ਧੁੰਦ ਤੇ ਸੜਕ ਹਾਦਸੇ

ਪਿਛਲੇ ਦੋ ਦਿਨਾਂ ਤੋਂ ਉੱਤਰੀ ਭਾਰਤ ਵਿੱਚ ਪੈ ਰਹੀ ਧੁੰਦ ਨੇ ਜਿਥੇ ਤਾਪਮਾਨ ਵਿੱਚ ਗਿਰਾਵਟ ਲਿਆ ਕੇ ਸਰਦੀ ਦਾ ਅਹਿਸਾਸ ਕਰਵਾ ਦਿੱਤਾ ਹੈ, ਉਥੇ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਵੱਲ ਵੀ ਧਿਆਨ ਕੇਂਦਰਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਭ ਤੋਂ ਪਹਿਲਾਂ ਵਾਤਾਵਰਨ ਵਿੱਚ ਮੌਜੂਦ ਪ੍ਰਦੂਸ਼ਣ ਧੁੰਦ ਨਾਲ ਮਿਲ ਕੇ ਧੁਆਂਖੀ ਧੁੰਦ ਦਾ ਰੂਪ ਧਾਰਨ ਕਰ ਲੈਂਦਾ ਹੈ, ਜਿਸ ਨਾਲ ਸੜਕ 'ਤੇ ਚੱਲਣ ਸਮੇਂ ਕੁਝ ਵੀ ਦਿਖਾਈ ਨਹੀਂ ਦਿੰਦਾ ਅਤੇ ਨਤੀਜੇ ਵਜੋਂ ਸੜਕ ਹਾਦਸੇ ਵਾਪਰਦੇ ਹਨ ਅਤੇ ਕਈ ਅਨਮੋਲ ਜਾਨਾਂ ਅਜ਼ਾਈਂ ਹੀ ਚਲੀਆਂ ਜਾਂਦੀਆਂ ਹਨ।

ਪਾਠਕ-ਸੱਥ

ਸੜਕ ਹਾਦਸਿਆ ਤੋਂ ਬਚਣ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਸਭ ਤੋਂ ਜ਼ਰੂਰੀ ਹੈ, ਜਿਸ ਨਾਲ ਅਸੀਂ ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਬਚਾਉਣ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ। ਸੜਕ ਹਾਦਸਿਆ ਨੂੰ ਰੋਕਣ ਲਈ ਸੰਚਾਰ ਦੇ ਸਾਧਨਾਂ ਦੇ ਨਾਲ-ਨਾਲ ਹਰ ਇੱਕ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਉਹ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਹੋਵੇ ਅਤੇ ਦੂਜਿਆਂ ਨੂੰ ਵੀ ਜਾਗਰੂਕ ਕਰੇ, ਤਾਂ ਜੋ ਨਿਰੰਤਰ ਵਾਪਰ ਰਹੇ ਸੜਕ ਹਾਦਸਿਆਂ ਨੂੰ ਰੋਕ ਕੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।

-ਰਜਵਿੰਦਰ ਪਾਲ ਸ਼ਰਮਾ, 70873-67969

ਕੋਰੋਨਾ ਦੇ ਨਵੇਂ ਵੇਰੀਐਂਟ ਦਾ ਖਤਰਾ

ਮੀਡੀਆ ਅਨੁਸਾਰ ਚੀਨ ਦੇ ਹਾਲਾਤ ਕੋਰੋਨਾ ਦੇ ਨਵੇਂ ਵੇਰੀਐਂਟ ਵੀ-ਐੱਫ 7 ਕਰਕੇ ਖਰਾਬ ਹੋ ਗਏ ਹਨ। ਚੀਨ ਦੇ ਹਸਪਤਾਲਾਂ ਵਿੱਚ ਕੋਰੋਨਾਂ ਦੇ ਮਰੀਜ਼ਾ ਲਗਾਤਾਰ ਆ ਰਹੇ ਹਨ, ਮਹਿਰਾਂ ਅਨੁਸਾਰ ਇਹ ਦੂਸਰੇ ਵੇਰੀਐਂਟ ਦੇ ਮੁਕਾਬਲੇ ਤੇਜ਼ੀ ਨਾਲ ਫੈਲਦਾ ਹੈ, ਇਸ ਨਾਲ ਬੁਖਾਰ, ਖੰਘ, ਲੱਕ ਦਰਦ, ਥਕਾਵਟ , ਸਿਰ ਦਰਦ ਹੁੰਦਾ ਹੈ।

ਜੇਕਰ ਇਸ ਵਾਰ ਵੀ ਕੋਰੋਨਾ ਆਉਂਦਾ ਤਾਂ ਅਸੀਂ ਇਸ ਦਾ ਮੁਕਾਬਲਾ ਪੂਰਨ ਦ੍ਰਿੜ੍ਹਤਾ ਅਤੇ ਹੋਸਲੇ ਨਾਲ ਕਰਨਾ ਹੈ। ਸਾਨੂੰ ਬੇ-ਵਜਾ ਕਿਤੇ ਜਾਣ ਤੋਂ ਬਚਣਾ ਹੋਵੇਗਾ,ਬਹੁਤ ਜ਼ਿਆਦਾ ਸਖਤ ਜ਼ਰੂਰਤ ਹੋਵੇ ਤਾਂ ਹੀ ਘਰ ਤੋਂ ਬਾਹਰ ਨਿਕਲੋ , ਭਾਵੇਂ ਉਹ ਸਫਰ ਬੱਸ, ਕਾਰ, ਟਰੇਨ ਜਾਂ ਹਵਾਈ ਜਹਾਜ਼ ਦਾ ਕਿਉਂ ਨਾ ਹੋਵੇ। ਭੀੜ ਵਾਲੀਆਂ ਥਾਂਵਾ 'ਤੇ ਜਾਣ ਤੋਂ ਗੁਰੇਜ਼ ਕਰੋ, ਇਸ ਤੋਂ ਇਲਾਵਾ ਸਰਕਾਰ ਵਲੋਂ ਸਮੇਂ-ਸਮੇਂ 'ਤੇ ਦਿੱਤੀਆਂ ਹਦਾਇਤਾਂ ਦਾ ਪਾਲਣ ਕਰਕੇ ਅਸੀਂ ਇਸ ਤੋਂ ਆਸਾਨੀ ਨਾਲ ਬੱਚ ਸਕਦੇ ਹਾਂ। ਘਰਾਂ ਵਿੱਚ ਬਜ਼ੁਰਗਾਂ ਦਾ ਅਤੇ ਖਾਸ ਤੌਰ 'ਤੇ ਬਿਮਾਰ ਬਜ਼ੁਰਗਾਂ ਦਾ ਵਿਸ਼ੇਸ਼ ਧਿਆਨ ਰੱਖਣ ਦੀ ਜ਼ਰੂਰਤ ਹੈ, ਕਿਉਂਕਿ ਇਨ੍ਹਾਂ ਦੀ ਬਿਮਾਰੀ ਨਾਲ ਮੁਕਾਬਲਾ ਕਰਨ ਦੀ ਸਮਰੱਥਾ ਬਹੁਤ ਘੱਟ ਹੁੰਦੀ ਹੈ। ਬਾਕੀ ਸਿਆਣਿਆਂ ਦੀ ਕਹਾਵਤ 'ਇਲਾਜ਼ ਨਾਲੋਂ ਪਰਹੇਜ਼ ਚੰਗਾ ਇੱਥੇ ਢੁੱਕਦੀ ਏ।

ਕੰਵਰਦੀਪ ਸਿੰਘ ਭੱਲਾ (ਪਿੱਪਲਾਂ ਵਾਲਾ), 99881-94776

24-DEC-PAGE-5.qxd 12/23/2022 9:44 PM Page 1

ਵਿਧਾਇਕ ਦੀ ਮਿਹਨਤ ਸਦਕਾ 7 ਸਾਲਾਂ ਬਾਅਦ ਖੁੱਲ੍ਹਿਆ ਟਰੱਕ ਯੂਨੀਅਨ ਦਾ ਤਾਲਾ

ਸੁਖਜਿੰਦਰ ਸਿੰਘ ਬੱਬਲੂ ਬਰਾੜ ਪ੍ਰਧਾਨ, ਛਿੰਦਾ ਸੰਧੂ ਸੀਨੀ. ਮੀਤ ਪ੍ਰਧਾਨ ਤੇ ਦਵਿੰਦਰ ਕੁਮਾਰ ਮੀਤ ਪ੍ਰਧਾਨ ਬਣੇ

ਟਰੱਕ ਯੂਨੀਅਨ ਖੁੱਲ੍ਹਣ 'ਤੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦਾ ਮੂੰਹ ਮਿੱਠਾ ਕਰਵਾਉਂਦੇ ਟਰੱਕ ਆਪ੍ਰੇਟਰ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਪਿਛਲੇ ਸੱਤ ਸਾਲਾਂ ਤੋਂ ਬੰਦ ਪਈ ਟਰੱਕ ਯੂਨੀਅਨ ਮੁਕਤਸਰ ਦਾ ਤਾਲਾ ਆਖਰਕਾਰ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦੀ ਮਿਹਨਤ ਸਦਕਾ ਖੁੱਲ੍ਹ ਹੀ ਗਿਆ, ਜਿਸ ਨਾਲ ਟਰੱਕ ਅਪਰੇਟਰਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਵਰਣਨਯੋਗ ਹੈ ਕਿ ਪਿਛਲੀਆਂ ਸਰਕਾਰਾਂ ਵੱਲੋਂ ਆਪਣਾ ਨਿੱਜੀ ਮੁਫਾਦ ਖੱਟਣ ਲਈ ਆਪਣਾ ਫਾਇਦਾ ਕਰਨ ਉਪਰੰਤ ਟਰੱਕ ਯੂਨੀਅਨ ਨੂੰ ਤਾਲਾ ਲਗਵਾ ਦਿੱਤਾ ਸੀ, ਜਿਸ ਕਾਰਨ ਟਰੱਕ ਆਪ੍ਰੇਟਰਾਂ ਦੀ ਹਾਲਤ ਬਹੁਤ ਹੀ ਤਰਸਯੋਗ ਹੋ ਗਈ ਸੀ। ਯੂਨੀਅਨ ਬੰਦ ਹੋਣ ਨਾਲ ਟਰੱਕ ਆਪ੍ਰੇਟਰ ਆਪਣੀਆਂ ਗੱਡੀਆਂ ਵੇਚਣ ਨੂੰ ਮਜਬੂਰ ਹੋਣ ਲੱਗ ਪਏ ਤੇ ਜਿਨ੍ਹਾਂ ਕੋਲ 20-20 ਗੱਡੀਆਂ ਸਨ, ਉਹ ਵੀ 4 ਤੋਂ 5 ਗੱਡੀਆਂ 'ਤੇ ਆ ਰਹੇ ਹਨ। ਟਰੱਕ ਆਪ੍ਰੇਟਰ ਵਾਰ-ਵਾਰ ਪਿਛਲੀ ਸਰਕਾਰ ਨੂੰ ਦੁਹਾਈ ਦਿੰਦੇ ਰਹੇ, ਪ੍ਰੰਤੂ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ ਗਈ। ਇਸ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ 'ਤੇ ਟਰੱਕ ਆਪ੍ਰੇਟਰਾਂ ਦਾ ਸਾਥ ਦਿੰਦਿਆਂ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਰਕਾਰ ਕਾਨੂੰਨੀ ਪ੍ਰਕਿਰਿਆ ਨੂੰ ਪੂਰੀ ਕਰਦਿਆਂ ਸ਼ੁੱਕਰਵਾਰ ਨੂੰ ਤੜਕਸਾਰ ਯੂਨੀਅਨ ਦਾ ਤਾਲਾ ਖੋਲ੍ਹ ਦਿੱਤਾ। ਇਸ ਮੌਕੇ ਸਰਵਸੰਮਤੀ ਨਾਲ ਸੁਖਜਿੰਦਰ ਸਿੰਘ 'ਬੱਬਲੂ ਬਰਾੜ' ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਤੇ ਛਿੰਦਾ ਸੰਧੂ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਦਵਿੰਦਰ ਕੁਮਾਰ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਤੋਂ ਬਾਅਦ ਅਹੁਦੇਦਾਰਾਂ ਨੂੰ ਬਾਕੀ ਦੀ ਟੀਮ ਚੁਨਣ ਲਈ ਆਖਿਆ। ਇਸ ਉਪਰੰਤ ਨਵ-ਨਿਯੁਕਤ ਪ੍ਰਧਾਨ ਸੁਖਜਿੰਦਰ ਸਿੰਘ 'ਬੱਬਲੂ ਬਰਾੜ' ਨੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਭਰੋਸਾ ਦੁਆਇਆ ਕਿ ਉਹ ਉਨਾਂ ਨੂੰ ਡਿਊਟੀ ਸੌਂਪੀ ਗਈ ਹੈ, ਉਹ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ।

ਇਸ ਮੌਕੇ ਟਰੱਕ ਆਪ੍ਰੇਟਰਾਂ ਨੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦਾ ਦਿਲੋਂ ਧੰਨਵਾਦ ਕਰਦਿਆਂ ਆਖਿਆ ਕਿ ਉਹ ਉਨ੍ਹਾਂ ਲਈ ਰੱਬ ਬਣ ਕੇ ਆਏ ਹਨ। ਇਨ੍ਹਾਂ ਕਰਕੇ ਸਾਡੇ ਠੰਡੇ ਪਏ ਚੁੱਲ੍ਹੇ ਮੁੜ ਤੋਂ ਸੁਲਗਣਗੇ।

ਇਸ ਮੌਕੇ ਪਰਮਜੀਤ ਸਿੰਘ ਪੰਮਾ ਨੰਬਰਦਾਰ, ਜਗਦੀਪ ਸਿੰਘ ਢਿੱਲੋਂ ਭੁੱਟੀਵਾਲਾ, ਗੁਰਚਰਨ ਸਿੰਘ ਸਰਾਂ, ਅਰਸ਼ ਬਰਾੜ ਜੱਸੇਆਣਾ, ਬਲਾਕ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਰਾਜੂ, ਬਲਾਕ ਪ੍ਰਧਾਨ ਸੁਮਨ ਕੁਮਾਰ ਤੋਤੀ, ਮਿਲਾਪਜੀਤ ਸਿੰਘ ਗਿੱਲ, ਬਿੰਦਰ ਐੱਮ ਸੀ, ਭਗਵੰਤ ਸਿੰਘ ਮੱਤਾ, ਅਮਰਜੀਤ ਸਿੰਘ, ਅਮਰਜੀਤ ਸਿੰਘ, ਬਲਜੀਤ ਭੁੱਲਰ, ਤਰਲੋਚਨ ਸਿੰਘ, ਯਾਦਵਿੰਦਰ ਸਿੰਘ, ਗੱਗਾ ਬਰਾੜ, ਕਾਲਾ ਸਿੰਘ, ਕਾਲਾ ਸਿੰਘ, ਧਰਮਜੀਤ ਸਿੰਘ ਵੜਿੰਗ, ਅਜਵਿੰਦਰ ਸਿੰਘ ਰਾਜੂ ਪੂਨੀਆ, ਰਾਜੀਵ ਕਾਕਾ ਗਾਂਧੀ, ਮਨੀ ਉਦੇਕਰਨ, ਇਕਬਾਲ ਬੁੱਟਰ ਆਦਿ ਵੱਡੀ ਗਿਣਤੀ 'ਚ ਟਰੱਕ ਆਪ੍ਰੇਟਰ ਹਾਜ਼ਰ ਸਨ।

ਭਾਕਿਯੂ (ਏਕਤਾ) ਸਿੱਧੂਪੁਰ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਧਰਨਾ

ਮਾਨਸਾ (ਆਤਮਾ ਸਿੰਘ ਪਮਾਰ)

ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਮਾਨਸਾ ਦਫਤਰ ਮੂਹਰੇ ਧਰਨਾ ਦਿੱਤਾ ਗਿਆ। ਇਸ ਮੌਕੇ ਮੰਗ ਪੱਤਰ ਦੇਣ ਸਮੇਂ ਜਾਂਦੇ ਹੋਏ ਕਾਫਲੇ ਦਾ ਪ੍ਰਸ਼ਾਸਨ ਨਾਲ ਹਲਕਾ ਤਰਕਾਰ ਵੀ ਹੋਇਆ ਤੇ ਬਾਅਦ ਵਿੱਚ ਕਿਸਾਨਾਂ ਨੇ ਤਹਿਸੀਲਦਾਰ ਨੂੰ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਸਰਕਾਰ ਵੱਲ ਮੰਗ ਪੱਤਰ ਭੇਜਿਆ। ਧਰਨੇ ਨੂੰ ਸੰਬੋਧਨ ਕਰਦਿਆਂ ਲਖਵੀਰ ਅਕਲੀਆ ਨੇ ਕਿਹਾ ਕਿ ਸਰਕਾਰ ਦੇ ਧਿਆਨ ਵਿੱਚ ਹੋਣ ਦੇ ਬਾਵਜੂਦ ਚੋਰ ਬਾਜ਼ਾਰੀ ਬਾਜ਼ਾਰਾਂ ਵਿੱਚ ਆਮ ਚੱਲ ਰਹੀ ਹੈ। ਦੁਕਾਨਦਾਰ ਕਿਸਾਨਾਂ ਨੂੰ ਯੂਰੀਆ ਖਾਦ ਲੈਣ ਦੇ ਨਾਲ ਨਾਲ ਹੋਰ ਵਸਤਾਂ ਲੈਣ ਲਈ ਵੀ ਮਜਬੂਰ ਕਰ ਰਹੇ ਹਨ, ਪਰ ਸਰਕਾਰ ਦਾ ਖੇਤੀਬਾੜੀ ਵਿਭਾਗ ਸਥਿਤੀ 'ਤੇ ਕੰਟਰੋਲ ਕਰਨ ਦੀ ਬਜਾਏ ਕੁੰਭਕਰਨੀ ਨੀਂਦ ਸੁੱਤਾ ਹੋਇਆ ਹੈ ਜਾਂ ਫਿਰ ਜਖੀਰੇਬਾਜ਼ਾਂ ਨਾਲ ਮਿਲੀਭੁਗਤ ਕਾਰਨ ਸਾਰਾ ਵਰਤਾਰਾ ਵਾਪਰ ਰਿਹਾ ਹੈ। ਉਨ੍ਹਾ ਕਿਹਾ ਕਿ ਸਹਿਕਾਰੀ ਵਿਭਾਗ ਨੇ ਜੋ ਕਿਸਾਨਾਂ ਦੇ ਨਵੇਂ ਹੱਦ ਕਰਜ਼ੇ ਬਣਾਏ ਹਨ, ਉਨ੍ਹਾਂ ਉੱਤੇ ਕਿਸਾਨਾਂ ਨੂੰ ਬੈਂਕਾਂ ਵਿੱਚੋਂ ਬੇਰੰਗ ਮੁੜਨਾ ਪੈ ਰਿਹਾ ਹੈ ਅਤੇ ਨਾ ਹੀ ਕਿਸਾਨਾਂ ਨੂੰ ਖਾਦ ਤੇ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਸਕੱਤਰ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਮਾਨਸਾ ਜ਼ਿਲ੍ਹਾ ਵੱਡੀ ਪੱਧਰ 'ਤੇ ਸਬਜ਼ੀਆਂ ਦੀ ਕਾਸ਼ਤ ਕਰ ਰਿਹਾ ਹੈ ਤੇ ਬਿਜਲੀ ਦੀ ਸਪਲਾਈ ਰਾਤ ਦੀ ਹੋਣ ਕਰਕੇ ਸਬਜ਼ੀਆਂ ਨੂੰ ਪਾਣੀ ਰਾਤ ਸਮੇਂ ਦੇਣਾ ਮੁਸ਼ਕਲ ਹੋ ਰਿਹਾ ਹੈ। ਉਨ੍ਹਾ ਨੇ ਬਿਜਲੀ ਦੀ ਸਪਲਾਈ ਦਿਨ ਸਮੇਂ ਕਰਨ ਦੀ ਮੰਗ ਸਰਕਾਰ ਦੇ ਅੱਗੇ ਰੱਖੀ। ਉਨ੍ਹਾ ਕਿਹਾ ਕਿ ਮਜ਼ਦੂਰ ਵਰਗ ਵਿੱਚੋਂ ਵੱਡਾ ਹਿੱਸਾ ਨਰਮੇ ਦੀ ਚੁਗਾਈ ਦੇ ਪੈਸਿਆਂ ਤੋਂ ਵਾਂਝਾ ਰਹਿ ਗਿਆ ਹੈ, ਉਨ੍ਹਾਂ ਦੀ ਬਣਦੀ ਰਾਸ਼ੀ ਤੁਰੰਤ ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾਵੇ। ਇਸ ਸਮੇਂ ਜਗਦੇਵ ਸਿੰਘ ਭੈਣੀ ਬਾਘਾ, ਜਗਦੇਵ ਸਿੰਘ ਕੋਟਲੀ, ਰੂਪ ਸਿੰਘ ਖਿਆਲਾ, ਗੁਰਚਰਨ ਸਿੰਘ ਉੱਲਕ, ਦੀਦਾਰ ਸਿੰਘ ਖਾਰਾ, ਗੁਰਵਿੰਦਰ ਸਿੰਘ ਰਾਠੀ, ਕਾਕਾ ਸਿੰਘ ਭੈਣੀ, ਕਾਲਾ ਸਿੰਘ ਅਕਲੀਆ ਆਦਿ ਨੇ ਵੀ ਸੰਬੋਧਨ ਕੀਤਾ।

ਅਧਿਕਾਰੀ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨਾ ਬਣਾਉਣ ਯਕੀਨੀ : ਸ਼ੌਕਤ ਅਹਿਮਦ ਪਰੇ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਯੋਗ ਅਗਵਾਈ ਹੇਠ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਸੁਚੱਜਾ ਪ੍ਰਸ਼ਾਸਨ ਸਪਤਾਹ ਸੰਬੰਧੀ ਜ਼ਿਲ੍ਹਾ ਪੱਧਰੀ ਵਰਕਸ਼ਾਪ ਆਯੋਜਿਤ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਪੁਲਸ ਮੁਖੀ ਜੇ. ਇਲਨਚੇਲੀਅਨ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਦੌਰਾਨ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਸਰਕਾਰ ਵਲੋਂ ਸੁਚੱਜਾ ਪ੍ਰਸ਼ਾਸਨ ਸਪਤਾਹ 19 ਤੋਂ 25 ਦਸੰਬਰ ਤੱਕ ਮਨਾਇਆ ਜਾ ਰਿਹਾ ਹੈ। ਇਸ ਸਪਤਾਹ ਦਾ ਮੁੱਖ ਮੰਤਵ ਆਮ ਲੋਕਾਂ ਨੂੰ ਬੇਹਤਰ ਪ੍ਰਸ਼ਾਸਨਿਕ ਸੇਵਾਵਾਂ ਪਿੰਡਾਂ 'ਚ ਉਨ੍ਹਾਂ ਦੇ ਦਰਾਂ ਤੱਕ ਜਾ ਕੇ ਮੁਹੱਈਆ ਕਰਵਾਉਣਾ ਹੈ। ਇਸ ਤਹਿਤ ਜ਼ਿਲ੍ਹਾ ਅਤੇ ਉਪ ਮੰਡਲ ਪੱਧਰ 'ਤੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਸਪੈਸ਼ਲ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ 'ਚ ਵੱਖ-ਵੱਖ ਪਿੰਡਾਂ ਤੋਂ ਆਏ ਲੋਕਾਂ ਦੀਆਂ ਸਾਂਝੀਆਂ ਅਤੇ ਨਿੱਜੀ ਸਮੱਸਿਆਵਾਂ ਸੁਣੀਆਂ ਜਾਂਦੀਆਂ ਹਨ। ਇਸ ਦੌਰਾਨ ਜਿੱਥੇ ਆਮ ਲੋਕਾਂ ਦੀਆਂ ਜਾਇਜ਼ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਜਾਂਦਾ ਹੈ, ਉੱਥੇ ਹੀ ਰਹਿੰਦੀਆਂ ਸਮੱਸਿਆਵਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਵੀ ਦਿੱਤੇ ਜਾਂਦੇ ਹਨ। ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪੋ-ਆਪਣੇ ਵਿਭਾਗ ਨਾਲ ਸੰਬੰਧਤ ਲੋਕ ਹਿੱਤ 'ਚ ਹੋਰ ਬੇਹਤਰ ਸੇਵਾਵਾਂ ਮੁਹੱਈਆ ਕਰਵਾਉਣ ਲਈ ਡਾਕੂਮੈਂਟ ਵਿਜ਼ਨ ਤਿੰਨ ਦਿਨਾਂ ਦੇ ਅੰਦਰ-ਅੰਦਰ ਬਣਾਉਣਾ ਯਕੀਨੀ ਬਣਾਉਣ ਤਾਂ ਜੋ ਸਰਕਾਰ ਦੇ ਧਿਆਨ 'ਚ ਲਿਆ ਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ। ਉਨ੍ਹਾ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਸ਼ਿਕਾਇਤ ਕਰਤਾ ਨੂੰ ਬਿਨਾਂ ਸੁਣੇ ਕੋਈ ਵੀ ਸ਼ਿਕਾਇਤ ਫਾਈਲ ਨਾ ਕੀਤੀ ਜਾਵੇ। ਪ੍ਰਾਪਤ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਇਸ ਦੌਰਾਨ ਪੀ ਐਲ ਆਰ ਐਸ ਵੱਲੋਂ ਫ਼ਰਦ ਕੇਂਦਰਾਂ ਰਾਹੀਂ, ਸੇਵਾ ਕੇਂਦਰ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਈ-ਸੇਵਾਵਾਂ, ਜ਼ਿਲ੍ਹਾ ਉਦਯੋਗ ਕੇਂਦਰ ਅਤੇ ਸਮਾਜਕ ਸੁਰੱਖਿਆ ਵਿਭਾਗ ਵੱਲੋਂ ਆਪੋ-ਆਪਣੇ ਵਿਭਾਗ ਨਾਲ ਸੰਬੰਧਤ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਸੈਮੀਨਾਰ ਦੌਰਾਨ ਪ੍ਰਸ਼ਾਸਨਕ ਸੇਵਾਵਾਂ ਨੂੰ ਹੋਰ ਬੇਹਤਰ ਤਰੀਕੇ ਨਾਲ ਆਮ ਲੋਕਾਂ ਤੱਕ ਪਹੁੰਚਣ ਲਈ ਅਧਿਕਾਰੀਆਂ ਕੋਲੋਂ ਲੋੜੀਂਦੇ ਸੁਝਾਅ ਵੀ ਲਏ ਗਏ। ਬੇਹਤਰ ਸੇਵਾਵਾਂ ਮੁਹੱਈਆ ਕਰਵਾਉਣ ਵਾਲੇ ਅਧਿਕਾਰੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਕਮਿਸ਼ਨਰ ਨਗਰ ਨਿਗਮ ਰਾਹੁਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਡਾ. ਆਰ ਪੀ ਸਿੰਘ, ਸਹਾਇਕ ਕਮਿਸ਼ਨਰ ਜਨਰਲ ਸਾਰੰਗਪ੍ਰੀਤ ਸਿੰਘ ਔਜਲਾ, ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਓਮ ਪ੍ਰਕਾਸ਼, ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਬਠਿੰਡਾ ਪ੍ਰੀਤ ਮਹਿੰਦਰ ਸਿੰਘ ਬਰਾੜ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਹਾਜ਼ਰ ਸਨ।

ਕਾਤਰਾਂ

ਗੁਰਦੁਆਰਾ ਸਾਹਿਬ 'ਚ ਚੋਰੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਰਾਣੀ ਸਬਜ਼ੀ ਮੰਡੀ ਨੇੜੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਬੀਤੀ ਰਾਤ ਚੋਰਾਂ ਨੇ ਗੋਲਕਾਂ ਭੰਨ ਉਸ ਵਿੱਚ ਪਈ ਹਜ਼ਾਰਾਂ ਰੁਪਏ ਦੀ ਨਕਦੀ ਉਡਾ ਲਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਸੇਵਾ ਸਿੰਘ ਨੇ ਦੱਸਿਆ ਕਿ ਚੋਰ ਗਰਿੱਲ ਤੋੜ ਕੇ ਗੁਰੂ ਘਰ ਦੀ ਇਮਾਰਤ ਅੰਦਰ ਦਾਖਲ ਹੋਏ ਤੇ ਗੋਲਕ ਦੇ ਤਾਲੇ ਤੋੜ ਕੇ ਉਸ 'ਚੋਂ ਨਕਦੀ ਚੋਰੀ ਕਰ ਲਈ। ਇਸ ਤੋਂ ਇਲਾਵਾ ਨਾਲ ਹੀ ਬਣੇ ਮੰਦਰ 'ਚ ਪਈਆਂ 2 ਗੋਲਕਾਂ ਭੰਨ ਕੇ ਉਸ ਵਿੱਚੋਂ ਵੀ ਨਕਦੀ ਕੱਢ ਲਈ। ਚੋਰਾਂ ਨੇ ਸਭ ਤੋਂ ਪਹਿਲਾਂ ਗੁਰੂ ਘਰ ਲੱਗੇ ਸੀਸੀਟੀਵੀ ਕੈਮਰੇ ਬੰਦ ਕਰ ਦਿੱਤੇ ਤਾਂ ਜੋ ਉਨ੍ਹਾਂ ਦੀ ਪਹਿਚਾਣ ਨਾ ਹੋ ਸਕੇ। ਘਟਨਾ ਦੀ ਸੂਚਨਾ ਮਿਲਦੇ ਹੀ ਮਾਛੀਵਾੜਾ ਪੁਲਸ ਦੇ ਅਧਿਕਾਰੀ ਮੌਕੇ 'ਤੇ ਪੁੱਜੇ, ਜਿਨ੍ਹਾਂ ਨੇ ਜਾਇਜ਼ਾ ਲੈ ਕੇ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ ਦਰਜ ਕਰ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ।

ਅੱਜ ਬਿਜਲੀ ਬੰਦ ਰਹੇਗੀ

ਬੁਢਲਾਡਾ (ਲਾਕੜਾ)-ਸਥਾਨਕ ਪਾਵਰਕਾਮ ਉੱਪ-ਮੰਡਲ ਬੁਢਲਾਡਾ ਦੇ ਅਫਸਰ ਇੰਜ: ਕੇਵਲ ਸਿੰਘ ਛੀਨਾ ਨੇ ਦੱਸਿਆ ਕਿ 66 ਕੇ. ਵੀ. ਸਬ-ਸਟੇਸ਼ਨ ਬੁਢਲਾਡਾ ਤੋਂ 11 ਕੇ. ਵੀ. ਐੱਚ. ਪੀ. ਰੋਡ ਸ਼ਹਿਰੀ ਦੀ ਨਵੀਂ ਲਾਈਨ ਪਾਉਣ ਲਈ 11 ਕੇ. ਵੀ. ਸ਼ਹਿਰੀ ਫੀਡਰ ਬੁਢਲਾਡਾ, ਤਾਜ ਪੈਲੇਸ ਰੋਡ, ਬੱਸ ਅੱਡਾ ਰੋਡ ਤੇ ਐੱਚ. ਪੀ. ਰੋਡ ਸ਼ਹਿਰੀ ਦੀ ਬਿਜਲੀ ਸਪਲਾਈ 24 ਦਸੰਬਰ ਨੂੰ ਸਵੇਰੇ 10 ਤੋਂ 5 ਵਜੇ ਤੱਕ ਬੰਦ ਰਹੇਗੀ।

ਰਾਕੇਸ਼ ਜੈਨ ਨੂੰ ਜ਼ਿਲ੍ਹਾ ਪ੍ਰਧਾਨ ਬਣਾਉਣ ਨਾਲ ਪਾਰਟੀ ਮਜ਼ਬੂਤ ਹੋਵੇਗੀ : ਗੋਇਲ

ਬਰੇਟਾ (ਰੀਤਵਾਲ)-ਭਾਰਤੀ ਜਨਤਾ ਪਾਰਟੀ ਵੱਲੋਂ ਸੂਬੇ ਵਿੱਚ ਬੀ ਜੇ ਪੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਨਵੇਂ ਜ਼ਿਲ੍ਹਾ ਪ੍ਰਧਾਨਾ ਦੀ ਨਿਯੁਕਤੀ ਕੀਤੀ ਗਈ ਹੈ, ਜਿਸ ਵਿੱਚ ਪਾਰਟੀ ਦੇ ਸੀਨੀਅਰ ਆਗੂ ਰਾਕੇਸ਼ ਜੈਨ ਨੂੰ ਜ਼ਿਲ੍ਹਾ ਮਾਨਸਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਥਾਨਕ ਮੰਡਲ ਪ੍ਰਧਾਨ ਗਜਿੰਦਰ ਗੋਇਲ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਇਸ ਨਿਯੁਕਤੀ ਨਾਲ ਪਾਰਟੀ ਜ਼ਿਲ੍ਹੇ ਵਿੱਚ ਮਜ਼ਬੂਤ ਹੋਵੇਗੀ। ਉਨ੍ਹਾ ਕਿਹਾ ਕਿ ਇਹ ਨਿਯੁਕਤੀ ਨਾਲ ਪਾਰਟੀ ਵਰਕਰਾਂ ਦਾ ਹੌਸਲਾ ਵਧੇਗਾ, ਕਿਉਂਕਿ ਰਾਕੇਸ਼ ਜੈਨ ਪਾਰਟੀ ਦੇ ਸਮਰਪਤ ਵਰਕਰ ਹਨ। ਇਸ ਮੌਕੇ ਪ੍ਰੇਮ ਬਖਸ਼ੀਵਾਲਾ, ਸੂਰਜ ਪ੍ਰਕਾਸ਼, ਨਰਾਇਣ ਦਾਸ, ਤਰਸੇਮ ਚੰਦ ਟੋਨੀ, ਅਸ਼ੋਕ ਕੁਮਾਰ, ਪਵਨ ਕੁਮਾਰ, ਜਗਸੀਰ ਸ਼ਰਮਾ, ਜਗਪਾਲ ਸਿੰਘ, ਬਲਵਾਨ ਸ਼ਰਮਾ, ਸੁਦਰਸ਼ਨ ਗੁਪਤਾ, ਨਰਿੰਦਰ ਕੁਮਾਰ ਹਾਜ਼ਰ ਸਨ।

ਕੁੱਟਮਾਰ ਦੇ ਦੋਸ਼ 'ਚ ਮਾਮਲਾ ਦਰਜ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਕਬਰਵਾਲਾ ਪੁਲਸ ਨੇ ਕੁੱਟਮਾਰ ਕਰਨ ਦੇ ਦੋਸ਼ ਹੇਠ ਇੱਕ ਵਿਅਕਤੀ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਬਿੱਲੂ ਸਿੰਘ ਵਾਸੀ ਪੱਕੀ ਟਿੱਬੀ ਨੇ ਦੱਸਿਆ ਕਿ ਉਹ ਪਿੰਡ ਮਲੋਟ ਵਿੱਚ ਟਾਈਪਿਸਟ ਦਾ ਕੰਮ ਕਰਦਾ ਹੈ ਤੇ ਕਰੀਬ ਰਾਤ ਨੂੰ 9 ਵਜੇ ਆਪਣੇ ਪਿੰਡ ਗਲੀ ਵਿੱਚ ਬੈਠਾ ਆਪਣੇ ਸਾਥੀ ਸ਼ੇਰੂ ਨਾਲ ਗੱਲਬਾਤ ਕਰ ਰਿਹਾ ਹੈ ਤਾਂ ਇੰਨੇ ਵਿੱਚ ਰਾਜੂ ਕਬਾੜੀਆ ਆ ਗਿਆ, ਜਿਸ ਨੇ ਸ਼ਰਾਬ ਪੀਤੀ ਹੋਈ ਸੀ ਤੇ ਉਸ ਨਾਲ ਬਹਿਸ ਕਰਨ ਲੱਗ ਗਿਆ ਤਾਂ ਉਸ ਵੱਲੋਂ ਉਸ ਨੂੰ ਘਰ ਜਾਣ ਲਈ ਕਿਹਾ ਅਤੇ ਉਹ ਘਰ ਚਲਾ ਗਿਆ ਤੇ 15 ਮਿੰਟ ਬਾਅਦ ਫਿਰ ਹੱਥ ਵਿੱਚ ਲੋਹਾ ਰਾਡ ਲੈ ਕੇ ਆ ਗਿਆ ਅਤੇ ਉਸ ਦੀ ਕੁੱਟਮਾਰ ਕੀਤੀ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮੁਫਤ ਮੈਡੀਕਲ ਜਾਂਚ ਕੈਂਪ ਭਲਕੇ

ਜੈਤੋ (ਸਤੀਸ਼ ਕੁਮਾਰ ਭੀਗੀ)-ਸ਼ਹਿਰ ਦੀ ਨਾਮਵਰ ਸੰਸਥਾ ਲਾਈਨਜ਼ ਆਈ ਕੇਅਰ ਸੈਂਟਰ ਤੇ ਧਰਮਾਯੂ ਫਾਰਮੇਸੀ ਵੱਲੋਂ 25 ਦਸੰਬਰ ਨੂੰ ਸਾਂਝੇ ਤੌਰ 'ਤੇ ਲਾਈਨਜ਼ ਕਲੱਬ ਦੇ ਵਿਹੜੇ ਵਿੱਚ ਅੱਖਾਂ ਤੇ ਆਮ ਬੀਮਾਰੀਆਂ ਦਾ ਮੁਫਤ ਮੈਡੀਕਲ ਜਾਂਚ ਕੈਂਪ ਲਾਇਆ ਜਾ ਰਿਹਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਲਾਈਨਜ਼ ਕਲੱਬ ਦੇ ਚੇਅਰਮੈਨ ਰਾਕੇਸ਼ ਰੋਮਾਣਾ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਰੋਗਾਂ ਦੇ ਮਾਹਰ ਡਾਕਟਰ ਭੰਵਰਜੋਤ ਸਿੰਘ ਸਿੱਧੂ, ਦਿਮਾਗ ਤੇ ਰੀੜ੍ਹ ਦੀ ਹੱਡੀ ਦੇ ਰੋਗਾਂ ਦੇ ਮਾਹਰ ਡਾਕਟਰ ਵਰੁਣ ਗਰਗ, ਫਿਜ਼ੀਓਥਰੈਪੀ ਦੇ ਮਾਹਰ ਡਾਕਟਰ ਮਨਸਿਮਰਨ ਕੌਰ ਤੇ ਆਯੁਰਵੈਦਿਕ ਮਾਹਰ ਡਾਕਟਰ ਪੁਸਕਰ ਭਾਟੀਆ ਆਪਣੀਆਂ ਸੇਵਾਵਾਂ ਦੇਣਗੇ। ਇਸ ਮੌਕੇ ਲਾਈਨਜ਼ ਕਲੱਬ ਦੇ ਪ੍ਰਧਾਨ ਸਪਨ ਕੋਠਾਰੀ, ਸੈਕਟਰੀ ਮਨੂੰ ਵਰਮਾ, ਖਜ਼ਾਨਚੀ ਧਰਮਪਾਲ ਸਿੰਗਲਾ, ਕੈਂਪ ਚੇਅਰਮੈਨ ਨਰੇਸ਼ ਮਿੱਤਲ ਤੇ ਕਲੱਬ ਦੀ ਮਾਣਮੱਤੀ ਸ਼ਖਸੀਅਤ ਪ੍ਰਦੀਪ ਸਿੰਗਲਾ ਹਾਜ਼ਰ ਸਨ।

ਤਲਵਾਰਾਂ ਦੀ ਨੋਕ 'ਤੇ ਔਰਤਾਂ ਤੋਂ ਗਹਿਣੇ ਖੋਹੇ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਥਾਣਾ ਸਿਟੀ ਪੁਲਸ ਨੇ ਤਲਵਾਰਾਂ ਦੀ ਨੋਕ 'ਤੇ ਔਰਤਾਂ ਤੋਂ ਸੋਨੇ ਦੇ ਗਹਿਣੇ ਖੋਹਣ ਵਾਲੇ 3 ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਸੁਸ਼ੀਲ ਕੁਮਾਰ ਤੇ ਵਿਜੈ ਕੁਮਾਰ ਵਾਸੀ ਮੰਡੀ ਹਰਜੀ ਰਾਮ ਮਲੋਟ ਨੇ ਦੱਸਿਆ ਕਿ ਉਨ੍ਹਾਂ ਦੀਆਂ ਪਤਨੀਆਂ ਸਵੇਰੇ ਕਰੀਬ 6 ਵਜੇ ਅਗਰਸੈਨ ਚੌਕ ਮਲੋਟ ਕੋਲ ਕਸਰਤ ਲਈ ਜਾ ਰਹੀਆਂ ਸਨ ਤਾਂ ਇੱਕ ਮੋਟਰਸਾਈਕਲ 'ਤੇ ਸਵਾਰ 3 ਅਣਪਛਾਤੇ ਵਿਅਕਤੀਆਂ, ਜਿਨ੍ਹਾਂ ਕੋਲ ਤਲਵਾਰਾਂ ਸਨ, ਨੇ ਉਨ੍ਹਾਂ ਦੀਆਂ ਪਤਨੀਆਂ ਨੂੰ ਘੇਰ ਲਿਆ ਤੇ ਉਨ੍ਹਾਂ ਦਾ ਪਹਿਨੇ ਹੋਏ ਸੋਨੇ ਦੇ ਟੋਪਸ, ਸਹਾਰੇ, ਸੋਨੇ ਦੀਆਂ ਅੰਗੂਠੀਆਂ ਤੇ ਸੋਨੇ ਦੇ ਵਾਲੀਆਂ ਉਨ੍ਹਾਂ ਕੋਲੋਂ ਉਤਰਵਾ ਕੇ ਲੈ ਗਏ। ਪੁਲਸ ਨੇ ਬਿਆਨਾਂ ਦੇ ਆਧਾਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮੁੱਖ ਮੰਤਰੀ ਦੀ ਅਰਥੀ ਸਾੜ ਕੇ ਕੀਤਾ ਰੋਸ ਪ੍ਰਦਰਸ਼ਨ

ਬੇ-ਜ਼ਮੀਨੇ ਮਜ਼ਦੂਰਾਂ ਵੱਲੋਂ ਸੁਸਾਇਟੀ ਮੂਹਰੇ ਧਰਨਾ ਸਮਾਪਤ

ਮੁੱਖ ਮੰਤਰੀ ਭਗਵੰਤ ਮਾਨ ਦੀ ਅਰਥੀ ਫੂਕਦੇ ਹੋਏ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਮੈਂਬਰ।

ਮੋਗਾ (ਅਮਰਜੀਤ ਬੱਬਰੀ)-ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਪਿਛਲੇ ਚਾਰ ਦਿਨਾਂ ਤੋਂ ਕੋ-ਅਪ੍ਰੇਟਿਵ ਸੁਸਾਇਟੀ ਪਿੰਡ ਕਾਲੇਕੇ ਮੂਹਰੇ ਲੱਗਿਆ ਧਰਨਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਰਥੀ ਸਾੜਨ ਬਾਅਦ ਸਮਾਪਤ ਕਰ ਦਿੱਤਾ ਗਿਆ। ਅਰਥੀ ਸਾੜਨ ਤੋਂ ਪਹਿਲਾਂ ਧਰਨੇ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਆਗੂ ਮੇਜਰ ਸਿੰਘ ਕਾਲੇਕੇ ਪ੍ਰਧਾਨ ਜ਼ਿਲ੍ਹਾ ਮੋਗਾ, ਰਵਿੰਦਰ ਸਿੰਘ ਖਾਲਸਾ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਕਿਹਾ ਕਿ ਪੰਜਾਬ ਸਰਕਾਰ ਨਾਲ 21 ਦਸੰਬਰ 2022 ਨੂੰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚੇ ਨਾਲ ਮੀਟਿੰਗ ਹੋਣੀ ਸੀ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਕਤ ਮੰਗਾਂ ਬਾਰੇ ਵੀ ਲਾਗੂ ਕਰਨ ਦਾ ਹੁਕਮ ਕਰਨਾ ਸੀ, ਪਰ ਮੁੱਖ ਮੰਤਰੀ ਦੂਜੀ ਵਾਰ ਮੀਟਿੰਗ 'ਚ ਹਾਜ਼ਰ ਨਹੀਂ ਹੋਏ, ਜੋ ਮਜ਼ਦੂਰਾਂ ਨਾਲ ਵਿਤਕਰੇਬਾਜ਼ੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਮਜ਼ਦੂਰਾਂ/ਕਿਸਾਨਾਂ ਨਾਲ ਮੰਗਾਂ ਮੰਨ ਕੇ ਵੀ ਲਾਗੂ ਨਹੀਂ ਕੀਤੀਆਂ ਗਈਆਂ।

ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਹਿਕਾਰੀ ਸਭਾਵਾਂ 'ਚ ਬੇ-ਜ਼ਮੀਨੇ ਮਜ਼ਦੂਰਾਂ/ਕਿਸਾਨਾਂ ਨੂੰ ਬਿਨਾਂ ਸ਼ਰਤ ਤੁਰੰਤ ਮੈਂਬਰ ਬਣਾਇਆ ਜਾਵੇ ਤੇ ਪੰਜਾਹ ਹਜ਼ਾਰ ਰੁਪਏ ਤੱਕ ਦੇ ਕਰਜ਼ੇ ਦਿੱਤੇ ਜਾਣ। ਡਫਾਲਟਰ ਕਰਾਰ ਦਿੱਤੇ ਮੈਂਬਰਾਂ ਨੂੰ ਮੁਆਫੀ ਉਪਰੰਤ ਕਲੀਅਰੈਂਸ ਦੇ ਕੇ ਦੁਬਾਰਾ ਦੇਣ-ਲੈਣ ਸ਼ੁਰੂ ਕੀਤਾ ਜਾਵੇ, ਲੋਕਾਂ ਨੂੰ ਖੱਜਲ-ਖੁਆਰ ਕਰਨਾ ਬੰਦ ਕੀਤਾ ਜਾਵੇ ਆਦਿ। ਇਸ ਸਮੇਂ ਹਾਕਮ ਸਿੰਘ, ਦਰਸ਼ਨ ਸਿੰਘ, ਸਰਬਜੀਤ ਸਿੰਘ, ਇਕਬਾਲ ਸਿੰਘ, ਜਗਤਾਰ ਸਿੰਘ, ਜਸਪਾਲ ਸਿੰਘ, ਹਰਾ ਸਿੰਘ, ਚਮਕੌਰ ਸਿੰਘ, ਕੁਲਵਿੰਦਰ ਸਿੰਘ, ਹਰਜਿੰਦਰ ਸਿੰਘ, ਰਾਣੀ ਕੌਰ, ਰਮਨਦੀਪ ਕੌਰ, ਪ੍ਰਮਿੰਦਰ ਕੌਰ, ਚਰਨਜੀਤ ਕੌਰ, ਤੇਜ ਕੌਰ, ਚਰਨਜੀਤ ਕੌਰ, ਦਰਸ਼ਨ ਸਿੰਘ ਘੋਲੀਆ ਕਲਾਂ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

ਰਾਮਾਨੁਜਨ ਦਾ ਜਨਮ ਦਿਨ ਰਾਸ਼ਟਰੀ ਗਣਿਤ ਦਿਵਸ ਵਜੋਂ ਮਨਾਇਆ

ਧੂਰੀ (ਸੁਖਦੇਵ ਧੂਰੀ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲੋਵਾਲ ਵਿਖੇ ਰਾਸ਼ਟਰੀ ਗਣਿਤ ਦਿਵਸ ਮਨਾਇਆ ਗਿਆ। ਭਾਰਤ ਦੇ ਮਹਾਨ ਗਣਿਤਕਾਰ ਸ਼੍ਰੀ ਨਿਵਾਸਾ ਰਾਮਾਨੁਜਨ ਦੀ ਜਨਮ ਦਿਨ 22 ਦਸੰਬਰ ਨੂੰ ਰਾਸ਼ਟਰੀ ਗਣਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ, ਵਿਸ਼ਵ ਦੇ ਮਹਾਨ ਲੋਕਾਂ 'ਚ ਉਨ੍ਹਾ ਆਪਣੀ ਜਗ੍ਹਾ ਬਣਾਈ ਤੇ ਗਣਿਤ ਦੇ ਖੇਤਰ 'ਚ ਭਾਰਤ ਦਾ ਨਾਂਅ ਰੌਸ਼ਨ ਕੀਤਾ। ਇਹ ਦਿਵਸ ਮਨਾਉਣ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾ ਦੇ ਜੀਵਨ ਤੋਂ ਪ੍ਰੇਰਿਤ ਕਰਨਾ ਹੈ। ਗਣਿਤ ਜਿਵੇਂ ਵਿਸ਼ੇ ਪ੍ਰਤੀ ਵਿਦਿਆਰਥੀਆਂ ਦੇ ਮਨਾਂ 'ਚ ਰੁਚੀ ਪੈਦਾ ਹੋਵੇ ਤੇ ਉਨ੍ਹਾ ਦਾ ਡਰ ਦੂਰ ਹੋਵੇ। ਇਸ ਮੌਕੇ ਗਣਿਤ ਅਧਿਆਪਕ ਯਾਦਵਿੰਦਰ ਪਾਲ ਤੇ ਸੰਦੀਪ ਬਾਂਸਲ ਨੇ ਵਿਦਿਆਰਥੀਆਂ ਨੂੰ ਗਣਿਤ ਸ਼ਾਸਤਰੀ ਰਾਮਾਨੁਜਨ ਦੀ ਜੀਵਨੀ ਬਾਰੇ ਦੱਸਦੇ ਹੋਏ ਉਨ੍ਹਾਂ ਦੁਆਰਾ ਗਣਿਤ ਵਿੱਚ ਕੀਤੀਆਂ ਮਹਾਨ ਖੋਜਾਂ ਬਾਰੇ ਦੱਸਿਆ। ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ, ਲੇਖ ਮੁਕਾਬਲੇ ਤੇ ਕੁਇੱਜ਼ ਮੁਕਾਬਲੇ ਕਰਵਾਏ ਗਏ। ਮੁਕਾਬਲਿਆਂ ਦੀ ਜੱਜਮੈਂਟ ਮੈਡਮ ਸ਼ਵੇਤਾ, ਇਮਰੋਜ ਆਰਸੀ, ਸ਼ਿਖਾ ਗੁਪਤਾ, ਟੀਨਾ ਰਾਣੀ, ਰਘਵੀਰ ਕੌਰ ਨੇ ਕੀਤੀ। ਜੇਤੂ ਵਿਦਿਆਰਥੀਆਂ ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਅੰਤ ਵਿੱਚ ਸਕੂਲ ਪ੍ਰਿੰਸੀਪਲ ਸੁਭਾਸ਼ ਚੰਦ ਨੇ ਸ੍ਰੀਨਿਵਾਸਾ ਰਾਮਾਨੁਜਨ ਦੀ ਜੀਵਨੀ ਤੋਂ ਵਿਦਿਆਰਥੀਆਂ ਨੂੰ ਪ੍ਰੇਰਨਾ ਲੈਣ ਲਈ ਉਤਸ਼ਾਹਤ ਕੀਤਾ ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ। ਇਸ ਵੰਡ ਸਮਾਰੋਹ ਵਿੱਚ ਮੈਡਮ ਸ਼ਸ਼ੀ ਬਾਲਾ, ਰਜਿੰਦਰ ਕੌਰ, ਕੁਲਵੰਤ ਸਿੰਘ, ਅਮਰਿੰਦਰ ਸਿੰਘ, ਲਖਵਿੰਦਰ ਕੌਰ, ਅਰਪਾਲ ਸਿੰਘ, ਰਜਨੀ, ਸ਼ੀਤਲ ਗੋਇਲ, ਮਨਪ੍ਰੀਤ ਕੌਰ, ਜਸ਼ਨ ਸਹਿਗਲ ਤੇ ਜਸਵੀਰ ਕੌਰ ਮੌਜੂਦ ਰਹੇ।

ਨਜਾਇਜ਼ ਰੇਤਾ ਚੋਰੀ ਕਰਦੇ 7 ਵਿਅਕਤੀ ਟਰੈਕਟਰਾਂ ਸਮੇਤ ਕਾਬੂ

ਨਜਾਇਜ਼ ਮਾਈਨਿੰਗ ਦੇ ਧੰਦੇ ਨੂੰ ਰੋਕਣ ਲਈ ਪੁਲਸ ਵਚਨਬੱਧ : ਇੰਸ. ਸੁਨੀਲ ਕੁਮਾਰ

ਜਗਰਾਉਂ (ਸੰਜੀਵ ਅਰੋੜਾ)-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਹਰਜੀਤ ਸਿੰਘ ਆਈ ਪੀ ਐਸ ਵੱਲੋਂ ਨਜਾਇਜ਼ ਮਾਈਨਿੰਗ ਕਰਨ ਵਾਲੇ ਲੋਕਾਂ ਖਿਲਾਫ਼ ਸਖ਼ਤ ਰੁਖ਼ ਅਪਨਾਇਆ ਗਿਆ ਹੈ। ਇਸੇ ਦੇ ਸਬੰਧ ਵਿੱਚ ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਥਾਣਾ ਸਿੱਧਵਾਂ ਬੇਟ ਦੇ ਐੱਸ ਐੱਚ ਓ ਸੁਨੀਲ ਕੁਮਾਰ ਤੇ ਉਨ੍ਹਾਂ ਦੀ ਪੁਲਸ ਪਾਰਟੀ ਨੂੰ ਮੁਖਬਰ ਦੀ ਇਤਲਾਹ ਦੇ ਆਧਾਰ 'ਤੇ ਪਤਾ ਲੱਗਾ ਕੇ ਗੁਰਚਰਨ ਸਿੰਘ ਆਪਣੇ ਟਰੈਕਟਰ ਸੋਨਾਲੀਕਾ, ਹਰਦੀਪ ਸਿੰਘ ਟਰੈਕਟਰ ਮਾਰਕਾ ਸਵਰਾਜ, ਮੀਮੂ ਗੁੱਜਰ ਟਰੈਕਟਰ ਸੋਨਾਲੀਕਾ, ਬਿੱਲਾ ਆਪਣੇ ਟਰੈਕਟਰ ਸਵਰਾਜ, ਗੋਰਾ ਆਪਣੇ ਟਰੈਕਟਰ ਆਈਸ਼ਰ, ਅੰਮ੍ਰਿਤਪਾਲ ਸਿੰਘ ਤੇ ਸੁਰਜੀਤ ਸਿੰਘ ਆਪਣੇ ਟਰੈਕਟਰ ਮੈਸੀ ਫਰਗੂਸਨ ਦੇ ਪਿੱਛੇ ਡਬਲ ਟਾਇਰੇ, ਟਰਾਲੇ ਪਾਏ ਹੋਏ ਸਨ। ਇਹ ਸਾਰੇ ਸਤਲੁਜ ਦਰਿਆ ਵਿੱਚੋਂ ਨਜਾਇਜ਼ ਮਾਈਨਿੰਗ ਕਰਕੇ ਰੇਤਾ ਚੋਰੀ ਕਰਕੇ ਸਿੱਧਵਾਂ ਬੇਟ ਤੋਂ ਹੁੰਦੇ ਹੋਏ ਜਗਰਾਉਂ ਵੱਲ ਨੂੰ ਆ ਰਹੇ ਸਨ। ਪੁਲਸ ਨੂੰ ਇਤਲਾਹ ਮਿਲਦੇ ਸਾਰ ਹੀ ਸਿੱਧਵਾਂ ਬੇਟ ਪੁਲਸ ਨੇ ਸਿੱਧਵਾਂ ਨਹਿਰ ਉੱਪਰ ਨਾਕਾਬੰਦੀ ਕੀਤੀ। ਨਾਕਾਬੰਦੀ ਦੇ ਦੌਰਾਨ ਨਜਾਇਜ਼ ਮਾਈਨਿੰਗ ਕਰਕੇ ਚੋਰੀ ਕੀਤੇ ਰੇਤੇ ਸਮੇਤ 7 ਜਣਿਆਂ ਨੂੰ ਸਮੇਤ ਟਰੈਕਟਰ ਟਰਾਲੀ ਕਾਬੂ ਕਰ ਲਿਆ। ਪੁਲਸ ਨੇ ਮਾਈਨਿੰਗ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਮਾਮਲੇ ਦੀ ਛਾਣਬੀਨ ਕੀਤੀ ਜਾ ਰਹੀ ਹੈ। ਇਸ ਮੌਕੇ ਥਾਣਾ ਸਿੱਧਵਾਂ ਬੇਟ ਦੇ ਮੁੱਖ ਅਫ਼ਸਰ ਇੰਸਪੈਕਟਰ ਸੁਨੀਲ ਕੁਮਾਰ ਨੇ ਕਿਹਾ ਕੇ ਪੰਜਾਬ ਪੁਲਸ ਨਜਾਇਜ਼ ਮਾਈਨਿੰਗ ਦੇ ਧੰਦੇ ਨੂੰ ਰੋਕਣ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਸਿੱਧਵਾਂ ਬੇਟ ਇਲਾਕੇ ਵਿੱਚ ਜੇਕਰ ਕੋਈ ਵੀ ਨਜਾਇਜ਼ ਮਾਈਨਿੰਗ ਕਰਕੇ ਰੇਤਾਂ ਚੋਰੀ ਕਰਦਾ ਫੜਿਆ ਗਿਆ ਤਾਂ ਉਸ ਉਪਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਦੁਕਾਨ ਤੋਂ ਤੇਲ ਦੀਆਂ ਬੋਤਲਾਂ ਚੁੱਕ ਕੇ ਮੋਟਰਸਾਈਕਲ ਸਵਾਰ ਫਰਾਰ

ਚੋਰੀ ਦੀਆਂ ਵਧ ਰਹੀਆਂ ਵਾਰਦਾਤਾਂ ਤੋਂ ਦੁਕਾਨਦਾਰ ਪ੍ਰੇਸ਼ਾਨ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਸ਼ਹਿਰ ਅੰਦਰ ਚੋਰੀਆਂ ਰੁਕਣ ਦਾ ਨਾ ਨਹੀਂ ਲੈ ਰਹੀਆਂ ਹਨ, ਚੋਰ ਬੇਖੌਫ ਹੋ ਕੇ ਹਰ ਰੋਜ਼ ਲਗਾਤਾਰ ਚੋਰੀਆਂ ਨੂੰ ਅੰਜਾਮ ਦੇ ਰਹੇ ਹਨ। ਚੋਰਾਂ ਨੂੰ ਫੜਨ 'ਚ ਪੁਲਸ ਨਾਕਾਮ ਸਾਬਿਤ ਹੋ ਰਹੀ ਹੈ। ਇੰਪੀਰੀਅਲ ਟੈਲੀਕਾਮ ਦੇ ਨਾਲ ਮਾਲ ਗੋਦਾਮ ਗੇਟ ਦੇ ਅੰਦਰ ਕਰਿਆਨੇ ਦੀ ਦੁਕਾਨ ਤੋਂ ਦੋ ਮੋਟਰਸਾਈਕਲ ਸਵਾਰ ਚੋਰ ਸਾਮਾਨ ਚੁੱਕ ਕੇ ਫਰਾਰ ਹੋ ਗਏ, ਜਿਸ ਦੀ ਕੀਮਤ ਹਜ਼ਾਰਾਂ ਰੁਪਏ ਬਣਦੀ ਹੈ। ਜਾਣਕਾਰੀ ਦਿੰਦੇ ਹੋਏ ਅਸ਼ਵਨੀ ਕਾਮਰਾ ਪੁੱਤਰ ਰਾਜ ਕੁਮਾਰ ਕਾਮਰਾ ਨੇ ਦੱਸਿਆ ਕਿ ਉਹ ਮਾਲ ਗੋਦਾਮ ਗੇਟ ਦੇ ਅੰਦਰ ਕਰਿਆਨਾ ਦਾ ਕੰਮ ਕਰਦਾ ਹੈ, ਜਦ ਉਹ ਬਾਜ਼ਾਰ ਗਿਆ ਹੋਇਆ ਸੀ, ਇਸ ਦੌਰਾਨ ਦੋ ਮੋਟਰਸਾਈਕਲ ਚੋਰ ਆਏ ਤੇ ਉਨ੍ਹਾਂ ਦੀ ਦੁਕਾਨ ਦੇ ਬਾਹਰ ਪਈਆਂ ਤੇਲ ਦੀਆਂ ਬੋਤਲਾਂ, ਜਿਸ ਨੂੰ ਕਿਸੇ ਚੀਜ਼ ਨਾਲ ਬੰਨ੍ਹਿਆ ਹੋਇਆ ਸੀ, ਚਾਕੂ ਨਾਲ ਕੱਟ ਕੇ ਲੈ ਗਏ। ਚੋਰੀ ਹੋਏ ਸਾਮਾਨ ਦੀ ਕੀਮਤ 15 ਸੌ ਰੁਪਏ ਦੇ ਕਰੀਬ ਬਣਦੀ ਹੈ। ਇਹ ਸਾਰੀ ਘਟਨਾ ਦੁਕਾਨ ਅੰਦਰ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਇਸ ਸੰਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸ਼ਹਿਰ ਅੰਦਰ ਲਗਾਤਾਰ ਹੋ ਰਹੀਆਂ ਚੋਰੀਆਂ ਤੋਂ ਦੁਕਾਨਦਾਰ ਬਹੁਤ ਪ੍ਰੇਸ਼ਾਨ ਹਨ। ਬਾਜ਼ਾਰ ਦੇ ਦੁਕਾਨਦਾਰਾਂ ਨੇ ਕਿਹਾ ਕਿ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਚੋਰ ਚੋਰੀਆਂ ਨੂੰ ਲਗਾਤਾਰ ਅੰਜਾਮ ਦੇ ਰਹੇ ਹਨ ਤੇ ਪਿਛਲੇ ਕੁੱਝ ਦਿਨਾਂ ਤੋਂ ਹੋਈਆਂ ਚੋਰੀਆਂ ਦਾ ਪੁਲਸ ਨਾ ਹੀ ਹੁਣ ਤੱਕ ਕੋਈ ਪਤਾ ਲਗਾ ਸਕੀ ਹੈ। ਇਲਾਕੇ ਅੰਦਰ ਚੋਰਾਂ ਨੇ ਦਹਿਸ਼ਤ ਫੈਲਾਈ ਹੋਈ ਹੈ।

ਪ੍ਰਿੰ. ਆਰ ਕੇ ਸ਼ਰਮਾ ਦੀ ਪੁਸਤਕ 'ਕਰੋਨਾ' ਲੋਕ ਅਰਪਣ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬੀਤੇ ਸਮੇਂ ਦੌਰਾਨ ਕੋਰੋਨਾ ਮਹਾਮਾਰੀ ਕਾਰਨ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਦੀ ਪੁਸਤਕ 'ਕਰੋਨਾ' ਦਾ ਲੋਕ ਅਰਪਣ ਸਮਾਗਮ ਸਥਾਨਕ ਸ੍ਰੀ ਸ਼ੰਕਰ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੋਇਆ, ਜਿਸ 'ਚ ਮਾਛੀਵਾੜਾ ਵੈੱਲਫੇਅਰ ਸੁਸਾਇਟੀ ਦੀ ਸਮੁੱਚੀ ਟੀਮ, ਐੱਸ ਐੱਮ ਓ ਡਾ. ਜਸਪ੍ਰੀਤ ਕੌਰ ਸਮੇਤ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ। ਸਕੂਲ ਪ੍ਰਿੰਸੀਪਲ ਡਾ. ਆਰ. ਕੇ. ਸ਼ਰਮਾ ਵੱਲੋਂ ਰਚਿਤ ਪੁਸਤਕ 'ਕਰੋਨਾ' ਬਾਰੇ ਜਾਣ-ਪਹਿਚਾਣ ਕਰਵਾਉਂਦਿਆਂ ਵਾਈਸ ਪ੍ਰਿੰਸੀਪਲ ਤੇ ਉੱਘੇ ਗ਼ਜ਼ਲਗੋ ਨਿਰੰਜਨ ਸੂਖਮ ਨੇ ਦੱਸਿਆ ਕਿ ਡਾ. ਸ਼ਰਮਾ ਨੇ ਜਿੱਥੇ ਕਾਮਰਸ ਵਿਸ਼ੇ ਨਾਲ ਸਬੰਧਤ ਗਿਆਰਵੀਂ ਤੇ ਬਾਰਵੀਂ ਸ਼੍ਰੇਣੀਆਂ ਦੀਆਂ ਪੁਸਤਕਾਂ ਰਚੀਆਂ ਹਨ ਉੱਥੇ ਸਾਹਿਤ ਦੇ ਖੇਤਰ ਵਿੱਚ ਇਹ ਸੱਤਵੀਂ ਪੁਸਤਕ ਹੈ। ਕਰੋਨਾ ਮਹਾਮਾਰੀ ਦੌਰਾਨ ਵਾਪਰੀਆਂ ਵਿਭਿੰਨ ਕੌੜੀਆਂ-ਮਿਠੀਆਂ ਘਟਨਾਵਾਂ ਦੇ ਨਾਲ-ਨਾਲ ਸਮਾਜ ਵਿੱਚ ਸਭ ਤੋਂ ਮੋਹਰੀ ਰੋਲ ਅਦਾ ਕਰਨ ਵਾਲੇ ਯੋਧਿਆਂ ਬਾਰੇ ਬੜੇ ਭਾਵਪੂਰਤ ਢੰਗ ਨਾਲ ਚਾਨਣਾ ਪਾਇਆ ਹੈ। ਇਸ ਪੁਸਤਕ ਨੂੰ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਡਾ. ਜਸਪ੍ਰੀਤ ਕੌਰ, ਡਾ. ਬਲਵੀਰ ਸਿੰਘ, ਬਾਬਾ ਸਰਬਜੀਤ ਸਿੰਘ, ਨਿਧੀ ਸ਼ਰਮਾ, ਸੈਕਟਰੀ ਲਵਰੀਸ਼ ਸ਼ਰਮਾ ਤੇ ਕੈਸ਼ੀਅਰ ਜਗਦੀਸ਼ ਚਾਨਣਾ ਵੱਲੋਂ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਪਰਮਦੀਪ ਪਾਲ ਸਿੰਘ, ਮਿੱਕੂ ਹੰਸ, ਕਿਰਨ ਬਾਲਾ, ਸੁਪਰਵਾਈਜ਼ਰ ਮਨਮੋਹਣ ਸਿੰਘ, ਬਲਾਕ ਐਜੂਕੇਟਰ ਪਰਦੀਪ ਸਿੰਘ, ਭਾਰਗਵ ਚਾਨਣਾ ਵੱਲੋਂ ਪ੍ਰਿੰਸੀਪਲ ਡਾ. ਆਰ. ਕੇ. ਸ਼ਰਮਾ ਨੂੰ ਵਧਾਈਆਂ ਦਿੱਤੀਆਂ ਗਈਆਂ। ਅੰਤ 'ਚ ਵਾਈਸ ਪ੍ਰਿੰ. ਨਿਰੰਜਨ ਸੂਖਮ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਗੈਰ-ਕਾਨੂੰਨੀ ਕੀਟਨਾਸ਼ਕ ਦਵਾਈਆਂ ਦਾ ਧੰਦਾ ਕਰਨ ਵਾਲੇ 'ਤੇ ਮਾਮਲਾ ਦਰਜ

ਮਲੋਟ (ਗੁਰਮੀਤ ਸਿੰਘ ਮੱਕੜ)

ਸਥਾਨਕ ਥਾਣਾ ਸਿਟੀ ਪੁਲਸ ਨੇ ਪੈਸਟੀਸਾਈਡ ਐਂਡ ਫਰਟੀਲਾਈਜ਼ਰ ਦੁਕਾਨ ਦੇ ਮਾਲਕ 'ਤੇ ਕੀੜੇਮਾਰ ਦਵਾਈ ਦੇ ਬਿੱਲ ਨਾ ਦਿਖਾਏ ਜਾਣ ਤੇ ਉਤਪਾਦ ਸਟਾਕ ਰਜਿਸਟਰ ਵਿੱਚ ਦਰਜ ਨਾ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਖੇਤੀਬਾੜੀ ਵਿਕਾਸ ਅਫ਼ਸਰ ਪੀ ਪੀ-ਕਮ-ਇਸੈਕਟਿਸਾਈਡ ਮਲੋਟ ਤੇ ਸਹਾਇਕ ਪੌਦਾ ਸੁਰੱਖਿਆ ਅਫ਼ਸਰ ਮਲੋਟ ਵੱਲੋਂ ਖਾਦਾਂ ਤੇ ਕੀੜੇਮਾਰ ਦਵਾਈਆਂ ਦੇ ਕੁਆਲਿਟੀ ਕੰਟਰੋਲ ਸਬੰਧੀ ਜਾਂਚ ਦੌਰਾਨ ਪੈਸਟੀਸਾਈਡ ਐਂਡ ਫਰਟੀਲਾਈਜ਼ਰ ਦੁਕਾਨ ਨੰ.147 ਨਵੀਂ ਦਾਣਾ ਮੰਡੀ ਮਲੋਟ 'ਤੇ ਗਏ। ਫਰਮ ਦੀ ਜਾਂਚ ਕਰਨ 'ਤੇ ਪਾਇਆ ਕਿ ਫਰਮ ਕੋਲ ਮੈਸ ਓਮ ਕਰਾਪ ਸਾਇੰਸ, ਪੜਪੜਗੰਜ (ਨਵੀਂ ਦਿੱਲੀ) ਦੀ ਬਣੀ ਹੋਈ ਮੈਗਨੀਜ਼ ਸਲਫੇਟ ਖਾਦ (ਜਿਸ ਦੀ ਮਾਤਰਾ 6 ਕਿਲੋ, ਪ੍ਰਤੀ ਪੈਕਿੰਗ ਇੱਕ ਕਿਲੋ) ਤੇ ਅਰੀਹੰਤ ਕਰਾਪ ਸਾਇੰਸ ਪ੍ਰਾਇ. ਲਿਮਿ. ਕੋਲਕਾਤਾ ਦੀ ਬਣੀ ਹੋਈ ਇਸੈਕਟੀਸਾਈਡ (ਜਿਸ ਦੀ ਮਾਤਰਾ 23 ਯੂਨਿਟ, ਪ੍ਰਤੀ ਪੈਕਿੰਗ 120 ਮਿਲੀ.) ਦਾ ਸਟਾਕ ਮੌਕੇ 'ਤੇ ਮੌਜੂਦ ਪਾਇਆ ਗਿਆ। ਉਕਤ ਕੀੜੇਮਾਰ ਦਵਾਈ ਦੇ ਬਿੱਲਾਂ ਦੀ ਮੰਗ ਕਰਨ 'ਤੇ ਫਰਮ ਦੇ ਮਾਲਕ ਰਜਿਤ ਗੋਇਲ ਵਾਸੀ ਮਲੋਟ ਵੱਲੋਂ ਬਿੱਲ ਨਹੀਂ ਦਿਖਾਏ ਗਏ ਤੇ ਨਾ ਹੀ ਉਕਤ ਦੋਨੋਂ ਉਤਪਾਦ ਸਟਾਕ ਰਜਿਸਟਰ ਵਿੱਚ ਦਰਜ ਕੀਤੇ ਗਏ ਹਨ। ਪੁਲਸ ਨੇ ਮਾਲਕ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਅਧਿਆਪਕਾਂ ਦੀਆਂ ਤਨਖਾਹਾਂ ਦਾ ਬਜਟ ਤੁਰੰਤ ਜਾਰੀ ਕਰੇ ਸਰਕਾਰ : ਆਗੂ

ਜਲਾਲਾਬਾਦ (ਦਹੂਜਾ)-ਅਧਿਆਪਕਾਂ ਦੀਆਂ ਰੁਕੀਆਂ ਤਨਖਾਹਾਂ ਦਾ ਬਜਟ ਤੁਰੰਤ ਜਾਰੀ ਕਰਨ ਦੀ ਮੰਗ ਕਰਦਿਆਂ ਬੀ ਐਂਡ ਫਰੰਟ ਦੇ ਸੂਬਾਈ ਪ੍ਰਚਾਰ ਸਕੱਤਰ ਦੁਪਿੰਦਰ ਸਿੰਘ ਢਿੱਲੋਂ, ਈਟੀਟੀ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਸੱਭਰਵਾਲ, ਐਲੀਮੈਂਟਰੀ ਟੀਚਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਨੰਦਨ ਸਿੰਘ ਤੇ ਈਟੀਟੀ ਟੈਟ ਪਾਸ ਅਧਿਆਪਕ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਇਨਕਲਾਬ ਗਿੱਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਅਧਿਆਪਕਾਂ ਦੀਆਂ ਰੁਕੀਆਂ ਤਨਖਾਹਾਂ ਦਾ ਬਜਟ ਬਿਨਾਂ ਕਿਸੇ ਦੇਰੀ ਦੇ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਅਧਿਆਪਕ ਆਗੂ ਨੇ ਕਿਹਾ ਕਿ ਇਸ ਵਿੱਤੀ ਵਰ੍ਹੇ ਦੇ ਸ਼ੁਰੂ ਤੋਂ ਹੀ ਅਧਿਆਪਕਾਂ ਨੂੰ ਤਨਖਾਹਾਂ ਰੁਕ ਰੁਕ ਕੇ ਮਿਲ ਰਹੀਆਂ ਹਨ। ਉਨ੍ਹਾ ਕਿਹਾ ਕਿ ਮੁਲਾਜ਼ਮਾਂ ਦਾ ਗੁਜ਼ਾਰਾ ਉਨ੍ਹਾਂ ਦੀ ਤਨਖਾਹ ਨਾਲ ਚੱਲਦਾ ਹੈ। ਦਸੰਬਰ ਮਹੀਨਾ ਬੀਤਣ ਕਿਨਾਰੇ ਹੈ, ਪਰ ਅਜੇ ਤੱਕ ਜ਼ਿਲ੍ਹਾ ਫਾਜ਼ਿਲਕਾ ਦੇ ਬਹੁਤ ਸਾਰੇ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਮਿਲੀਆਂ, ਜਿਸ ਨਾਲ ਉਨ੍ਹਾਂ ਦੇ ਘਰਾਂ ਦਾ ਗੁਜ਼ਾਰਾ ਚੱਲਣਾ ਔਖਾ ਹੋਇਆ ਪਿਆ। ਸਭ ਤੋਂ ਵੱਡੀ ਮੁਸ਼ਕਲ ਹੋਮ ਲੋਨ ਆਦਿ ਦੀਆਂ ਬੈਂਕ ਕਿਸ਼ਤਾਂ ਸਮੇਂ ਸਿਰ ਅਦਾ ਨਾ ਹੋਣ 'ਤੇ ਜੁਰਮਾਨੇ ਭਰਨੇ ਪੈ ਰਹੇ ਹਨ। ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਅਧਿਆਪਕਾਂ ਦੀਆਂ ਤਨਖਾਹਾਂ ਲਈ ਇਸ ਵਿੱਤੀ ਸਾਲ ਦੇ ਰਹਿੰਦੇ ਮਹੀਨਿਆਂ ਦੇ ਬਜਟ ਦਾ ਪੱਕਾ ਹੱਲ ਕੀਤਾ ਜਾਵੇ ਤਾਂ ਜੋ ਸਮੂਹ ਅਧਿਆਪਕਾਂ ਨੂੰ ਸਮੇਂ ਸਿਰ ਤਨਖਾਹ ਜਾਰੀ ਹੋ ਸਕੇ। ਇਸ ਮੌਕੇ ਅਧਿਆਪਕ ਆਗੂ ਸੁਖਵਿੰਦਰ ਸਿੰਘ ਸਿੱਧੂ, ਸਿਮਲਜੀਤ ਸਿੰਘ, ਪ੍ਰੇਮ ਕੰਬੋਜ, ਸਾਹਿਬ ਰਾਜਾ ਕੋਹਲੀ, ਸੁਰਿੰਦਰ ਕੰਬੋਜ, ਅਮਨ ਬਰਾੜ, ਸੁਖਦੇਵ ਸਿੰਘ, ਰਮਨ ਸਿੰਘ, ਸੁਨੀਲ ਗਾਂਧੀ, ਨੀਰਜ ਕੁਮਾਰ, ਸਤਿੰਦਰ ਕੰਬੋਜ, ਬਲਜੀਤ ਸਿੰਘ, ਮਨਦੀਪ ਸੈਣੀ, ਗਗਨ ਕੰਬੋਜ, ਸੌਰਵ ਧੂੜੀਆ, ਅੰਕੁਸ਼ ਕੁਮਾਰ, ਰਾਘਵ ਕਟਾਰੀਆ ਜਗਮੀਤ ਖਹਿਰਾ, ਕਵਿੰਦਰ ਗਰੋਵਰ, ਸੁਭਾਸ਼ ਚੰਦਰ, ਭਾਰਤ ਸੱਭਰਵਾਲ ਰਾਧਾ ਕ੍ਰਿਸ਼ਨਨ, ਦਲਜੀਤ ਸਿੰਘ ਚੀਮਾ, ਵਰਿੰਦਰ ਸਿੰਘ, ਸੋਹਣ ਲਾਲ, ਕ੍ਰਾਂਤੀ ਕੰਬੋਜ, ਅਮਨਦੀਪ ਸਿੰਘ ਸੋਢੀ, ਮਨੋਜ ਬੱਤਰਾ, ਮੋਹਿਤ ਬੱਤਰਾ ਆਦਿ ਅਧਿਆਪਕ ਆਗੂਆਂ ਨੇ ਉਕਤ ਮੰਗ ਦਾ ਸਮਰਥਨ ਕਰਦਿਆਂ ਤੁਰੰਤ ਤਨਖਾਹਾਂ ਜਾਰੀ ਕਰਨ ਲਈ ਕਿਹਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵੱਲੋਂ ਚੇਤਨਾ ਮਾਰਚ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਮਾਤਾ ਗੁਜਰੀ ਜੀ ਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਗੁਰਮਤਿ ਚੇਤਨਾ ਮਾਰਚ ਕੀਤਾ ਗਿਆ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਪ੍ਰਿਤਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸਹਾਦਤ ਤੋਂ ਸਮਾਜ ਨੂੰ ਪ੍ਰੇਰਨਾ ਲੈਣ ਦੀ ਲੋੜ ਹੈ। ਨੌਜਵਾਨ ਪੀੜ੍ਹੀ ਲਈ ਸਿੱਖੀ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨਾ ਤੇ ਸਿੱਖ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਵਿਚਾਰ ਵਟਾਂਦਰਾ ਵਿਅਕਤੀ ਵਿੱਚ ਆਲੋਚਨਾਤਮਕ ਚੇਤਨਾ ਪੈਦਾ ਕਰਦੇ ਹਨ, ਜੋ ਵਿਅਕਤੀ ਨੂੰ ਬੁੱਧੀਮਾਨ ਬਣਾਉਂਦਾ ਹੈ। ਉਨ੍ਹਾ ਕਿਹਾ ਕਿ ਇਹ ਚੇਤਨਾ ਮਾਰਚ ਯੂਨੀਵਰਸਿਟੀ ਵੱਲੋਂ ਆਪਣੇ ਵਿਦਿਆਰਥੀਆਂ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਵਾਉਣ ਦਾ ਨਿਮਾਣਾ ਜਿਹਾ ਉਪਰਾਲਾ ਹੈ। ਪ੍ਰੋ: ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਤੇ ਡਾ: ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ ਮਾਰਚ 'ਚ ਸ਼ਾਮਲ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸ਼ੀਰਵਾਦ ਲੈਣ ਉਪਰੰਤ ਮਾਰਚ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਤੋਂ ਪਹਿਲਾਂ ਸਵੇਰੇ ਯੂਨੀਵਰਸਿਟੀ ਦੇ ਫੈਕਲਟੀ ਤੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋ ਕੇ ਪ੍ਰਮਾਤਮਾ ਦਾ ਆਸ਼ੀਰਵਾਦ ਲਿਆ।

ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਉਪਰੰਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਤੇ ਸਟਾਫ ਨੇ ਗੁਰਬਾਣੀ ਕੀਰਤਨ ਕੀਤਾ। ਚੇਤਨਾ ਮਾਰਚ ਯੂਨੀਵਰਸਿਟੀ ਦੇ ਗੇਟ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਸਮਾਪਤ ਹੋਇਆ। ਵਿਦਿਆਰਥੀਆਂ ਨੇ ਕੀਰਤਨ ਕਰਦਿਆਂ ਇਸ ਮਾਰਚ 'ਚ ਸ਼ਮੂਲੀਅਤ ਕੀਤੀ।

ਟੋਭਾ ਮਾਰਕੀਟ ਦੇ ਦੁਕਾਨਦਾਰਾਂ ਨੇ ਕੀਤਾ ਬੁਜਰਕ ਦਾ ਸਨਮਾਨ

ਮਦਨ ਲਾਲ ਨੇ ਰਾਜ ਪੱਧਰੀ ਐਵਾਰਡ ਦੇਣ ਦੀ ਕੀਤੀ ਮੰਗ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਸ਼ਹਿਰ ਦੀ ਟੋਭਾ ਮਾਰਕੀਟ ਦੇ ਸਮੂਹ ਦੁਕਾਨਦਾਰਾਂ ਵੱਲੋਂ ਇਲਾਕੇ ਦੇ ਉੱਘੇ ਸਮਾਜ ਸੇਵੀ ਤੇ ਆਰ ਟੀ ਆਈ ਕਾਰਕੁਨ ਬ੍ਰਿਸ ਭਾਨ ਬੁਜਰਕ ਵੱਲੋਂ ਸਮਾਜ ਸੇਵਾ ਦੇ ਕੰਮਾਂ 'ਚ ਪਾਏ ਜਾ ਰਹੇ ਯੋਗਦਾਨ ਨੂੰ ਲੈ ਕੇ ਉਨ੍ਹਾ ਦਾ ਸਨਮਾਨ ਕੀਤਾ ਗਿਆ।

ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਮਦਨ ਲਾਲ ਗੋਇਲ ਨੇ ਦੱਸਿਆ ਕਿ ਸਮਾਜ ਸੇਵੀ ਬ੍ਰਿਸ ਭਾਨ ਬੁਜਰਕ ਵੱਲੋਂ ਹਰ ਸਮਾਜਿਕ ਕੰਮ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ। ਮਹਿੰਗਾਈ ਦੇ ਯੁੱਗ ਵਿੱਚ ਸਮਾਜ ਸੇਵਾ ਦੇ ਕੰਮ ਕਰਨੇ ਬਹੁਤ ਹੀ ਮੁਸ਼ਕਲ ਹਨ। ਇਨ੍ਹਾਂ ਵੱਲੋਂ ਕੋਰੋਨਾ ਕਾਲ ਤੋਂ ਲੈ ਕੇ ਹੁਣ ਤੱਕ ਸ਼ਹਿਰ ਦੇ ਰਾਮ ਬਾਗ ਵਿੱਚ ਹਰ ਤਰ੍ਹਾਂ ਦੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਇਹੋ ਜਿਹੇ ਕਾਰਜ ਹਰ ਕੋਈ ਇਨਸਾਨ ਨਹੀਂ ਕਰ ਸਕਦਾ। ਕੋਰੋਨਾ ਕਾਲ ਸਮੇਂ ਲੋਕਾਂ ਦੀ ਮਦਦ ਕਰਨੀ ਤੇ ਪੀੜਤਾਂ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜਨਾ ਬਹੁਤ ਔਖਾ ਕੰਮ ਸੀ। ਫਿਰ ਵੀ ਬੁਜਰਕ ਵੱਲੋਂ 150 ਦੇ ਕਰੀਬ ਪੀੜਤ ਲੋਕਾਂ ਦੇ ਸਸਕਾਰ ਰਾਮ ਬਾਗ ਵਿੱਚ ਬਿਨਾਂ ਕਿਸੇ ਸਵਾਰਥ ਤੋਂ ਕੀਤੇ ਗਏ, ਪਰ ਕਿਸੇ ਵੀ ਸਰਕਾਰ ਨੇ ਉਨ੍ਹਾਂ ਦੀ ਇਸ ਸੇਵਾ ਵੱਲ ਧਿਆਨ ਨਹੀਂ ਦਿੱਤਾ, ਜਦੋਂਕਿ ਸਮਾਜ ਸੇਵਾ ਦੇ ਖੇਤਰ 'ਚ ਯੋਗਦਾਨ ਪਾਉਣ ਕਰਕੇ ਘੱਟੋ-ਘੱਟ ਰਾਜ ਪੱਧਰੀ ਸਨਮਾਨ ਮਿਲਣਾ ਚਾਹੀਦਾ ਸੀ। ਉਨ੍ਹਾ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਸਮਾਜ ਸੇਵੀ ਨੂੰ 26 ਜਨਵਰੀ ਮੌਕੇ ਰਾਜ ਪੱਧਰੀ ਸਨਮਾਨ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ਼ੂ ਗੋਇਲ, ਡਾਕਟਰ ਦੁਰਗਾ ਦਾਸ ਸਿੰਗਲਾ, ਸੱਤਪਾਲ, ਭਜਨ ਸ਼ੁਤਰਾਣਾ, ਰਾਜੇਸ਼ ਦੁਗਾਲ, ਸ਼ਿਵ ਜੀ ਗਊ ਸੇਵਕ, ਸੁਵੇਗ ਸਿੰਘ, ਮੁਕੇਸ਼ ਕੁਮਾਰ, ਰਾਜੀ, ਮਿੱਤਲ, ਅਮਨ ਸਿੰਘ, ਸਤੀਸ਼ ਕੁਮਾਰ, ਪ੍ਰਦੀਪ ਕੁਮਾਰ ਆਦਿ ਹਾਜ਼ਰ ਸਨ।

ਰੋਟਰੀ ਕਲੱਬ ਨੇ ਜ਼ਰੂਰਤਮੰਦ ਬੱਚਿਆਂ ਨੂੰ ਕੋਟੀਆਂ, ਜੁਰਾਬਾਂ, ਟੋਪੀਆਂ ਤੇ ਬੂਟ ਵੰਡੇ

ਸਮਾਜ ਭਲਾਈ ਦੇ ਕਾਰਜਾਂ 'ਚ ਕਲੱਬ ਹਮੇਸ਼ਾ ਅੱਗੇ ਰਹਿੰਦੈ : ਨਿਤਿਨ ਜੈਨ

ਨਾਭਾ (ਵਰਿੰਦਰ ਵਰਮਾ)-ਰੋਟਰੀ ਕਲੱਬ ਨਾਭਾ ਪ੍ਰਧਾਨ ਐਡਵੋਕੇਟ ਭਾਰਤ ਭੂਸ਼ਨ ਜੈਨ (ਨਿਤਿਨ) ਦੀ ਅਗਵਾਈ ਹੇਠ ਹਲਕੇ ਦੇ ਵੱਖ ਵੱਖ ਸਕੂਲਾਂ ਵਿੱਚ ਜ਼ਰੂਰਤਮੰਦ ਬੱਚਿਆਂ ਨੂੰ ਕੋਟੀਆਂ, ਜੁਰਾਬਾਂ, ਟੋਪੀਆਂ ਤੇ ਬੂਟ ਆਦਿ ਵੰਡੇ ਗਏ। ਇਸ ਮੌਕੇ ਪ੍ਰਧਾਨ ਨਿਤਿਨ ਜੈਨ ਨੇ ਕਿਹਾ ਕਿ ਇਹ ਹਲਕੇ ਦੇ ਵੱਖ ਵੱਖ ਸਕੂਲਾਂ ਵਿੱਚ ਜਿਵੇਂ ਗੌਰਮਿੰਟ ਪ੍ਰਾਇਮਰੀ ਸਮਾਟ ਸਕੂਲ ਨਵਾਂ ਲੁਬਾਣਾ, ਆਰ ਐੱਸ ਜੈਨ ਹਾਈ ਸਕੂਲ, ਸਰਕਾਰੀ ਐਲੀਮੈਂਟਰੀ ਸਕੂਲ ਦੇਵੀ ਮੰਦਰ, ਸਰਕਾਰੀ ਐਲੀਮੈਂਟਰੀ ਸਕੂਲ ਵਿਸ਼ਵਕਰਮਾ ਚੌਕ ਤੇ ਸਰਕਾਰੀ ਐਲੀਮੈਂਟਰੀ ਸਕੂਲ ਬੌੜਾ ਗੇਟ ਵਿਖੇ 400 ਦੇ ਕਰੀਬ ਜ਼ਰੂਰਤਮੰਦ ਬੱਚਿਆਂ ਨੂੰ ਕੋਟੀਆਂ, ਜੁਰਾਬਾਂ, ਟੋਪੀਆਂ ਤੇ ਬੂਟ ਆਦਿ ਜਿੰਦੀਆ ਫਾਊਂਡੇਸ਼ਨ ਦੇ ਸਹਿਯੋਗ ਨਾਲ ਵੰਡੇ ਗਏ ਹਨ। ਨਿਤਿਨ ਜੈਨ ਨੇ ਕਿਹਾ ਕਿ ਦਿਨੋਂ-ਦਿਨ ਸਰਦੀ ਵਧਦੀ ਜਾ ਰਹੀ ਹੈ, ਜਿਸ ਨੂੰ ਵੇਖਦੇ ਹੋਏ ਜ਼ਰੂਰਤਮੰਦ ਬੱਚਿਆਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ, ਤਾਂ ਕਿ ਇਹ ਬੱਚੇ ਠੰਢ ਤੋਂ ਬਚ ਸਕਣ। ਨਿਤਿਨ ਜੈਨ ਨੇ ਕਿਹਾ ਕਿ ਰੋਟਰੀ ਕਲੱਬ ਵੱਲੋਂ ਖ਼ੂਨਦਾਨ ਕੈਂਪ, ਅੱਖਾਂ ਦਾ ਚੈੱਕਅਪ ਤੇ ਅਪ੍ਰੇਸ਼ਨ ਕੈਂਪ, ਹੱਡੀਆਂ ਦਾ ਚੈੱਕਅੱਪ ਕੈਂਪ ਆਦਿ ਹਰ ਸਾਲ ਲਗਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਜ਼ਰੂਰਤਮੰਦਾਂ ਦੀ ਮਦਦ ਵੀ ਕੀਤੀ ਜਾਂਦੀ ਹੈ।

ਇਸ ਮੌਕੇ ਸਕੂਲ ਦੇ ਮੁਖੀ ਤੇ ਸਟਾਫ ਵੱਲੋਂ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾ ਕਲੱਬ ਪ੍ਰਤੀ ਆਸ ਪ੍ਰਗਟਾਈ ਕਿ ਅੱਗੇ ਤੋਂ ਵੀ ਇਸ ਤਰ੍ਹਾਂ ਦੀ ਮਦਦ ਕਰਦੇ ਰਹਿਣਗੇ। ਇਸ ਮੌਕੇ ਕਲੱਬ ਡਾਇਰੈਕਟਰ ਤੇ ਸਾਬਕਾ ਨਗਰ ਕੌਂਸਲ ਪ੍ਰਧਾਨ ਰਜਨੀਸ਼ ਮਿੱਤਲ ਸ਼ੰਟੀ, ਐੱਮ ਡੀ ਮਲਕੀਤ ਗਰੁੱਪ ਚਰਨ ਸਿੰਘ, ਪ੍ਰੋਜੈਕਟ ਚੇਅਰਮੈਨ ਰਮੇਸ਼ ਜਿੰਦਿਆ, ਜਰਨਲ ਸਕੱਤਰ ਰਵਨੀਸ਼ ਗੋਇਲ, ਡਾ. ਆਈ ਡੀ ਗੋਇਲ ਸਾਬਕਾ ਸਿਵਲ ਸਰਜਨ, ਜੀਵਨ ਪ੍ਰਕਾਸ ਬਾਂਸਲ, ਦਰਸਨ ਅਰੋੜਾ, ਜੇ ਪੀ ਗੁਪਤਾ, ਅਸ਼ੋਕ ਕਿੰਗਰ, ਸ਼ਸ਼ੀ ਜਿੰਦਲ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

page-6-24-(DEC)-2022-G-(BV).qxd 12/23/2022 9:55 PM Page 1

ਸਰਵੈਂਟ ਕੁਆਰਟਰ 'ਚੋਂ ਮਿਲੀਆਂ ਦੋ ਨਗਨ ਲਾਸ਼ਾਂ

ਗੁਰਦਾਸਪੁਰ (ਕੇ. ਪੀ. ਸਿੰਘ)—ਇੱਥੋਂ ਦੇ ਬੱਬਰੀ ਬਾਈਪਾਸ ਸਥਿਤ ਰੰਗਤ ਰੈਸਟੋਰੈਂਟ ਵਿੱਚ ਬਣੇ ਸਰਵੈਂਟ ਕੁਆਰਟਰ ਵਿੱਚ ਰੈਸਟੋਰੈਂਟ ਦੇ ਹੀ ਇੱਕ ਮੁਲਾਜ਼ਮ ਅਤੇ ਇੱਕ ਲੜਕੀ ਦੀਆਂ ਲਾਸ਼ਾਂ ਮਿਲਣ ਨਾਲ ਸਨਸਨੀ ਫੈਲ ਗਈ। ਲੜਕਾ ਪੂਰਨ ਨਗਨ ਹਾਲਤ ਵਿੱਚ ਸੀ ਜਦਕਿ ਲੜਕੀ ਅਰਧ ਨਗਨ ਸੀ। ਕਮਰੇ ਵਿੱਚ ਇੱਕ ਪੀਪੇ ਵਿੱਚ ਭਖਾਏ ਕੋਲਿਆਂ ਦੀ ਗੈਸ ਚੜ੍ਹਨ ਨਾਲ ਮੌਤਾਂ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਮ੍ਰਿਤਕਾ ਦੀ ਪਹਿਚਾਣ ਸੂਰਜ (26) ਪੁੱਤਰ ਸ਼ਮਸ਼ੇਰ ਸਿੰਘ ਵਾਸੀ ਪਿੰਡ ਰੱਤੋਵਾਲ ਜ਼ਿਲ੍ਹਾ ਗੁਰਦਾਸਪੁਰ ਅਤੇ ਕਮਲੇਸ਼ (25) ਪਤਨੀ ਵਿਜੇ ਕੁਮਾਰ ਵਾਸੀ ਡਮਟਾਲ (ਪਠਾਨਕੋਟ) ਵਜੋਂ ਹੋਈ ਹੈ। ਪੁਲਸ ਅਨੁਸਾਰ ਮਾਮਲਾ ਨਾਜਾਇਜ਼ ਸਬੰਧਾਂ ਦਾ ਹੈ। ਦੋਵੇਂ ਸ਼ਾਦੀਸ਼ੁਦਾ ਦੱਸੇ ਜਾ ਰਹੇ ਹਨ। ਦੋਵਾਂ ਦੇ ਪਰਿਵਾਰਾਂ ਨੂੰ ਨਹੀਂ ਪਤਾ ਕਿ ਕਮਲੇਸ਼ ਅਤੇ ਸੂਰਜ ਕਿਵੇਂ ਸੰਪਰਕ ਵਿੱਚ ਆਏ ਅਤੇ ਕਿਵੇਂ ਉਨ੍ਹਾਂ ਦੇ ਸਬੰਧ ਬਣੇ। ਪੁਲਸ ਨੇ ਦੱਸਿਆ ਕਿ ਸਵੇਰੇ ਜਦ 9 ਵਜੇ ਤੱਕ ਸੂਰਜ ਰੈਸਟੋਰੈਂਟ ਡਿਊਟੀ 'ਤੇ ਨਹੀਂ ਪਹੁੰਚਿਆ ਤਾਂ ਰੈਸਟੋਰੈਂਟ ਵਾਲਿਆਂ ਨੇ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਾਇਆ ਪਰ ਕਾਫ਼ੀ ਦੇਰ ਕੋਈ ਜਵਾਬ ਨਹੀਂ ਮਿਲਿਆ। ਪੁਲਸ ਨੂੰ ਸੂਚਿਤ ਕੀਤੇ ਜਾਣ ਮਗਰੋਂ ਦਰਵਾਜ਼ਾ ਤੋੜਿਆ ਗਿਆ ਜਿਸ 'ਤੇ ਦੋਵਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ। ਸੀਸੀ ਟੀਵੀ ਕੈਮਰਿਆਂ ਤੋਂ ਪਤਾ ਲੱਗਿਆ ਕਿ ਲੜਕੀ ਵੀਰਵਾਰ ਸਵੇਰੇ 10 ਵਜੇ ਦੇ ਕਰੀਬ ਸੂਰਜ ਦੇ ਕਮਰੇ ਵਿੱਚ ਆਈ ਸੀ। ਸੂਰਜ ਦੇ ਪਿਤਾ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਸੂਰਜ ਉਸ ਦਾ ਸਕਾ ਲੜਕਾ ਨਹੀਂ। ਕਰੀਬ 15 ਸਾਲ ਪਹਿਲਾਂ ਉਹ ਉਨ੍ਹਾਂ ਨੂੰ ਖੇਤਾਂ ਵਿੱਚ ਘੁੰਮਦਾ ਮਿਲਿਆ ਸੀ ਅਤੇ ਉਸ ਦੇ ਪਰਿਵਾਰ ਨੇ ਸੂਰਜ ਨੂੰ ਪਾਲਿਆ। ਵਿਆਹ ਮਗਰੋਂ ਸੂਰਜ ਘਰ ਨਹੀਂ ਰਹਿ ਰਿਹਾ ਸੀ। ਸਦਰ ਪੁਲਸ ਨੇ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡੀਐੱਸਪੀ ਰਿਪੁਤਾਪਨ ਸਿੰਘ ਨੇ ਦੱਸਿਆ ਕਿ ਸੂਰਜ ਅਤੇ ਕਮਲੇਸ਼ ਦੇ ਕਾਫ਼ੀ ਦੇਰ ਤੋਂ ਸੰਬੰਧ ਚੱਲੇ ਆ ਰਹੇ ਸਨ। ਸੂਰਜ ਨੇ ਰੈਸਟੋਰੈਂਟ ਦੇ ਮਾਲਕ ਨੂੰ ਇਹ ਕਿਹਾ ਸੀ ਕਿ ਕਮਲੇਸ਼ ਉਸ ਦੀ ਰਿਸ਼ਤੇਦਾਰ ਹੈ ਅਤੇ ਰਾਤ ਨੂੰ ਉਸ ਨੂੰ ਉਸ ਦੇ ਘਰ ਛੱਡ ਆਵੇਗਾ। ਰਾਤ ਨੂੰ ਦੋਵਾਂ ਨੇ ਸੌਣ ਤੋਂ ਪਹਿਲਾਂ ਘਿਉ ਦੇ ਖ਼ਾਲੀ ਪੀਪੇ ਵਿੱਚ ਕੋਲੇ ਬਾਲੇ। ਕਮਰੇ ਵਿੱਚ ਕੋਈ ਖਿੜਕੀ ਨਾ ਹੋਣ ਕਾਰਨ ਜ਼ਿਆਦਾ ਗੈਸ ਬਣ ਗਈ ਅਤੇ ਸਾਹ ਘੁੱਟਣ ਨਾਲ ਉਨ੍ਹਾਂ ਦੀ ਮੌਤ ਹੋ ਗਈ।

ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਓਰੋ ਵੱਲੋਂ ਅੱਜ ਤੇ ਭਲਕੇ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ

ਐਸ.ਐਸ.ਨਗਰ (ਗੁਰਜੀਤ ਬਿੱਲਾ)-ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਓਰੋ, ਐਸ.ਏ.ਐਸ ਨਗਰ ਵਲੋਂ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਲਈ 24 ਅਤੇ 25 ਦਸੰਬਰ ਨੂੰ ਸਵੇਰੇ 9.30 ਵਜੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਕੈਂਪ ਵਿੱਚ ਐਨ.ਡੀ. ਕੇਅਰ ਨੀਰੋਗਮ ਪ੍ਰਾਈਵੇਟ ਲਿਮਟਿਡ ਕੰਪਨੀ ਭਾਗ ਲਵੇਗੀ ਜਿਸ ਵਿੱਚ ਦਸਵੀਂ, ਬਾਰਵੀਂ, ਗ੍ਰੈਜੂਏਸ਼ਨ,ਐਮ.ਬੀ.ਏ ਅਤੇ ਬੀ.ਏ.ਐਮ.ਐਸ ਵਿਦਿਅਕ ਯੋਗਤਾ ਵਾਲੇ ਪ੍ਰਾਰਥੀ ਭਾਗ ਲੈ ਸਕਦੇ ਹਨ। ਵਧੇਰੇ ਜਾਣਕਾਰੀ ਦਿੰਦਿਆਂ ਡਿੰਪਲ ਥਾਪਰ, ਰੁਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਘਰ-ਘਰ ਰੁਜ਼ਗਾਰ ਮਿਸ਼ਨ ਅਧੀਨ ਪਲੇਸਮੈਂਟ ਕੈਂਪ, ਸਵੈ-ਰੁਜ਼ਗਾਰ ਕੈਂਪ, ਸਕਿੱਲ ਕੈਂਪ ਆਦਿ ਦਾ ਆਯੋਜਨ ਸਮੇਂ-ਸਮੇਂ ਤੇ ਕੀਤਾ ਜਾਂਦਾ ਹੈ ਤਾਂ ਜੋ ਜਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇ ਅਵਸਰ ਮੁਹੱਈਆ ਕਰਵਾਏ ਜਾ ਸਕਣ ਅਤੇ ਉਨ੍ਹਾਂ ਨੂੰ ਆਰਥਿਕ ਪੱਖੋਂ ਆਤਮ ਨਿਰਭਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸੇ ਲੜੀ ਵਿੱਚ ਉਕਤ ਪਲੇਸਮੈਂਟ ਕੈਂਪ ਦਾ ਆਯੋਜਨ ਐਨ.ਡੀ. ਕੇਅਰ ਨੀਰੋਗਮ ਪ੍ਰਾਈਵੇਟ ਲਿਮਟਿਡ ਐਫ-391, ਇੰਡਸਟੀਰੀਅਲ ਏਰੀਆ ਫੇਸ 8ਬੀ ਐਸ.ਏ.ਐਸ ਨਗਰ(ਮੋਹਾਲੀ) ਵਿਖੇ ਕੀਤਾ ਜਾ ਰਿਹਾ ਹੈ ਅਤੇ ਬੇਰੁਜ਼ਗਾਰ ਯੋਗ ਪ੍ਰਾਰਥੀਆਂ ਨੂੰ ਆਪਣੇ ਲੋੜੀਂਦੇ ਦਸਤਾਵੇਜ਼ ਅਤੇ ਰਿਜੀਊਮ ਨਾਲ ਲੈ ਕੇ ਦਫਤਰ ਵਿਖੇ ਪਹੁੰਚਣ ਅਤੇ ਇਸ ਪਲੇਸਮੈਂਟ ਕੈਂਪ ਦਾ ਵੱਧ ਤੋਂ ਵੱਧ ਲਾਭ ਲੈ ਸਕਣ।

ਐੱਸ ਐੱਸ ਪੀ ਵੱਲੋਂ ਰੇਲਵੇ ਸਟੇਸ਼ਨ ਦੀ ਚੈਕਿੰਗ

ਫਿਲੌਰ (ਨਿਰਮਲ)- ਐਸ.ਐਸ.ਪੀ ਜਲੰਧਰ (ਦਿਹਾਤੀ) ਸਵਰਨਦੀਪ ਸਿੰਘ ਵੱਲੋਂ ਫਿਲੌਰ ਪੁਲਸ ਨੂੰ ਨਾਲ ਲੈ ਕੇ ਫਿਲੌਰ ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਵਿਖੇ ਚੈਕਿੰਗ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਚੈਕਿੰਗ ਸ਼ੱਕੀ ਵਿਅਕਤੀਆਂ ਤੇ ਸ਼ੱਕੀ ਵਾਹਨਾਂ ਦੇ ਮੱਦੇਨਜ਼ਰ ਕੀਤੀ ਗਈ ਹੈ। ਐਸ.ਐਸ.ਪੀ ਨੇ ਕਿਹਾ ਜੇ ਕੋਈ ਕਾਨੂੰਨ ਦੀ ਉਲੰਘਣਾ ਕਰਦਾ ਹੈ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਫਿਲੌਰ-ਗੁਰਾਇਆ ਥਾਣਿਆਂ ਦੇ ਐਸ.ਐਚ.ਓਜ਼ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਹਰ ਰੋਜ਼ ਚੈਕਿੰਗ ਕਰਨ। ਇਸ ਮੌਕੇ 'ਤੇ ਉਨ੍ਹਾਂ ਥਾਣਾ ਮੁਖੀ ਫਿਲੌਰ ਸੁਰਿੰਦਰ ਕੁਮਾਰ ਅਤੇ ਹੋਰ ਪੁਲਸ ਕਰਮਚਾਰੀ ਵੀ ਹਾਜ਼ਰ ਸਨ।

ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ ਵਜੋਂ ਜਾਣੇ ਜਾਂਦੇ) ਕੰਪਨੀਜ਼ ਐਕਟ ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਮਨਦੀਪ ਸਿੰਘ ਪੁੱਤਰ ਸ੍ਰੀ ਜਰਨੈਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਾਹਿਲਪੁਰ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ
2. ਹਰਜਿੰਦਰ ਸਿੰਘ ਪੁੱਤਰ ਸ੍ਰੀ ਜਹਤਾਰ ਸਿੰਘ ਵਾਸੀ ਪਿੰਡ ਤੇ ਡਾਕ: ਬੱਸੀ ਜਲਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਜੋ ਕਿ ਲਿਫ਼ਾਫ਼ੇ ਅਤੇ ਪ੍ਰਾਪਤੀ ਰਸੀਦਾਂ ਸਨ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 10.1.2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 21.12.2022 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

ਉੱਤਰ ਰੇਲਵੇ

G20 ਭਾਰਤ 2023 INDIA — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁੱਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਜਾਂਤਰਿਕ ਕਾਰਖਾਨਾ/ ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

ਨਿਵਿਦਾ ਨੰ.	ਮਾਲ ਦਾ ਵੇਰਵਾ	ਮਾਤਰਾ	ਨਿਵਿਦਾ ਖੁਲਣ ਦੀ ਮਿਤੀ
62225094E	3/4 Inch Dia Lock Bolt and Collar for 3/4 Inch dia Lock Bolt. Grip Range of 3/4 Inch Dia Lock Bolt (min=1.000 Inch & max= 1.250 Inch) to RDSO Drg. No. WD-11036-S-01 Alt: Nil & WD-11036-S-02 alt: NIL	29400 SET	09.01.2023

ਨਿਵਿਦਾ ਸ਼ਰਤਾਂ: ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

ਟੈਂਡਰ ਨੋਟਿਸ ਨੰ.:-30/2022-2023 ਮਿਤੀ 19.12.2022 3416/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

G20 ਭਾਰਤ 2023 INDIA — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਨਿਵਿਦਾ ਸੂਚਨਾ

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੇ ਮਾਧਿਅਮ ਨਾਲ ਫਿਰੋਜਪੁਰ ਮੰਡਲ ਤੇ ਹਾਲਟ ਸਟੇਸ਼ਨਾਂ ਦੇ ਅਲਾਟਮੈਂਟ ਲਈ ਆਵੇਦਨ ਪੱਤਰ ਮੰਗੇ ਜਾਂਦੇ ਹਨ:-

1.	ਕੰਮ ਦਾ ਨਾਮ	ਫਿਰੋਜਪੁਰ ਮੰਡਲ ਸੈਦਪੁਰ ਜਲਾਲਾਬਾਦ, ਕੁਲਥਮ ਅਬਦੁਲਾ ਸ਼ਾਹ, ਬੋਜੂਮੋਹਰ, ਚਕਦਯਾਲਾ ਅਤੇ ਸਤਨੌਰ ਬੰਡਸਰੋ ਹਾਲਟ ਸਟੇਸ਼ਨ ਆਉਂਦੇ 5 ਸਾਲ ਦੇ ਲਈ ਠੇਕੇ ਦਾ ਅਲਾਟਮੈਂਟ।
2.	ਨਿਵਿਦਾ ਜਮ੍ਹਾ ਕਰਨ ਦੀ ਅੰਤਮ ਮਿਤੀ ਤੇ ਨਿਵਿਦਾ ਖੁਲਣ ਦ ਸਮਾਂ	ਮਿਤੀ 20.01.2023 ਨੂੰ 15:00 ਵਜੇ ਤਕ (ਕਿਸੇ ਕਾਰਨ ਵਸ਼ ਦਫਤਰ ਬੰਦ ਹੋਣ ਦੀ ਸਥਿਤੀ ਵਿਚ ਆਵੇਦਨ ਪੱਤਰ ਅਗਲੇ ਕੰਮ ਵਾਲੇ ਦਿਨ ਨੂੰ ਖੋਹਲੇ ਜਾਣਗੇ।
3.	ਦਫਤਰ ਦਾ ਪਤਾ ਅਤੇ ਮਿਤੀ ਜਿਥੋਂ ਤੋਂ ਆਵੇਦਨ ਪੱਤਰ ਪ੍ਰਾਪਤ ਕੀਤੇ ਜਾ ਸਕਦੇ ਹਨ।	ਸੀਨੀ. ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਮਿਤੀ 22.12.2022 ਤੋਂ 20.01.2023 ਤਕ ਕਿਸੇ ਵੀ ਕੰਮ ਵਾਲੇ ਦਿਨ ਤੇ ਅਤੇ ਉਤਰ ਰੇਲਵੇ ਦੀ ਵੈਬਸਾਈਟ www.nr.indianrailways.gov.in ਤੋਂ ਡਾਊਨ ਲੋਡ ਕੀਤੇ ਜਾ ਸਕਦੇ ਹਨ।

ਇਸ ਅਲਾਟਮੈਂਟ ਨਾਲ ਸਬੰਧਿਤ ਦਸਤਾਵੇਜ ਜਿਵੇਂ ਆਵੇਦਨ ਪੱਤਰ ਅਨੁਦੇਸ਼ ਕਰਾਰਨਾਮਾ ਅਤੇ ਨਿਯਮ ਤੇ ਸ਼ਰਤਾਂ ਨੂੰ ਉਤਰ ਰੇਲਵੇ ਦੀ ਵੈਬਸਾਈਟ www.nr.indianrailways.gov.in 'ਤੇ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। 3419/2022

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

E-TENDER NOTICE

Tender Notice No:- 770-W/169/WA-1/FZR/331-2022-23-ADEN-II-FZR, 338-2022-23-Sr. DEN-I/FZR, 339-2022 23-Sr. DEN-I/ FZR, 340/2022-23-ADEN-II-FZR

ਸੀਨੀਅਰ ਮੰਡਲ ਇੰਜੀਨੀਅਰ - ਪਹਿਲੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 13.01.2023 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਨੂੰ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਬਧ ਭੁਗਤਾਨ ਮੋਡ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰਨ ਦੀ ਅਨੁਮਤੀ ਹੈ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

ਟੈਂਡਰ ਪ੍ਰਕਾਰ	ਖੁਲੀ	ਟੈਂਡਰ ਅਨੁਭਾਗ	ਕੰਮ	ਬੋਲੀ ਪ੍ਰਣਾਲੀ	ਏਕਲ ਬੋਲੀ ਪ੍ਰਣਾਲੀ
ਟੈਂਡਰ ਅਪਲੋਡ ਕਰਨ ਦੀ ਮਿਤੀ	19.12.2022	ਬੋਲੀ ਸ਼ੁਰੂ ਦੀ ਮਿਤੀ	30.12.2022	ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ	13.01.2023 15:00 Hrs.

ਨੰ:	ਟੈਂਡਰ ਨੰ:	ਟੈਂਡਰ ਦਾ ਵੇਰਵਾ		
1.	331-2022-23-ADEN-II-FZR	ਸਹਾਇਕ ਮੰਡਲ ਇੰਜੀਨੀਅਰ-2 ਦੇ ਅਧਿਕਾਰ ਖੇਤਰ ਵਿਚ FKA, FZR, GOD, GHS, HSQ, JBD, KXH, KBU, KHW, LDK, LNK, MXH, NRO ਅਤੇ TWB ਸਟੇਸ਼ਨ ਉਤੇ ਟੀਬੀਆਰ 21.056 ਕਿ.ਮੀ. ਦੇ ਸਬੰਧ ਵਿਚ ਵਿਵਿਧ ਟ੍ਰੈਕ ਦੇ ਰੱਖ-ਰੱਖਾਵ, ਉਪਕਰ ਅਤੇ ਟ੍ਰੈਕ ਦੀ ਡੀਪ ਸਕਰੀਨਿੰਗ ਕਰਨ ਦਾ ਕੰਮ		
		ਵਿਗਿਆਪਨ ਮੂਲ (Rs.)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
		15174793.77	60 ਦਿਨ	10 ਮਹੀਨੇ
2.	338-2022-23-Sr.DEN-I/FZR	ਸਹਾਇਕ ਮੰਡਲ ਇੰਜੀਨੀਅਰ-I ਦੇ ਅਧਿਕਾਰ ਖੇਤਰ ਵਿਚ PGW-NSS-JJJ ਸੈਕਸ਼ਨ ਵਿਚ ਪੁਲ ਨੰਬਰ 69, 100 & 101 ਅਤੇ FZP-FKA ਸੈਕਸ਼ਨ ਵਿਚ ਪੁਲ ਨੰਬਰ 50 ਅਤੇ PHR-LNK ਸੈਕਸ਼ਨ ਵਿਚ ਪੁਲ ਨੰਬਰ 1 ਦਾ ਪ੍ਰਤੀਸਥਾਪਨ/ਪੁਨਰਨਿਰਮਾਣ ਕਰਨ ਦਾ ਕੰਮ।		
		ਵਿਗਿਆਪਨ ਮੂਲ (Rs.)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
		2 00 06 452 77	60 ਦਿਨ	08 ਮਹੀਨੇ
3.	339-2022-23-Sr.DEN-I/FZR	ਸਹਾਇਕ ਮੰਡਲ ਇੰਜੀਨੀਅਰ ਪਹਿਲੀ ਦੇ ਅਧਿਕਾਰ ਖੇਤਰ ਵਿਚ GRY, LDW, BXB, BHM, NSS & KXH ਸਟੇਸ਼ਨਾਂ ਉਤੇ ਐਫਓਬੀ ਦੀ ਲਾਨਚਿੰਗ ਦਾ ਕੰਮ ਕਰਨਾ ਅਤੇ KXH ਸਟੇਸ਼ਨ ਉਤੇ ਰੇਲ ਸਤਰ/ਹੇਠਾ ਸਤਰ ਦੇ ਯਾਤਰਾ ਪਲੇਟਫਾਰਮ ਨੂੰ ਉੱਚ ਸਤਰ ਤਕ ਉਠਾਨ ਦਾ ਬਚਿਆ ਕੰਮ ਦਾ ਕੰਮ ਕਰਨਾ।		
		ਵਿਗਿਆਪਨ ਮੂਲ (Rs.)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
		7980454.74	60 ਦਿਨ	12 ਮਹੀਨੇ
4.	340-2022-23-ADEN-II/FZR	ਸਹਾਇਕ ਮੰਡਲ ਇੰਜੀਨੀਅਰ - 2, ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਬਿਲਗਾ, ਨੂਰਮਹਲ, ਮਲਸਿਯਾਨ ਸ਼ਾਹਕੋਟ ਅਤੇ ਨਕੋਦਰ ਸਟੇਸ਼ਨਾਂ (4 ਸਟੇਸ਼ਨਾਂ) ਉਤੇ ਪੈਨਲ ਇੰਟਰਲਾਕਿੰਗ ਦੇ ਨਾਲ ਸਿਗਨਲਿੰਗ ਦਾ ਅਲਗਾਵ ਅਤੇ ਉਨਨਯਨ ਕਰਦ ਦਾ ਕੰਮ		
		ਵਿਗਿਆਪਨ ਮੂਲ (Rs.)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
		20556075.26	60 ਦਿਨ	09 ਮਹੀਨੇ

3409/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Court Notice

In the court of Ms. Babaljit Kaur Civil Judge (Junior Division), Barnala.

CNR No. PBBR02-001105-2020
Next Date : 27.1.2023
Kullwant Singh
Versus
Jagjit Singh

Publication issued to : 1. Jagsir Singh S/o Karnail Singh R/o Sandhu Kalan, Tehsil Tapa, Distt. Barnala 2. Gurlal Singh S/o Pritam Singh S/o Bhagwant Singh R/o Near Co-Operative Society Sandhu Kalan 3. Rani D/o Pritam Singh now W/o Naib Singh @ Naiba R/o Nathana, Distt. Bathinda 4. Jagraj Singh (Retired Police Official) S/o Bhagwant Singh R/o Guru Arjan Dev Nagar, Street No. 3, Ward No. 1, Mansa.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 27.1.2023 at 10.00 a.m.

For details logon to https://highcourtchd.gov.in/?trs=district notice&district=Barnala

Civil Judge (Junior Division), Barnala.
Dated, this day of 22.12.2022

Court Notice

In the Court of Sh. Mohinder Partap Singh Libra Civil Judge (Junior Division)-21, Jalandhar.

CNR No.PBJL02-003269-2022
Next Date : 20.1.2023
EOS Pharmaceuticals India Ltd.
Versus
M/S Apollo Pharmaceuticals

Suit for grant of decree for recovery of Rs. 37,086/- alongwith interest as prayed for.

Publication issued to : M/S Apollo Pharmaceuticals

Through its proprietor Paramjit Singh, Shop No. 7-A, First Floor Sunder Plaza Near Subhash Park Katra Sher Singh Amritsar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 20.1.2023 at 10.00 a.m.

For details logon to https://highcourtchd.gov.in/?trs=district notice&district=Jalandhar

Civil Judge (Junior Division)-21, Jalandhar.
Dated, this day of 23.12.2022

ਕਲਾਸੀਫਾਈਡ ਇਸ਼ਤਿਹਾਰ

Change of Name

I, Kajal D/o Ram Murti R/o VPO.Rehana Jattan, Teh.Phagwara, Distt.Kapurthala Have Changed My Name To Kajal Shemar. All Please Note.

I, Pardeep Chottani S/o Davinder Nath R/o H.No.86, Street No.3, Guru Harkrishan Nagar, Phagwara, Kapurthala Have Changed My Minor Child Name From Parikkshat Chhottani To Parikshat Chottani. All Please Note.

I, Nitin S/o Pardeep Mahajan R/o H.No.77, Baba Mohan Dass Nagar, Jalandhar Have Changed My Name To Nitin Mahajan. All Please Note.

I, Karan S/o Satpal R/o Vill. Kanshi Nagar, G.T. Road, Po. Mehtan, Teh. Phagwara, Distt. Kapurthala-144401 have changed my name to Karanvir Singh. All Please Note.

I, Kamaljeet S/o Charanjit R/o VPO. Lehal, Tehsil Phillaur, Distt. Jalandhar have changed my name to Kamalpreet Samplay. (Surname as Samplay) All Please Note.

I, hitherto known as Manjit Singh Son of Balwant Singh residing at Vill. Ucha Pind, Tehsil Phagwara, Distt. Kapurthala-144402, Punjab have changed my name and shall hereafter be known as Manjit Singh Bharaj. All Please Note.

I, Rajbeer Kaur W/o Malook Singh R/o Village Tibri, P.O. Pull Tibri, Tehsil/Distt. Gurdaspur, Punjab-143521. have changed my name to Jasbir Kaur. (Dogra)

I, Harmanjit Kaur W/o Navraj Singh R/o Village Baupur Affgana, P.O. Dugri, Tehsil/Distt. Gurdaspur, have changed my name to Harmanjit Kaur Malhi. (Dogra)

I, Navraj Singh S/o Ninder Singh R/o Village Baupur Affgana, P.O. Dugri, Tehsil/Distt. Gurdaspur, have changed my name to Navraj Singh Malhi. (Dogra)

I, Charanjit Kaur W/o Narender Singh R/o Village Pawar, P.O. Naurangpur, Pathankot, Pin-145025, Punjab, India, have changed my name to Charnjeet Kaur. (Dogra)

I, Ashwani s/o Roshan Lal r/o W.no.8, Lamini, Opp.Lovley Defodails School, Pathankot, Punjab-145001 have changed my name as Ashwani Chandok. All Please Note.

I, Inderjit S/o Pala Ram R/o Vill.Daulatpur, Po. Raipur, Jalandhar have added my surname as Inderjit Mehmi. (Surname as Mehmi) All Please Note.

I, Priya w/o Naveen Saroay d/o Nirmal Kumar r/o Vill.Dhaliwal, Ps-Lambra, Jalandhar have changed my name to Priya Saroay. All Please Note.

Court Notice

In the Court of Sukhmandeep Singh Civil Judge (Junior Division), Phillaur.

CNR No. PBJLB0-000781-2022
Next Date : 11.1.2023

Jaspal Kaur W/o Late Jaswinder Singh R/o Vill. Kandola Kalan, Tehsil Phillaur.
Versus
Manjeet Kaur spouse Gurdeep Singh R/o Vill. Pasla, Tehsil Phillaur, Distt. Jalandhar.

Publication issued to : Manjeet Kaur Spouse : Gurdeep Singh R/o Vill. Pasla, Tehsil Phillaur, Distt. Jalandhar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 11.1.2023 at 10.00 a.m.

For details logon to https://highcourtchd.gov.in/?trs=district notice&district=Jalandhar

Civil Judge (Junior Division), Phillaur.
Dated, this day of 23.12.2022

Court Notice

In the court of Sh. Vineet Kumar Narang Civil Judge (Senior Division) S.A.S. Nagar.

CNR No. PBSA02-001402-2022
Next Date : 19.1.2023
Punjab National Bank
Versus
Gobind Singh

Petition for Recovery of Rs. 5,24,207/-

Notice to : 1. Gobind Singh S/o Sh. Vikram Singh H.No. 894-A, Vill. Jagatpura, SAS Nagar, Mohali-160055

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 19.1.2023 at 10.00 a.m.

For details logon to https://highcourtchd.gov.in/?trs=district notice&district=Mohali

Civil Judge (Senior Division) S.A.S. Nagar.
Dated, this day of 22.12.2022

Court Notice

In the Court of Sumit Ghai Addl. Distt. and Session Judge, Amritsar

CNR No. PBAS01-015746-2022
Next Date : 18.2.2023
Mandip Kaur
Versus
General Public

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.2.2023 at 10.00 a.m.

For details logon to https://highcourtchd.gov.in/?trs=district notice&district=Amritsar

Addl. Distt. and Session Judge, Amritsar.
Dated, this day of 23.12.2022

Disinheritance

I, Dalvir Singh S/o Milkha Singh R/o apt#207, 7225 Rue Durocher, H3N2Y3, Montreal declare that my son Bhupinder Singh has fallen to wrong societies, and he is out of our control. So I disown him from our moveable/immoveable property If anybody dealing with him at his/her own risk, we will not be responsible. (VIG)

ਆਮ ਸੂਚਨਾ

ਨਸੀਬ ਕੌਰ ਪਤਨੀ ਸੋਹਣ ਸਿੰਘ, ਵਾਸੀ ਸੇਰੋਂ ਬਾਘਾ ਨਾਮ ਚੱਲਦੇ ਟਿਊਬਵੈੱਲ ਕੁਨੈਕਸ਼ਨ ਅਫ-3844 ਨੂੰ ਰਛਪਾਲ ਸਿੰਘ ਪੁੱਤਰ ਧਰਮ ਸਿੰਘ, ਸੱਤੋਵਾਲ ਨਾਮ ਕਰਨ ਦੀ ਦਰਖਾਸਤ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ। (Athoula)

ਇੱਕ ਟਿਊਬਵੈਲ ਕੁਨੈਕਸ਼ਨ AP19/0543 ਜੋ ਕਿ ਹਰਬੰਸ ਸਿੰਘ ਪੁੱਤਰ ਬਹਾਦਰ ਸਿੰਘ ਦੇ ਨਾਮ ਤੇ ਪਿੰਡ ਲਹੌਰੀਮੱਲ 10.00BHP ਦਾ ਚੱਲ ਰਿਹਾ ਹੈ ਨੂੰ ਦਿਲਬਾਗ ਸਿੰਘ ਪੁੱਤਰ ਸ੍ਰੀ ਦਾਰਾ ਸਿੰਘ ਦੇ ਨਾਮ ਤੇ ਤਬਦੀਲ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ ਹੈ ਤਾਂ 10 ਦਿਨਾਂ ਦੇ ਅੰਦਰ ਪੀ.ਐਸ.ਪੀ.ਸੀ.ਐਲ ਖਾਸਾ ਦਫ਼ਤਰ ਵਿਖੇ ਸੰਪਰਕ ਕਰੇ। ਬਾਅਦ ਵਿੱਚ ਇਤਰਾਜ ਮੰਨਣਯੋਗ ਨਹੀਂ ਹੋਵੇਗਾ। ਵੱਲੋਂ: ਉਪਮੰਡਲ ਅਫ਼ਸਰ, ਪੀ.ਐਸ.ਪੀ.ਸੀ.ਐਲ, ਖਾਸਾ (Arora)

ਮੋਟਰ ਕੁਨੈਕਸ਼ਨ ਖਾਤਾ ਨੰ: 3007634824 ਬਲਜਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਉਮਰੇਵਾਲ ਤੋਂ ਨਾਂਅ ਬਦਲੀ ਕਰਕੇ ਬਲਵਿੰਦਰ ਕੌਰ ਪਤਨੀ ਹਰਪਾਲ ਸਿੰਘ ਵਾਸੀ ਚੱਕ ਕਲਾਂ (ਰਕਬਾ ਉਮਰੇਵਾਲ, ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਮੋਟਰ ਕੁਨੈਕਸ਼ਨ ਖਾਤਾ ਨੰ: ਏ ਪੀ 06/1184 ਗੁਰਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਬਾਲੋਕੀ ਤੋਂ ਨਾਂਅ ਬਦਲੀ ਕਰਕੇ ਪਰਮਿੰਦਰ ਸਿੰਘ ਮਾਨ ਪੁੱਤਰ ਜਸਵਿੰਦਰ ਸਿੰਘ ਵਾਸੀ ਬਾਲੋਕੀ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਮੈਂ, ਸੁਰਿੰਦਰ ਕੌਰ ਵਿਧਵਾ ਸ੍ਰੀ ਹਰਬਿਲਾਸ ਵਾਸੀ ਮਕਾਨ ਨੰ: 75-ਈ, ਮਾਹਨ ਸਿੰਘ ਨਗਰ, ਡਾਕ: ਚੁਗਿੱਟੀ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਗੁਰਮੀਤ ਲਾਲ ਉਰਫ ਗੁਰਮੀਤ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 20.8.2020 ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇਕਾਰ ਹੈ ਅਤੇ ਮੇਰੀ ਦੇਖਭਾਲ ਕਰਦਾ ਹਾਂ। ਇਸ ਲਈ ਮੈਂ ਉਕਤ ਬੇਦਖਲੀ ਨੋਟਿਸ ਵਾਪਸ ਲੈਂਦੀ ਹਾਂ। (6648)

ਪਿੰਡ ਅਮੀਪੁਰ ਵਿੱਚ ਚੱਲ ਰਹੇ ਟਿਊਬਵੈੱਲ ਖਾਤਾ ਨੰਬਰ AP04/0520F ਜੋ ਕਿ ਫੌਜਾ ਸਿੰਘ ਪੁੱਤਰ ਈਸ਼ਰ ਸਿੰਘ ਦੇ ਨਾਮ ਤੇ ਹੈ, ਨੂੰ ਸ੍ਰੀ ਪਲਵਿੰਦਰ ਸਿੰਘ ਪੁੱਤਰ ਫੌਜਾ ਸਿੰਘ ਨੇ ਆਪਣੇ ਨਾਮ ਕਰਵਾ ਰਹੇ ਹਨ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ, ਜੌੜਾ ਛੱਤਰਾਂ ਨੂੰ 15 ਦਿਨ ਅੰਦਰ ਪੇਸ਼ ਕਰ ਸਕਦਾ ਹੈ।

ਪਿੰਡ ਅਮੀਪੁਰ ਵਿੱਚ ਚੱਲ ਰਹੇ ਟਿਊਬਵੈੱਲ ਖਾਤਾ ਨੰਬਰ AP04/0192Y ਜੋ ਕਿ ਫੌਜਾ ਸਿੰਘ ਪੁੱਤਰ ਈਸ਼ਰ ਸਿੰਘ ਦੇ ਨਾਮ ਤੇ ਹੈ, ਨੂੰ ਸ੍ਰੀ ਪਲਵਿੰਦਰ ਸਿੰਘ ਪੁੱਤਰ ਫੌਜਾ ਸਿੰਘ ਨੇ ਆਪਣੇ ਨਾਮ ਕਰਵਾ ਰਹੇ ਹਨ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ, ਜੌੜਾ ਛੱਤਰਾਂ ਨੂੰ 15 ਦਿਨ ਅੰਦਰ ਪੇਸ਼ ਕਰ ਸਕਦਾ ਹੈ।

ਮੈਂ, ਹਰਪ੍ਰੀਤ ਕੌਰ ਪੁੱਤਰੀ ਲਖਵਿੰਦਰ ਸਿੰਘ ਪੁੱਤਰ ਸ੍ਰ. ਪ੍ਰੀਤਮ ਸਿੰਘ ਅਤੇ ਪਤਨੀ ਸ੍ਰ. ਦਲਜੀਤ ਸਿੰਘ ਵਾਸੀ ਪਿੰਡ ਰਾਏਪੁਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਨਾਂਅ ਆਧਾਰ ਕਾਰਡ ਤੇ ਆਈ ਡੀ ਕਾਰਡ 'ਤੇ ਹਰਪ੍ਰੀਤ ਕੌਰ ਹੈ ਅਤੇ ਮਹਿਕਮਾ ਮਾਲ ਵਿੱਚ ਮੇਰਾ ਹਰਮੀਤ ਕੌਰ ਦਰਜ ਹੋ ਗਿਆ ਹੈ। ਹਰਪ੍ਰੀਤ ਕੌਰ ਤੇ ਹਰਮੀਤ ਕੌਰ ਪੁੱਤਰੀ ਲਖਵਿੰਦਰ ਸਿੰਘ ਦੋਨੋਂ ਨਾਂਅ ਇੱਕ ਹੀ ਔਰਤ ਦੇ ਹਨ।

ਸ੍ਰੀ ਦਲੀਪ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਪਿੰਡ ਢੱਡਾ ਦਿਲਖਾਹਪੁਰ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ14/0031 ਡਬਲਯੂ (15 ਐੱਚ ਪੀ) ਸ੍ਰੀਮਤੀ ਅਮਰਜੀਤ ਕੌਰ ਪਤਨੀ ਪਰਮਜੀਤ ਸਿੰਘ ਪਿੰਡ ਢੱਡਾ ਦਿਲਖਾਹਪੁਰ ਦੇ ਨਾਂਅ ਉੱਪਰ ਤਬਦੀਲ ਕੀਤਾ ਜਾਂਦਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪਾਵਰਕਾਮ ਮਲਸੀਆਂ ਵਿੱਚ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਨਾਂਅ ਬਦਲੀ ਕਰ ਦਿੱਤਾ ਜਾਵੇਗਾ। ਸਹਾਇਕ ਕਾਰਜਕਾਰੀ ਇੰਜ., ਪੀ ਐੱਸ ਪੀ ਸੀ ਐੱਲ, ਮਲਸੀਆਂ।

ਸ੍ਰੀ ਚਰਨ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਪਿੰਡ ਢੱਡਾ ਦਿਲਖਾਹਪੁਰ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 33/0088 ਐਫ (12.5 ਬੀ ਐੱਚ ਪੀ) ਚੱਲ ਰਿਹਾ ਹੈ, ਨੂੰ ਸ੍ਰੀਮਤੀ ਅਮਰਜੀਤ ਕੌਰ ਪਤਨੀ ਪਰਮਜੀਤ ਸਿੰਘ ਪਿੰਡ ਢੱਡਾ ਦਿਲਖਾਹਪੁਰ ਦੇ ਨਾਂਅ ਉੱਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪਾਵਰਕਾਮ ਮਲਸੀਆਂ ਵਿੱਚ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਨਾਂਅ ਬਦਲੀ ਕਰ ਦਿੱਤਾ ਜਾਵੇਗਾ। ਸਹਾਇਕ ਕਾਰਜਕਾਰੀ ਇੰਜ., ਪੀ ਐੱਸ ਪੀ ਸੀ ਐੱਲ, ਮਲਸੀਆਂ

ਬੇਦਖਲੀ ਨੋਟਿਸ

ਅਸੀਂ ਗੁਰਜੀਤ ਸਿੰਘ ਪੁੱਤਰ ਈਸਰ ਸਿੰਘ ਅਤੇ ਸਾਰਦਾ ਪਤਨੀ ਗੁਰਜੀਤ ਸਿੰਘ ਵਾਸੀਆਨ 4805/18, ਗਲੀ ਨੰਬਰ 2, ਡੈਮ ਗੰਜ, ਅੰਮ੍ਰਿਤਸਰ ਦੇ ਰਹਿਣ ਵਾਲੇ ਹਾਂ, ਇਹ ਕਿ ਸਾਡੀ ਲੜਕੀ ਕਾਜਲ ਜੋਕਿ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਉਸ ਨੇ ਸਾਡੀ ਮਰਜੀ ਤੋਂ ਬਿਨ੍ਹਾਂ ਗੁਰਪ੍ਰੀਤ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਮਕਾਨ ਨੰਬਰ 4947/18, ਰਾਮ ਬਾਜਾਰ, ਡੈਮ ਗੰਜ, ਅੰਮ੍ਰਿਤਸਰ ਨਾਲ ਵਿਆਹ ਕਰਵਾ ਲਿਆ ਹੈ, ਅਸੀਂ ਆਪਣੀ ਲੜਕੀ ਕਾਜਲ ਅਤੇ ਉਸਦੇ ਪਤੀ ਗੁਰਪ੍ਰੀਤ ਸਿੰਘ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ, ਜੇਕਰ ਸਾਡਾ ਜਾਂ ਸਾਡੇ ਪਰਿਵਾਰ ਦਾ ਕੋਈ ਵੀ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਜਿੰਮੇਵਾਰ ਗੁਰਪ੍ਰੀਤ ਸਿੰਘ ਅਤੇ ਉਸ ਦਾ ਪਰਿਵਾਰ ਹੋਵੇਗਾ, ਅਤੇ ਜੋ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਨਰਿੰਦਰ ਸਿੰਘ ਪੁੱਤਰ ਬਚਨ ਸਿੰਘ ਵਾਸੀ ਅਬਾਦਪੁਰਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਮਨਦੀਪ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਰੋਹਿਤ ਗੁਪਤਾ ਪੁੱਤਰ ਰੰਗਾ ਰਾਮ ਗੁਪਤਾ ਵਾਸੀ ਮਕਾਨ ਨੰ. ਐਨ. ਬੀ. 20/3, ਟਾਂਡਾ ਰੋਡ, ਸਤ ਨਰਾਇਣ ਮੰਦਿਰ ਵਾਲੀ ਗਲੀ, ਤੋਂਬਰੀ ਮੁਹੱਲਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੋਰਵ ਗੁਪਤਾ ਅਤੇ ਇਸ ਦੀ ਪਤਨੀ ਨੇਹਾ ਰਾਣੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਅਸੀਂ, ਸੁਨੀਲ ਕੁਮਾਰ ਪੁੱਤਰ ਪੁਨੀ ਲਾਲ ਅਤੇ ਰੰਜਨਾ ਪਤਨੀ ਸੁਨੀਲ ਕੁਮਾਰ ਵਾਸੀਆਨ 1556, ਜੰਡ ਪੀਰ ਕਾਲੋਨੀ, ਖੰਡਵਾਲਾ, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਕਵਿਤਾ ਕੁਮਾਰੀ, ਜੋ ਕਿ ਸ਼ਾਦੀਸ਼ੁਦਾ ਹੈ, ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪਾਯਲ ਸਜਦੇਹ ਪਤਨੀ ਰਾਜਨ ਸਜਦੇਹ ਵਾਸੀ 3-ਏ, ਮਾਲ ਰੋਡ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜੈ ਸਜਦੇਹ ਤੇ ਇਸ ਦੀ ਪਤਨੀ ਅੰਕਿਤਾ ਮਹਾਜਨ ਤੇ ਇਨ੍ਹਾਂ ਦੀ ਬੇਟੀ ਰਾਹਤ ਸਜਦੇਹ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ ਮਹਿੰਦਰ ਕੌਰ ਪਤਨੀ ਸਵਰਗੀ ਬਲਦੇਵ ਸਿੰਘ, ਪਿੰਡ ਝਲਾੜੀ (ਅੰਮ੍ਰਿਤਸਰ) ਆਪਣੇ ਲੜਕੇ ਸੰਗਰਾਮ ਸਿੰਘ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (Athoula)

ਮੈਂ, ਮਨਪ੍ਰੀਤ ਕੌਰ ਪਤਨੀ ਮੱਖਨ ਸਿੰਘ ਵਾਸੀ ਪਿੰਡ ਹਿੰਮਤਪੁਰਾ, ਤਹਿ: ਵਾ ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਹਰਜੋਤ ਕੌਰ (19) ਮੇਰੇ ਵਾ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਵਾ ਮੇਰਾ ਪਰਵਾਰ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਉਸ 'ਚ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (ਨਿਸ਼ਾ)

ਮੈਂ, ਦਵਿੰਦਰ ਸਿੰਘ ਪੁੱਤਰ ਸ੍ਰੀ ਦੇਸਾ ਸਿੰਘ ਵਾਸੀ ਜੰਡ ਵਾਲਾ, ਤਹਿ: ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਆਪਣੇ ਲੜਕੇ ਰਾਜਵਿੰਦਰ ਸਿੰਘ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇਕਰ ਉਹ ਕਿਸੇ ਤਰ੍ਹਾਂ ਦਾ ਕੋਈ ਲੈਣ-ਦੇਣ ਕਰਦਾ ਹੈ ਤਾਂ ਉਸ ਦਾ ਖੁਦ ਆਪ ਹੀ ਜ਼ਿੰਮੇਵਾਰ ਹੋਵੇਗਾ। ਉਸ ਵਿੱਚ ਮੇਰਾ ਵਾ ਮੇਰੇ ਬਾਕੀ ਪਰਵਾਰ ਦਾ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (ਬੈਂਕ)

ਮੈਂ, ਰਾਮ ਲਾਲ ਪੁੱਤਰ ਪਿਆਰਾ ਲਾਲ ਵਾਸੀ ਪਿੰਡ ਸ਼ਾਹਪੁਰ, ਡਾਕ: ਉਧੋਪੁਰ, ਤਹਿ: ਤੇ ਜ਼ਿਲ੍ਹਾ ਜਲੰਧਰ ਇਹ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈ ਰੇਸ਼ਮ ਚੰਦ ਪੁੱਤਰ ਸਵਰਨ ਦਾਸ ਵਾਸੀ ਪਿੰਡ ਖੋਜੇਵਾਲ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਗੁਰਵਿੰਦਰ ਸਿੰਘ ਨੂੰ ਆਪਣੀ ਤਮਾਮ ਚਲ ਤੇ ਅਚਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਮੱਖਣ ਰਾਮ ਪੁੱਤਰ ਜਗਮਲ ਰਾਮ ਵਾਸੀ ਭਿੱਖੀਵਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਰਾਜੂ, ਅਜੈ ਅਤੇ ਬਲਵਿੰਦਰ ਮੇਰੇ ਕੰਟ੍ਰੋਲ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (SONI)

ਮੈਂ, ਜਰਨੈਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮਕਾਨ ਨੰ: 347, ਗਲੀ ਨੰ: 1, ਮੁਹੱਲਾ ਗੋਕਲ ਨਗਰ, ਹੁਸ਼ਿਆਰਪੁਰ, ਤਹਿ: ਤੇ ਜ਼ਿਲ੍ਹਾ ਹੁਸ਼ਿਆਰਪੁਰ, ਮੇਰਾ ਲੜਕਾ ਸੰਦੀਪ ਸਿੰਘ ਅਤੇ ਇਸ ਦੀ ਪਤਨੀ ਮਨਪ੍ਰੀਤ ਕੌਰ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਸਾਰੇ ਰਿਸ਼ਤੇ-ਨਾਤੇ ਤੋੜਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੋਵੇਗਾ।

ਮੈਂ, ਸੁਖਵੀਰ ਸਿੰਘ ਪੁੱਤਰ ਸ੍ਰੀ ਸੁਰਜੀਤ ਸਿੰਘ ਵਾਸੀ ਮਕਾਨ ਨੰਬਰ 7, ਗਲੀ ਨੰਬਰ 6, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਰਿਸ਼ਤੇ-ਨਾਤੇ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਬਾਕੀ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਅਰਪਿਤ)

ਅਸੀਂ, ਨਰਿੰਦਰ ਪਾਲ ਪੁੱਤਰ ਸ੍ਰੀ ਸੋਹਣ ਲਾਲ ਅਤੇ ਕਮਲਜੀਤ ਕੌਰ ਪਤਨੀ ਸ੍ਰੀ ਨਰਿੰਦਰ ਪਾਲ ਵਾਸੀਆਨ ਪਿੰਡ ਅਤੇ ਡਾਕ: ਜੀਵਨਪੁਰ ਜੱਟਾਂ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਜੇਸ਼ ਕੁਮਾਰ ਅਤੇ ਉਸ ਦੀ ਪਤਨੀ ਹਰਜੋਤ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਬਾਕੀ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਅਰਪਿਤ)

ਮੈਂ, ਤਰਸੇਮ ਕੌਰ ਪਤਨੀ ਲੇਟ ਸ੍ਰੀ ਰਾਜ ਕੁਮਾਰ ਵਾਸੀ ਗਲੀ ਨੰ. 1, ਮੁਹੱਲਾ ਸੰਤੋਖਪੁਰਾ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਜਿੰਦਰ ਕੁਮਾਰ, ਜੋ ਕਿ ਕੁਆਰਾ ਹੈ ਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਾਬੂ ਰਾਜਾ ਪੁੱਤਰ ਸ਼ਿੰਗਾਰਾ ਮਸੀਹ ਵਾਸੀ 85, ਨਿਊ ਕਾਲੋਨੀ, ਰਾਮ ਤੀਰਥ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਆਸ਼ੀਸ਼ ਥੋਮਸ ਤੇ ਉਸ ਦੀ ਪਤਨੀ ਸੋਫੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪਰਮਜੀਤ ਸਿੰਘ ਪੁੱਤਰ ਸ੍ਰ. ਸੁਖਵੰਤ ਸਿੰਘ ਵਾਸੀ ਪ੍ਰੀਤ ਨਗਰ, ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਰਮਨਜੀਤ ਸਿੰਘ ਤੇ ਉਸ ਦੀ ਪਤਨੀ ਸਰਬਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਭੁਪਿੰਦਰ ਕੌਰ ਪਤਨੀ ਮਨਿੰਦਰ ਸਿੰਘ ਵਾਸੀ 62 ਗੁਲਮਰਗ ਐਵੀਨਿਊ ਵਾਰਡ ਨੰ.10 ਲੱਧੇਵਾਲੀ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪੁਸ਼ਪਿੰਦਰ ਸਿੰਘ ਉਰਫ ਨੋਨੀ ਮੇਰੇ ਕਹਿਣੇ ਤੋਂ ਬਾਹਰ ਹੈ, ਇਸ ਲਈ ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਨਾਂਅ ਦੀ ਬਦਲੀ

ਮੈਂ ਰਜਨੀ ਪੁਤਰੀ ਸੁੱਖਾ ਵਾਸੀ ਪਿੰਡ ਆਰੀਆਂਵਾਲ, ਡਾਕਖਾਨਾ ਸੈਦੋਵਾਲ ਜਿਲਾ ਕਪੂਰਥਲਾ ਪੰਜਾਬ ਦੀ ਰਹਿਣ ਵਾਲੀ ਹਾਂ। ਇਹ ਕਿ ਮੈਂ ਆਪਣਾ ਨਾਮ ਰਜਨੀ ਤੋਂ ਬਦਲ ਕੇ ਰਜਨੀ ਗਿੱਲ ਕਰ ਲਿਆ ਹੈ। ਸਾਰੇ ਸਬੰਧਤ ਨੋਟ ਕਰਨ।

ਮੈਂ, ਮੋਹਿਤ ਕੁਮਾਰ ਪੁੱਤਰ ਸ੍ਰੀ ਮਿੰਟੂ ਵਾਸੀ ਇੰਦਰਾ ਕਾਲੋਨੀ ਮੁਸਤਫਾਬਾਦ, ਬਟਾਲਾ ਰੋਡ, ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਮੋਹਿਤ ਕੁਮਾਰ ਤੋਂ ਬਦਲ ਕੇ ਮੋਹਿਤ ਰੱਖ ਲਿਆ ਹੈ। ਸੰਬੰਧਤ ਨੋਟ ਕਰ ਲੈਣ। (ਕੇ.ਐੱਲ. ਕਮਲੇਸ਼)

Change of Name

I, Prabhjot Kaur W/O Nachhattar Singh Residing At Village Awan Ghore Shah, Po Rani Pind, Tehsil Dasuya, Distt. Hoshiarpur - 144202, Punjab, India Have Changed The Name Of My Minor Son Hargun Preet Singh (Aged Approx 15 Years) And He Shall Hereafter Be Known As Hargun Singh.

I,Surinder Singh S/O Parkash Singh R/O Mianwal Molvian, Innowal, Tehsil Shahkot, Distt. Jalandhar Have Changed The Name Of My Minor Daughter Ashmeen To Ashmeen Kaur.

I, Sanjana Bharaj W/o Charanjit Singh Bharaj R/o H.No. 757/16, New Santokhpura, Jalandhar have changed my name from Sanjana to Sanjana Bharaj after marriage. All concerned please note.

I, Kiran Kumari W/o Manmohan Chander R/o 34/B,Dharampura Mohalla, Near Hazira Park, Batala,Distt Gurdaspur. Have Changed my Name from Kiran Kumari to Kiran Bala.

I, Sandeep Babbar d/o Suraj Parkash r/o Ekta Mohalla, Near Civil Hospital, Mahilpur, Hoshiarpur, Punjab-146105 have changed my name as Sandeep Rani. All Please Note.

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

Change of Name

I, Anjali Devi W/o Sh. Sonvir Singh R/o VPO Kathwaria, Tehsil Kiraoli, Distt. Agra (UP) 283101 have Changed my name Anjali Devi to Anjali. (VIG)

I SARITA NARAD W/O MANMOHAN BHARDWAJ, HOUSE NO. 8, GALI NO. 14 NEW PAWAN NAGAR, AMRITSAR TEHSIL & DISTT. AMRITSAR PUNJAB, INDIA SOLEMNLY AFFIRM & DECLARE THAT I have changed my name from SARITA to SARITA NARAD. CONCERNED PLEASE NOTE.

I, Rinkal S/o Bhushan Lal R/o V.P.O. Bolina, Jalandhar, Punjab, declare that have changed my name from Rinkal to Rinkal Bhushan. All concerned noted. (R)

I, Parvinder Kaur W/o Gurmeet Singh R/o H.No. 100, Chhoti Baradari, Part 2, Jalandhar, Punjab, have changed my name from Parvinder Kaur to Pervinder Kaur. All concerned may please note. (Contact)

I,DHARAMPALS/o TARSEM LAL, R/o NAI ABADIVill.Nagar, District jalandhar. I have changed my Name from Dharampal to DharampalPawar. All concern to be note.

I, Sahil S/o Karamjit Singh, R/o H.No. 155, New Guru Nanak Nagar, Kapurthala, have changed my name from SAHIL to SAHIL MAND. All concerned please noted. (Kuldeep)

I, *Tokha* S/o Rana R/o VPo. Ibban, Distt. Kapurthala have changed my name from *TOKHA* to *TARANJOT SINGH* for all purposes with immediate effect, all concern to note.

I,Kanika W/O Pankaj Bhatia R/O H.No.462,Gali Kamboj,Street No.4,Old Lakkad Mandi, Near Jallian Wala Bagh,,Amritsar, Punjab have changed my name from Kanika to Kanika Bhatia.Concerned note.

I,Mukhvinder Singh S/O Kartar Singh R/O Village Kolowal PO Barar,Distt.Amritsar, Punjab have changed my name from Mukhvinder Singh to Mukhwinder Singh. Concerned note.

I, Satwinder Kaur W/o Jaspal Singh R/o Talwandi Chaudhrian, Tehsil Sultanpur Lodhi, Distt. Kapurthala, I have changed my name Satwinder Kaur to Kaur Satwinder. Concerned please note.

I, Jaspal Singh S/o Kehar Singh R/o Talwandi Chaudhrian, Tehsil Sultanpur Lodhi, Distt. Kapurthala, I have changed my name Jaspal Singh to Singh Jaspal. Concerned please note.

I, Jai Kiran S/O Darshan Kumar R/O F15/344, Kirpal Colony, Tung Bala, Majitha Road, Amritsar Have Changed My Name From Jai Kiran To Jai Kiran Bhagat.

I Sarabjit Kaur W/O Satnam Singh R/O Hno 129-a Gali No 1 Near Rk Modern School Karam Singh Colony Gumtala Amritsar Have Changed My Name From Sarabjit Kaur To Sarabjeet Kaur

I Sukhvinder Kaur W/O Kashmir Singh R/O Hno 129-a Gali No 1 Near Rk Modern School Karam Singh Colony Gumtala Amritsar Have Changed My Name From Sukhvinder Kaur To Sukhwinder Kaur.

I, Ashok Kumar Sehgal S/O Narinjan Das R/O H.no.274, Tilak Nagar Amritsar Have Changed My Name From Ashok Kumar Sehgal To Ashok Sehgal.

I, Ranveer Singh S/O Mandeep Singh R/O H.no.16, Inderjit Colony, 100 Feet Road Amritsar Have Changed My Name From Ranveer Singh To Ranveer Singh Bumrah.

I, Shaveta Seth W/O Mohit Malhotra R/O H.no.217-218, Near Joura Phatak New Golden Avenue Amritsar Have Changed My Name From Shaveta Seth To Shaveta Malhotra.

I Piyara Singh Son Of Tarlok Singh R/O Vill Gharyali Rarian Tehsil Patti Tarn Taran Have Changed My Name To Piara Singh

I, Komalpreet Singh S/O Dilbag Singh R/O Vpo Ekal Gadda, Tehsil Khadur Sahib District Tarn Taran Have Certified That Singh Is My Surname And Komalpreet Is My Given Name

I Sourab Suman S/O Joginder Pal R/O Hno.533, Guru Teg Bahadur Nagar ,Po Model Town Jalandhar Have Changed My Name From Sourab Suman To Sourav Summan

I, Kuldip Singh S/o Makhan Lal R/o Vill. Trar, Distt. Jalandhar-144026, Punjab have changed my spelling name from Kuldip Singh to Kuldeep Singh. All Please Note.

I, Sanjeev S/o Amarjit R/o H.No. 972, Ward No. 6, Mohalla Sagran, Adampur Doaba, Jalandhar-144102, Punjab have changed my name to Sanjeev Chooan (Surname as Chooan) All Please Note.

I, Narinder Singh S/o Kartar Singh R/o Village Pawar, P.O. Naurangpur, Pathankot, Pin-145025, Punjab, India, have changed my name to Narender Singh. (Dogra)

I, Ritu d/o Kishori Lal w/o Gurpreet Singh r/o 60, Green Avenue, Mithapur Road, Near PPR Mall, Jalandhar, Punjab-144001 changed my name to Ritu Gurpreet Singh. All Please Note.

I, Gautam s/o Heera Lal r/o Suniarian Wala Mohalla, Hajipur, Teh.Mukerian, Distt.Hoshiarpur have changed my name to Gautam Kumar. All Please Note.

I, Anu d/o Kuldip Kumar r/o #7, Gali No.3, Chanan Nagar, Model House, Jalandhar have changed my name to Anu Kaur (Surname as Kaur) All Please Note.

ਸਰਕਾਰੀ ਸਕੂਲਾਂ 'ਚ ਮਾਪੇ-ਅਧਿਆਪਕ ਮਿਲਣੀ ਅੱਜ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲ ਸਿੱਖਿਆ ਵਿੱਚ ਗੁਣਾਤਮਿਕ ਸੁਧਾਰ ਅਤੇ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਲਈ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਉਪਰਾਲਿਆਂ ਤਹਿਤ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਬੈਂਸ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ 24 ਦਸੰਬਰ ਨੂੰ ਮਾਪੇ ਅਧਿਆਪਕ ਮਿਲਣੀ ਇੰਸਪਾਇਰ ਮੀਟ 2.0 ਕਰਵਾਈ ਜਾ ਰਹੀ ਹੈ, ਜਿਸ ਵਿੱਚ ਪਹਿਲੀ ਵਾਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਐੱਸਡੀਐੱਮ ਅਤੇ ਪ੍ਰਸ਼ਾਸਨਿਕ ਅਧਿਕਾਰੀ ਭਾਗ ਲੈਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਹਰਪਾਲ ਸਿੰਘ ਸੰਧਾਵਾਲੀਆ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਮਰਜੀਤ ਸਿੰਘ ਭਾਟੀਆ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਲਖਵਿੰਦਰ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਬਲਬੀਰ ਸਿੰਘ ਨੇ ਪ੍ਰੈੱਸ ਨੋਟ ਰਾਹੀਂ ਅਧਿਆਪਕ-ਮਾਪੇ ਮਿਲਣੀ ਇੰਸਪਾਇਰ ਮੀਟ 2.0 ਸਬੰਧੀ ਜਾਣਕਾਰੀ ਦਿੰਦਿਆਂ ਕੀਤਾ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੇ ਅਧਿਆਪਕ ਬਹੁਤ ਮਿਹਨਤੀ ਹਨ ਅਤੇ ਆਪਣੇ ਵਿਦਿਆਰਥੀਆਂ ਨੂੰ ਉੱਚ ਦਰਜੇ ਦੀ ਸਿੱਖਿਆ ਦੇਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਕਰਵਾਈ ਜਾ ਰਹੀ ਇਸ ਮਾਪੇ ਅਧਿਆਪਕ ਮਿਲਣੀ ਵਿੱਚ ਵੱਧ ਤੋਂ ਵੱਧ ਮਾਪਿਆਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਵਿੱਚ ਅਧਿਆਪਕ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ, ਸਕੂਲ ਮੈਨੇਜਮੈਂਟ ਕਮੇਟੀਆਂ ਅਤੇ ਹੋਰ ਮੋਹਤਬਰ ਵਿਅਕਤੀ ਮਿਲ ਬੈਠ ਕੇ ਸਕੂਲ ਸਿੱਖਿਆ ਦੇ ਪ੍ਰਬੰਧਾਂ ਨੂੰ ਬਿਹਤਰ ਬਣਾਉਣ ਵਾਸਤੇ ਵਿਚਾਰ ਕਰਨਗੇ। ਉਨ੍ਹਾਂ ਕਿਹਾ ਕਿ ਇਸ ਮੌਕੇ ਸਕੂਲਾਂ ਵਿੱਚ ਕੀਤੇ ਜਾ ਕੰਮਾਂ ਨੂੰ ਪ੍ਰਦਰਸ਼ਿਤ ਕਰਦੀਆਂ ਪ੍ਰਦਰਸ਼ਨੀਆਂ, ਲਾਇਬ੍ਰੇਰੀ ਲੰਗਰ ਅਤੇ ਅਕਾਦਮਿਕ ਪ੍ਰਾਪਤੀਆਂ ਇਸ ਪ੍ਰੋਗਰਾਮ ਖਿੱਚ ਦਾ ਕੇਂਦਰ ਹੋਣਗੀਆਂ। ਇਸ ਮੌਕੇ ਪ੍ਰਿੰਸੀਪਲ ਬਿਕਰਮ ਸਿੰਘ ਚਾਹਲ, ਜ਼ਿਲ੍ਹਾ ਕੋਆਰਡੀਨੇਟਰ ਮੀਡੀਆ ਸੈੱਲ ਗਗਨਦੀਪ ਸਿੰਘ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਲਖਵਿੰਦਰ ਸਿੰਘ ਸੇਖੋਂ ਆਦਿ ਮੌਜੂਦ ਸਨ।

ਮਾਤਾ ਸੁਰਜੀਤ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਯੂਥ ਆਗੂ ਉੱਘੇ ਸਮਾਜ ਸੇਵੀ ਸਰਪੰਚ ਡੇਰਾ ਸੈਦਾਂ ਦੇ ਗੁਰਮੇਜ ਸਿੰਘ ਰਾਜੂ ਢਿੱਲੋਂ, ਅੰਗਰੇਜ ਸਿੰਘ, ਰਣਜੀਤ ਸਿੰਘ ਦੇ ਮਾਤਾ ਸੁਰਜੀਤ ਕੌਰ ਪਤਨੀ ਗੁਰਚਰਨ ਸਿੰਘ ਦੇ ਅਕਾਲ ਚਲਾਣੇ ਤੇ ਵੱਖ ਵੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਵੱਖ ਵੱਖ ਰਾਜਨੀਤਕ, ਧਾਰਮਿਕ, ਮੁਲਾਜ਼ਮ ਅਤੇ ਸਮਾਜ ਸੇਵੀ ਸੰਸਥਾਵਾਂ, ਕਿਸਾਨ ਯੂਨੀਅਨ, ਵੱਖ ਵੱਖ ਪਿੰਡਾਂ ਦੇ ਸਰਪੰਚਾਂ ਅਤੇ ਨੰਬਰਦਾਰ ਅਤੇ ਜੱਥੇਬੰਦੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਸੁਰਜੀਤ ਕੌਰ ਦਾ ਸਸਕਾਰ 24 ਦਸੰਬਰ ਦਿਨ ਸ਼ਨੀਵਾਰ ਨੂੰ ਦੁਪਹਿਰ ਦੁਪਹਿਰ 12 ਵਜੇ ਸ਼ਮਸ਼ਾਨ ਘਾਟ ਸੁਲਤਾਨਪੁਰ ਲੋਧੀ ਨੇੜੇ ਨਵੀਂ ਦਾਨਾ ਮੰਡੀ ਵਿਖੇ ਹੋਵੇਗਾ।

ਨਸ਼ੀਲੇ ਪਾਊਡਰ ਸਮੇਤ ਔਰਤ ਗ੍ਰਿਫਤਾਰ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, **ਉਂਕਾਰ ਸਿੰਘ**)-ਟਾਂਡਾ ਪੁਲਸ ਨੇ ਇਕ ਔਰਤ ਨੂੰ ਨਸ਼ੀਲੇ ਪਾਊਡਰ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਟਾਂਡਾ ਐਸ.ਆਈ ਮਲਕੀਤ ਸਿੰਘ ਨੇ ਦੱਸਿਆ ਕਿ ਡੀ.ਐਸ. ਪੀ ਟਾਂਡਾ ਕੁਲਵੰਤ ਸਿੰਘ ਦੀ ਅਗਵਾਈ ਵਿਚ ਟਾਂਡਾ ਪੁਲਿਸ ਦੇ ਏ. ਐੱਸ. ਆਈ ਰਾਜੇਸ਼ ਕੁਮਾਰ ਦੀ ਟੀਮ ਵੱਲੋਂ ਪਿੰਡ ਚੌਟਾਲਾ ਵਿਚ ਗਸ਼ਤ ਦੌਰਾਨ ਇਕ ਔਰਤ ਸੜਕ ਕਿਨਾਰੇ ਖੜੀ ਦਿਖਾਈ ਦਿੱਤੀ। ਜਿਸ ਨੇ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਹੱਥ ਵਿੱਚ ਫੜਿਆ ਵਜ਼ਨਦਾਰ ਮੋਮੀ ਲਿਫਾਫਾ ਜਮੀਨ ਉੱਤੇ ਸੁੱਟ ਦਿੱਤਾ। ਪੁਲਸ ਕਰਮਚਾਰੀਆਂ ਵਲੋਂ ਕਾਬੂ ਕਰਕੇ ਉਸ ਵਲੋਂ ਸੁੱਟੇ ਪਲਾਸਟਿਕ ਦੇ ਲਿਫਾਫੇ ਦੀ ਤਲਾਸ਼ੀ ਕਰਨ ਤੇ 247 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ। ਉਕਤ ਔਰਤ ਦੀ ਪਛਾਣ ਰਾਣੀ ਪਤਨੀ ਸੁੱਚਾ ਸਿੰਘ ਵਾਸੀ ਚੌਟਾਲਾ ਵਜੋਂ ਹੋਈ ਹੈ ਪੁਲਿਸ ਨੇ ਉਸ ਦੇ ਖਿਲਾਫ ਐਨ.ਡੀ.ਪੀ.ਐਸ ਐਕਟ ਦੀ ਧਾਰਾ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਪ੍ਰਾਥਨਾ ਸਭਾ ਕਰਵਾਈ

ਕਰਤਾਰਪੁਰ (ਹਰਮੇਸ਼ ਦੱਤ) ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ ਵਿਖੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਪਰਾਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ। ਵਿਦਿਆਰਥੀਆਂ ਨੇ ਕਵਿਤਾ ਅਤੇ ਭਾਸ਼ਣ ਦੇ ਮਾਧਿਅਮ ਦੁਆਰਾ ਚਾਰ ਸਾਹਿਬਜ਼ਾਦਿਆਂ ਦੇ ਬਲੀਦਾਨ ਦੀ ਕਥਾ ਨੂੰ ਪ੍ਰਸਤੁਤ ਕੀਤਾ। ਸਕੂਲ ਪ੍ਰਿੰਸੀਪਲ ਕਵਲਜੀਤ ਕੌਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਕੂਲਾਂ ਵਿਚ ਆਪਣੇ ਪ੍ਰਚਾਰਕ ਨੂੰ ਭੇਜ ਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਚੇਅਰਪਰਸਨ ਬੀਬੀ ਸੁਰਿੰਦਰ ਕੌਰ, ਡਾਕਟਰ ਚਰਨ ਸਿੰਘ, ਡਾਕਟਰ ਪਿਆਰਾ ਸਿੰਘ, ਪ੍ਰਿੰਸੀਪਲ ਕਮਲਜੀਤ ਕੌਰ, ਮਨਦੀਪ ਕੌਰ, ਸਤਨਾਮ ਸਿੰਘ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

24-DEC-PAGE-7.qxd 12/23/2022 9:43 PM Page 1

ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਸਰਕਾਰ ਖਿਲਾਫ ਮੋਟਰਸਾਈਕਲ ਰੈਲੀ

■ ਪੱਤਰ ਵਾਪਸ ਨਾ ਲਿਆ ਤਾਂ ਕੀਤਾ ਜਾਵੇਗਾ ਵੱਡਾ ਸੰਘਰਸ਼ : ਆਗੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਦਿ ਕਲਾਸ ਫੋਰਥ ਗੋਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਤੇ ਜ਼ਿਲ੍ਹਾ ਜਰਨਲ ਸਕੱਤਰ ਪ੍ਰਵੀਨ ਕੁਮਾਰ ਦੀ ਪ੍ਰਧਾਨਗੀ ਹੇਠ ਪੰਜਾਬ ਸਰਕਾਰ ਖਿਲਾਫ ਕਲਾਸ ਫੋਰਥ ਕਰਮਚਾਰੀਆਂ ਲਈ ਜਾਰੀ ਕੀਤੇ ਮਾੜੇ ਪੱਤਰ ਖਿਲਾਫ ਮੋਟਰਾਈਕਲ ਰੈਲੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ 1 ਦਸੰਬਰ 2022 ਨੂੰ ਪੱਤਰ ਦਰਜਾ ਚਾਰ ਕਰਮਚਾਰੀਆਂ ਲਈ ਜਾਰੀ ਕੀਤਾ ਗਿਆ ਹੈ ਕਿ ਭਾਵੇਂ ਉਹ ਤਰਸ ਦੇ ਆਧਾਰ ਤੇ ਨੌਕਰੀ ਹੋਵੇ ਜਾਂ ਸਿੱਧੀ ਭਰਤੀ ਹੋਵੇ, ਪੰਜਾਬੀ ਵਿਸ਼ਾ ਪਾਸ ਹੋਣਾ ਚਾਹੀਦਾ ਹੈ ਤੇ ਇਕ ਟੈਸਟ ਲਿਆ ਜਾਵੇਗਾ, ਜਿਸ ਵਿੱਚੋਂ 50 ਫੀਸਦੀ ਨੰਬਰਾਂ ਨਾਲ ਪਾਸ ਹੋਣਾ ਜ਼ਰੂਰੀ ਹੋਣਾ ਚਾਹੀਦਾ ਹੈ।ਇਹ ਮਾੜਾ ਪੱਤਰ ਜਾਰੀ ਕਰਕੇ ਪੰਜਾਬ ਸਰਕਾਰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਕਲਾਸ ਫੋਰ ਕਰਮਚਾਰੀਆਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਦਰਜਾ ਚਾਰ ਕਰਮਚਾਰੀਆਂ ਨੇ ਇਹ ਮੋਟਰਸਾਈਕਲ

ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਮੁਲਾਜ਼ਮ ਪੰਜਾਬ ਸਰਕਾਰ ਖਿਲਾਫ ਮੋਟਰਸਾਈਕਲ ਰੈਲੀ ਕੱਢਦੇ ਹੋਏ।

ਰੈਲੀ ਸਾਰਾਗੜ੍ਹੀ ਗੁਰਦੁਆਰਾ ਤੋਂ ਲੈ ਕੇ ਡੀ ਸੀ ਦਫਤਰ ਤੱਕ ਕੱਢੀ ਗਈ ਤੇ ਇਸ ਉਪਰੰਤ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ। ਉਨ੍ਹਾ ਕਿਹਾ ਕਿ ਡਿਪਟੀ ਕਮਿਸ਼ਨਰ ਮੌਦੂਦ ਨਾ ਹੋਣ ਕਰਕੇ ਇਹ ਮੰਗ ਪੱਤਰ ਉਨ੍ਹਾਂ ਦੇ ਸੁਪਰਡੈਂਟ ਨੂੰ ਸੌਂਪਿਆ ਗਿਆ।ਉਨ੍ਹਾਂ ਕਿਹਾ ਕਿ ਦਰਜਾ ਚਾਰ ਕਰਮਚਾਰੀਆਂ ਤੇ ਲਾਗੂ ਕੀਤਾ ਗਿਆ ਇਹ ਪੱਤਰ ਤੁਰੰਤ ਵਾਪਸ ਲਿਆ ਜਾਵੇ ਨਹੀਂ ਤਾਂ ਇਸ ਤੋਂ ਵੱਡਾ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ।ਉਨ੍ਹਾਂ ਕਿਹਾ ਕਿ ਕੱਚੇ ਕਾਮੇ ਜਲਦੀ ਪੱਕੇ ਕੀਤੇ ਜਾਣ ਤੇ ਪੇ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕੀਤੀਆਂ ਜਾਣ।ਉਨ੍ਹਾਂ ਕਿਹਾ ਕਿ ਸਰਹੱਦੀ ਇਲਾਕੇ ਦੇ ਮੁਲਾਜ਼ਮਾਂ ਦਾ ਬਾਰਡਰ ਭੱਤਾ ਤੇ ਪੇਂਡੂ ਭੱਤਾ ਬੰਦ ਕੀਤਾ ਗਿਆ ਹੈ, ਉਸ ਨੂੰ ਜਲਦੀ ਹੀ ਬਹਾਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 1 ਜਨਵਰੀ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਵਾਲੇ ਨੋਟੀਫਿਕੇਸ਼ਨ ਵਿੱਚ ਸੋਧ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਤੇ ਡੀ ਏ ਦੀਆਂ ਬਕਾਇਆ ਕਿਸ਼ਤਾਂ ਜਾਰੀ ਕੀਤੀਆਂ ਜਾਣ ਲਈ ਮੁਲਾਜ਼ਮ ਲੰਬੇ ਸਮੇਂ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ।ਉਨ੍ਹਾਂ ਕਿਹਾ ਮਜਬੂਰਨ ਮੁਲਾਜ਼ਮਾਂ ਨੂੰ ਵੱਡੇ ਸੰਘਰਸ਼ ਕਰਨੇ ਪੈਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਇਸ ਮੌਕੇ ਬੂਟਾ ਸਿੰਘ ਪ੍ਰਧਾਨ ਡੀ ਸੀ ਦਫਤਰ ਦਰਜਾ ਚਾਰ, ਵਿਲਸਨ ਡੀ ਸੀ ਦਫਤਰ, ਸਿਹਤ ਵਿਭਾਗ ਅਜੀਤ ਗਿੱਲ, ਰਾਜ ਕੁਮਾਰ, ਕੇਵਲ ਕ੍ਰਿਸ਼ਨ ਡੀ ਸੀ ਦਫਤਰ, ਮਨਿੰਦਰਜੀਤ ਪ੍ਰਧਾਨ ਕਲਾਸ ਫੋਰਥ ਯੂਨੀਅਨ ਸਿਵਲ ਸਰਜਨ ਦਫਤਰ, ਬਲਵੀਰ ਸਿੰਘ, ਪਿੱਪਲ ਸਿੰਘ, ਵਿਨੋਦ ਕੁਮਾਰ ਫੂਡ ਸਪਲਾਈ ਵਿਭਾਗ, ਦਲੀਪ ਕੁਮਾਰ ਜ਼ਿਲ੍ਹਾ ਪ੍ਰੀਸ਼ਦ, ਸੋਨੂ ਪੁਰੀ, ਰਾਜੇਸ਼ ਕੁਮਾਰ ਤੇ ਲਾਲਜੀਤ ਬੀਡੀਪੀਓ ਦਫਤਰ ਸਮੇਤ ਵੱਡੀ ਗਿਣਤੀ ਵਿੱਚ ਕਰਮਚਾਰੀ ਹਾਜ਼ਰ ਸਨ।

ਸੀ ਪੀ ਆਈ ਦਾ 96ਵਾਂ ਸਥਾਪਨਾ ਦਿਵਸ 26 ਨੂੰ ਮਨਾਇਆ ਜਾਵੇਗਾ : ਸੁਖਦੇਵ ਸ਼ਰਮਾ

ਧੂਰੀ (ਸੁਖਦੇਵ ਧੂਰੀ)-ਸੀ ਪੀ ਆਈ ਜ਼ਿਲ੍ਹਾ ਸੰਗਰੂਰ ਦੀ ਕਾਰਜਕਾਰਨੀ ਦੀ ਮੀਟਿੰਗ ਬੀਤੇ ਦਿਨੀਂ ਸਾਥੀ ਰੂਪ ਸਿੰਘ ਮਨਿਆਣਾ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਤੋਂ ਬਾਅਦ ਸਾਥੀ ਸੁਖਦੇਵ ਸ਼ਰਮਾ ਸਕੱਤਰ ਸੀ ਪੀ ਆਈ ਜ਼ਿਲ੍ਹਾ ਸੰਗਰੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ 96ਵਾਂ ਸਥਾਪਨਾ ਦਿਵਸ 26 ਦਸੰਬਰ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਦਿਨ ਕਾਡਰ ਨੂੰ ਪਾਰਟੀ ਸਿਧਾਂਤ ਬਾਰੇ ਜਾਣਕਾਰੀ ਦੇਣ ਲਈ ਰੋਜ਼ਗਾਰ ਪ੍ਰਾਪਤੀ ਅੰਦੋਲਨ ਦੇ ਮੁੱਖ ਸਲਾਹਕਾਰ ਤੇ ਮੁੱਖ ਕਮਿਊਨਿਸਟ ਆਗੂ ਸਾਥੀ ਜਗਰੂਪ ਸਿੰਘ ਵੱਲੋਂ ਸਿਧਾਂਤਕ ਸਕੂਲ ਲਾਇਆ ਜਾਵੇਗਾ। ਇਸ ਸਕੂਲ ਵਿੱਚ ਪਾਰਟੀ ਦੇ ਸਾਰੇ ਜ਼ਿਲ੍ਹਾ ਕੌਂਸਲ ਮੈਂਬਰ ਤੇ ਹਰ ਤਹਿਸੀਲ ਵਿੱਚੋਂ ਘਟੋ ਘੱਟ 5 ਨੌਜਵਾਨ ਸਾਥੀ ਜ਼ਰੂਰ ਸ਼ਾਮਲ ਹੋਣਗੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਭਰਪੂਰ ਸਿੰਘ ਬੁਲਾਪੁਰ, ਸੁਰਿੰਦਰ ਭੈਣੀ, ਸੰਪੂਰਨ ਸਿੰਘ ਛਾਜਲੀ, ਹਰਦੇਵ ਸਿੰਘ ਬਖ਼ਸ਼ੀਵਾਲਾ, ਬਿਰਜ ਲਾਲ, ਬਲਵਿੰਦਰ ਸਿੰਘ ਖੰਡੇਬਾਦ, ਮੁਹੰਮਦ ਖਲੀਲ, ਹਰਨੇਕ ਬਮਾਲ, ਨਵਜੀਤ ਸਿੰਘ, ਲੀਲੇ ਖਾਨ ਤੇ ਦਿਨੇਸ਼ ਭਾਰਦਵਾਜ ਸ਼ਾਮਲ ਸਨ।

31 ਤੱਕ ਕੰਪਿਊਟਰ ਅਧਿਆਪਕਾਂ ਦੇ ਮਸਲੇ ਹੱਲ ਕਰਨ ਦੀ ਚਿਤਾਵਨੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਫਤਿਹਪੁਰ ਦੀ ਅਗਵਾਈ ਹੇਠ 18 ਦਸੰਬਰ ਨੂੰ ਲੁਧਿਆਣਾ ਵਿਖੇ ਸੂਬਾ ਪੱਧਰੀ ਮੀਟਿੰਗ ਕਰਕੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ 31 ਦਸੰਬਰ 2022 ਤੱਕ ਪੰਜਾਬ ਸਰਕਾਰ ਕੰਪਿਊਟਰ ਅਧਿਆਪਕਾਂ ਦੇ ਮਸਲੇ ਹੱਲ ਨਹੀਂ ਕਰਦੀ ਤਾਂ 08 ਜਨਵਰੀ ਨੂੰ ਨਵੇਂ ਸਾਲ ਦੀ ਸ਼ੁਰੂਆਤ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਘਿਰਾਓ ਕਰਕੇ ਕੀਤੀ ਜਾਵੇਗੀ। ਜ਼ਿਲ੍ਹਾ ਪ੍ਰਧਾਨ ਪ੍ਰਦੀਪ ਬੇਰੀ ਤੇ ਹਰਜੀਤ ਸਿੰਘ ਸਟੇਟ ਖਜ਼ਾਨਚੀ ਨੇ ਪੰਜਾਬ ਸਰਕਾਰ 'ਤੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਦੇ ਬੁਲਾਰੇ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ 15 ਸਤੰਬਰ, 22 ਅਕਤੂਬਰ 2022 ਨੂੰ ਸਰਕਾਰੀ ਤੌਰ 'ਤੇ ਐਲਾਨ ਕਰਕੇ ਕੰਪਿਊਟਰ ਅਧਿਆਪਕਾਂ ਦੇ ਮਸਲੇ ਹੱਲ ਕਰਨ ਦਾ ਵਾਅਦਾ ਕੀਤਾ ਸੀ, ਜੋ ਕਿ ਅਜੇ ਤੱਕ ਪੂਰਾ ਨਹੀਂ ਕੀਤਾ। ਪ੍ਰਦੀਪ ਬੇਰੀ ਜ਼ਿਲ੍ਹਾ ਪ੍ਰਧਾਨ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਬੇਸ਼ਨ ਜੁਲਾਈ 2011 ਨੂੰ ਕੰਪਿਊਟਰ ਅਧਿਆਪਕਾਂ ਨੂੰ ਮੌਕੇ ਦੀ ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਦੀ ਪਿਕਟਸ ਸੁਸਾਇਟੀ ਅਧੀਨ ਪੰਜਾਬ ਸਿਵਲ ਸਰਵਿਸਜ਼ ਸੇਵਾਵਾਂ ਅਧੀਨ ਕੰਪਿਊਟਰ ਅਧਿਆਪਕਾਂ ਨੂੰ ਰੈਗੂਲਰ ਕਰ ਦਿੱਤਾ ਗਿਆ ਸੀ, ਪ੍ਰੰਤੂ ਅੱਜ ਤੱਕ ਕੰਪਿਊਟਰ ਅਧਿਆਪਕਾਂ ਨੂੰ ਕੋਈ ਵੀ ਪੂਰਨ ਰੂਪ ਵਿੱਚ ਰੈਗੂਲਰ ਮੁਲਾਜ਼ਮਾ ਵਾਲੇ ਲਾਭ ਨਹੀਂ ਦਿੱਤੇ ਗਏ, ਜਦਕਿ ਬਿਨਾਂ ਕਿਸੇ ਕਾਰਨ ਸਰਕਾਰ ਵੱਲੋਂ ਛੇਵਾਂ ਤਨਖਾਹ ਕਮਿਸ਼ਨ, ਏ.ਸੀ.ਪੀ., ਆਈ.ਆਰ. ਤੇ ਹੋਰ ਵਿੱਤੀ ਲਾਭ ਰੋਕ ਰੱਖੇ ਹਨ, ਜਦੋਂਕਿ ਪੰਜਾਬ ਦੇ ਸਮੁੱਚੇ ਰੈਗੂਲਰ ਅਧਿਆਪਕਾਂ ਨੂੰ ਇਹ ਸਾਰੇ ਲਾਭ ਦਿੱਤੇ ਜਾ ਚੁੱਕੇ ਹਨ, ਪਰ ਕੰਪਿਊਟਰ ਅਧਿਆਪਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਮੂਹ ਕੰਪਿਊਟਰ ਅਧਿਆਪਕ ਆਮ ਆਦਮੀ ਪਾਰਟੀ, ਪੰਜਾਬ ਸਰਕਾਰ ਤੋਂ ਨਿਰਾਸ਼ ਹੋ ਕੇ ਸੰਗਰੂਰ ਵਿਖੇ 08 ਜਨਵਰੀ 2023 ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਕੇ ਸਰਕਾਰ ਦੀਆਂ ਕੰਪਿਊਟਰ ਅਧਿਆਪਕ ਵਿਰੋਧੀ ਨਿਤੀਆਂ, ਭਗਵੰਤ ਮਾਨ ਸਰਕਾਰ ਦੇ ਕੀਤੇ ਚੋਣ ਮਨੋਰਥ ਵਾਅਦੇ ਤੇ ਆਪ ਵਿਧਾਇਕਾਂ ਵੱਲੋਂ ਵੋਟਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਆਮ ਲੋਕਾਂ ਵਿੱਚ ਉਜਾਗਰ ਕੀਤਾ ਜਾਵੇਗਾ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਬੇਰੀ, ਸਟੇਟ ਖਜ਼ਾਨਚੀ ਹਰਜੀਤ ਸਿੰਘ, ਮੀਤ ਪ੍ਰਧਾਨ ਲਖਰਾਜ ਸਿੰਘ, ਜ਼ਿਲ੍ਹਾ ਪ੍ਰੈੱਸ ਸਕੱਤਰ ਸੰਦੀਪ ਰਜੌਰੀਆ, ਜ਼ਿਲ੍ਹਾ ਖਜ਼ਾਨਚੀ ਨਰਿੰਦਰ ਖਿੱਚੀ, ਬਲਾਕ ਪ੍ਰਧਾਨ ਜਸਪਾਲ ਸਿੰਘ, ਸੀ.ਏ.ਯੂ. ਮੈਂਬਰ ਰੋਹਿਤ ਕੁਮਾਰ ਤੇ ਹੋਰ ਆਗੂ ਸ਼ਾਮਲ ਸਨ।

ਕਾਤਰਾਂ

ਅਲਵਿਦਾ ਤੇ ਸਵਾਗਤ ਸਮਾਰੋਹ ਭਲਕੇ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਲੰਘ ਰਹੇ ਸਾਲ ਨੂੰ ਅਲਵਿਦਾ ਤੇ ਆਉਂਦੇ ਨਵੇਂ ਸਾਲ ਦੇ ਸਵਾਗਤ ਲਈ ਵਿਸ਼ੇਸ਼ ਸਮਾਰੋਹ ਕੀਤਾ ਜਾਵੇਗਾ। ਇਹ ਸਮਾਗਮ ਆਉਂਦੇ 25 ਦਸੰਬਰ ਨੂੰ ਦੁਪਹਿਰ ਦੇ 12:00 ਵਜੇ ਸਥਾਨਕ ਰੇਲਵੇ ਰੋਡ ਸਥਿਤ ਪਵਨ ਸਵੀਟਸ ਐਂਡ ਹੋਟਲ ਵਿਖੇ ਹੋਵੇਗਾ। ਸਮਾਗਮ ਦੀ ਪ੍ਰਧਾਨਗੀ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਕਰਨਗੇ। ਇਹ ਫੈਸਲਾ ਮਿਸ਼ਨ ਦੀ ਸਥਾਨਕ ਨਿੱਜੀ ਹੋਟਲ ਵਿਖੇ ਹੋਈ ਮੀਟਿੰਗ ਦੌਰਾਨ ਕੀਤਾ ਗਿਆ। ਮੀਟਿੰਗ ਵਿੱਚ ਪ੍ਰਧਾਨ ਢੋਸੀਵਾਲ ਤੋਂ ਇਲਾਵਾ ਚੇਅਰਮੈਨ ਹਨੀ ਫੱਤਣਵਾਲਾ, ਸਲਾਹਕਾਰ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਡਾ. ਸੁਰਿੰਦਰ ਗਿਰਧਰ, ਚੌ. ਬਲਬੀਰ ਸਿੰਘ, ਓ. ਪੀ. ਖਿੱਚੀ, ਰਾਜਿੰਦਰ ਖੁਰਾਣਾ ਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ।

ਵਰਲਡ 'ਵਰਸਿਟੀ ਵੱਲੋਂ ਮੈਨੇਜਮੈਂਟ ਅਭਿਆਸਾਂ 'ਤੇ ਵਰਕਸ਼ਾਪ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਕਾਮਰਸ ਤੇ ਮੈਨੇਜਮੈਂਟ ਵਿਭਾਗ ਨੇ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ, ਪਟਿਆਲਾ ਤੋਂ ਬੀ.ਐੱਮ.ਐੱਸ. (ਬੈਚਲਰ ਆਫ ਮੈਨੇਜਮੈਂਟ ਸਟੱਡੀਜ਼-ਗੁਰਦੁਆਰਾ ਪ੍ਰਬੰਧਨ) ਦੇ ਵਿਦਿਆਰਥੀਆਂ ਲਈ ਗੁਰਦੁਆਰਿਆਂ ਵਿੱਚ ਪ੍ਰਬੰਧਨ ਅਭਿਆਸਾਂ 'ਤੇ ਇਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ: ਅਜਾਇਬ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿੱਚ ਗੁਰਦੁਆਰਿਆਂ 'ਚ ਪ੍ਰਬੰਧ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਮਹੱਤਤਾ ਨੂੰ ਉਜਾਗਰ ਕੀਤਾ। ਡਾ: ਬਰਾੜ ਨੇ ਵਰਕਸ਼ਾਪ ਦੀ ਸਫਲਤਾ ਲਈ ਵਿਭਾਗ ਨੂੰ ਵਧਾਈ ਦਿੱਤੀ। ਵਾਈਸ ਚਾਂਸਲਰ ਡਾ: ਪ੍ਰਿਤਪਾਲ ਸਿੰਘ ਨੇ ਵਿਦਿਆਰਥੀਆਂ ਲਈ ਰੁਜ਼ਗਾਰ ਦੇ ਵੱਖ-ਵੱਖ ਮੌਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਤੇ ਉਨ੍ਹਾਂ ਨੂੰ ਸਹੀ ਸਮੇਂ 'ਤੇ ਸਹੀ ਮੌਕੇ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਟੌਹੜਾ ਇੰਸਟੀਚਿਊਟ ਦੇ ਡਾਇਰੈਕਟਰ ਚਮਕੌਰ ਸਿੰਘ ਨੇ ਗੁਰਬਾਣੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਪ੍ਰਬੰਧਨ ਨਾਲ ਸਬੰਧਤ ਗੁਰਬਾਣੀ ਦੀਆਂ ਤੁੱਕਾਂ ਦਾ ਹਵਾਲਾ ਵੀ ਦਿੱਤਾ। ਡਾ. ਰਮਨਦੀਪ ਕੌਰ ਸਹਾਇਕ ਪ੍ਰੋਫੈਸਰ ਨੇ 'ਪ੍ਰਬੰਧਨ ਸੰਕਲਪ ਤੇ ਅਭਿਆਸ' ਵਿਸ਼ੇ 'ਤੇ ਲੈਕਚਰ ਦਿੱਤਾ। ਵਿਭਾਗ ਦੇ ਮੁਖੀ ਡਾ: ਨਵਲੀਨ ਕੌਰ ਨੇ ਵਰਕਸ਼ਾਪ ਵਿੱਚ ਸ਼ਮੂਲੀਅਤ ਲਈ ਸਾਰੇ ਪਤਵੰਤਿਆਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਉਰਦੂ ਆਮੋਜ਼ ਕੋਰਸ ਲਈ ਮੁਫਤ ਦਾਖਲਾ ਸ਼ੁਰੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਭਾਸ਼ਾ ਵਿਭਾਗ ਪੰਜਾਬ ਪੰਜਾਬੀ ਭਾਸ਼ਾ ਦੇ ਨਾਲ ਉਰਦੂ ਭਾਸ਼ਾ ਦੇ ਵਿਕਾਸ ਲਈ ਵੀ ਨਿਰੰਤਰ ਗਤੀਸ਼ੀਲ ਹੈ।ਵਿਭਾਗ ਵੱਲੋਂ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਫਿਰੋਜ਼ਪੁਰ ਵਿਖੇ ਉਰਦੂ ਅਮੋਜ਼ ਦੀ ਸਿਖਲਾਈ ਲਈ ਨਵੀਂ ਸ਼੍ਰੇਣੀ ਵਿੱਚ ਦਾਖਲਾ ਸ਼ੁਰੂ ਹੋ ਚੁੱਕਾ ਹੈ।ਇਹ ਜਾਣਕਾਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਜਗਦੀਪ ਸਿੰਘ ਸੰਧੂ ਨੇ ਦਿੱਤੀ।ਉਨ੍ਹਾ ਦੱਸਿਆ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਰਦੂ ਸਿਖਾਉਣ ਲਈ ਛੇ ਮਹੀਨੇ ਦੇ ਉਰਦੂ ਆਮੋਜ਼ ਕੋਰਸ ਲਈ 2 ਜਨਵਰੀ 2023 ਤੋਂ ਨਵਾਂ ਸੈਸ਼ਨ ਸ਼ੁਰੂ ਹੋ ਰਿਹਾ ਹੈ।ਸੈਸ਼ਨ ਦੌਰਾਨ ਮੁਫ਼ਤ ਜ਼ਮਾਤਾਂ ਲਗਾਈਆਂ ਜਾਂਦੀਆਂ ਹਨ ਤੇ ਕੋਰਸ ਪੂਰਾ ਹੋਣ ਉਪਰੰਤ ਪ੍ਰੀਖਿਆ ਵਿੱਚੋਂ ਪਾਸ ਹੋਏ ਸਿਖਿਆਰਥੀਆਂ ਨੂੰ ਵਿਭਾਗ ਵੱਲੋਂ ਸਰਟੀਫਿਕੇਟ ਵੀ ਜਾਰੀ ਕੀਤਾ ਜਾਵੇਗਾ।ਇਹ ਜਮਾਤਾਂ ਸ਼ਾਮ 5:15 ਤੋਂ ਸ਼ਾਮ 6:15 ਵਜੇ ਤੱਕ ਦਫ਼ਤਰੀ ਕੰਮ ਵਾਲੇ ਦਿਨ ਲੱਗਣਗੀਆਂ।ਉਨ੍ਹਾ ਕਿਹਾ ਕਿ ਦਾਖ਼ਲਾ ਫਾਰਮ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬੀ-ਬਲਾਕ ਦੂਜੀ ਮੰਜ਼ਿਲ, ਕਮਰਾ ਨੰਬਰ ਬੀ-209 ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।ਨਵੀਂ ਜਮਾਤ ਲਈ ਦਾਖ਼ਲਾ 31 ਦਸੰਬਰ, 2022 ਤੱਕ ਜਾਰੀ ਰਹੇਗਾ।ਉਨ੍ਹਾ ਜ਼ਿਲ੍ਹੇ ਦੇ ਉਰਦੂ ਸਿੱਖਣ ਦੇ ਚਾਹਵਾਨਾਂ ਨੂੰ ਕੋਰਸ ਵਿੱਚ ਦਾਖਲਾ ਲੈਣ ਦੀ ਅਪੀਲ ਕੀਤੀ।

2 ਹਜ਼ਾਰ ਲੀਟਰ ਲਾਹਣ ਬਰਾਮਦ

ਜਲਾਲਾਬਾਦ (ਦਹੂਜਾ)-ਜਲਾਲਾਬਾਦ ਪੁਲਸ ਤੇ ਆਬਕਾਰੀ ਵਿਭਾਗ ਨੇ ਪਿੰਡ ਮਹਾਲਮ 'ਚ ਛਾਪਾ ਮਾਰ ਕੇ 2 ਹਜ਼ਾਰ ਲੀਟਰ ਲਾਹਣ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਹ ਲਾਹਣ ਜਲਾਲਾਬਾਦ ਪੁਲਸ ਤੇ ਆਬਕਾਰੀ ਵਿਭਾਗ ਵੱਲੋਂ ਸੇਮਨਾਲੇ ਦੇ ਕਿਨਾਰੇ 5 ਡਿੱਗੀਆਂ ਵਿੱਚ ਬਰਾਮਦ ਕੀਤੀ ਗਈ ਹੈ। ਹਰੇਕ ਡਿੱਗੀ ਵਿੱਚ ਕਰੀਬ 400 ਲੀਟਰ ਲਾਹਣ ਸੀ, ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਪੁਲਸ ਤੇ ਆਬਕਾਰੀ ਵਿਭਾਗ ਵੱਲੋਂ ਇਸ ਮਾਮਲੇ ਵਿੱਚ ਅਣਪਛਾਤੇ ਵਿਅਕਤੀਆਂ ਖਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ।

ਕਹਾਣੀਕਾਰ ਸੁਖਜੀਤ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ

ਸਮਰਾਲਾ (ਸੁਰਜੀਤ ਸਿੰਘ)-ਪੰਜਾਬੀ ਦੇ ਨਾਮਵਰ ਕਹਾਣੀਕਾਰ ਸੁਖਜੀਤ ਨੂੰ ਉਨ੍ਹਾ ਦੇ

ਕਹਾਣੀ ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ' 'ਤੇ ਰਾਸ਼ਟਰੀ ਸਾਹਿਤ ਅਕਾਦਮੀ ਪੁਰਸਕਾਰ ਮਿਲਣ 'ਤੇ ਸਾਹਿਤਕ ਸਫਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਲੇਖਕਾਂ ਤੇ ਵੱਖ ਵੱਖ ਸਾਹਿਤ ਸਭਾਵਾਂ ਨੇ ਸੁਖਜੀਤ ਨੂੰ ਇਹ ਐਵਾਰਡ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਹਨ। ਲੇਖਕ ਮੰਚ ਸਮਰਾਲਾ ਦੇ ਪ੍ਰਧਾਨ ਮਾਸਟਰ ਤਰਲੋਚਨ ਸਿੰਘ, ਜਨਰਲ ਸਕੱਤਰ ਸੁਰਜੀਤ ਵਿਸਾਦ ਤੇ ਪ੍ਰਿੰ. ਡਾ. ਪਰਮਿੰਦਰ ਸਿੰਘ ਬੈਨੀਪਾਲ, ਐਡਵੋਕੇਟ ਦਲਜੀਤ ਸਿੰਘ ਸਾਹੀ, ਸਾਹਿਤ ਸਭਾ ਸਮਰਾਲਾ ਦੇ ਐਡਵੋਕੇਟ ਨਰਿੰਦਰ ਸ਼ਰਮਾ, ਸੰਦੀਪ ਸਮਰਾਲਾ, ਮੇਘ ਸਿੰਘ ਜਵੰਦਾ, ਸਾਹਿਤ ਸਭਾ ਮਾਛੀਵਾੜਾ ਦੇ ਨਿਰੰਜਣ ਸੂਖਮ, ਟੀ ਲੋਚਨ, ਸਾਹਿਤ ਸਭਾ ਰਾਮਪੁਰ ਦੇ ਸੁਰਿੰਦਰ ਰਾਮਪੁਰੀ, ਜਸਵੀਰ ਝੱਜ ਤੋਂ ਇਲਾਵਾ ਜਸਦੇਵ ਜੱਸ, ਗੁਰਭਜਨ ਸਿੰਘ ਗਿੱਲ, ਪਦਮਸ੍ਰੀ ਸੁਰਜੀਤ ਪਾਤਰ ਤੇ ਪੰਜਾਬੀ ਕਹਾਣੀਕਾਰ ਮੋਹਨਜੀਤ ਨੇ ਸੁਖਜੀਤ ਨੂੰ ਇਹ ਵੱਕਾਰੀ ਐਵਾਰਡ ਮਿਲਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

ਨਸ਼ਾ ਛੁਡਾਊ ਕੈਂਪ 'ਚ ਅਣਮਨੁੱਖੀ ਤਸ਼ੱਦਦ ਕਰਨ ਦੇ ਦੋਸ਼ 'ਚ 4 ਮੁਲਜ਼ਮਾਂ ਖਿਲਾਫ਼ ਕੇਸ ਦਰਜ

ਜਲਾਲਾਬਾਦ (ਦਹੂਜਾ)

ਜਲਾਲਾਬਾਦ ਦੇ ਨਜ਼ਦੀਕੀ ਪਿੰਡ ਅਰਨੀਵਾਲਾ ਦੇ ਵਸਨੀਕ ਇੱਕ ਵਿਅਕਤੀ ਦੀ ਕਥਿਤ ਤੌਰ 'ਤੇ ਨਸ਼ਾ ਛੁਡਾਊ ਕੈਂਪ ਪਿੰਡ ਜੱਲੂਪੁਰ ਖੇੜਾ ਗੁਰਦੁਆਰਾ ਕਾਲਾ ਮਹਿਰ ਅੰਮ੍ਰਿਤਸਰ ਦੇ ਕੁਝ ਵਿਅਕਤੀਆਂ ਵੱਲੋਂ ਕੁੱਟਮਾਰ ਕੀਤੀ ਗਈ। ਅੰਮ੍ਰਿਤਸਰ ਪੁਲਸ ਨੇ ਉਕਤ ਮਾਮਲੇ 'ਚ 4 ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਪੀੜਤ ਵਿਅਕਤੀ ਆਪਣੇ 'ਤੇ ਹੋਏ ਤਸ਼ੱਦਦ ਦਿਖਾਉਂਦਾ ਤੇ ਜਾਣਕਾਰੀ ਦਿੰਦਾ ਹੋਇਆ।

ਮਨਜੀਤ ਸਿੰਘ ਵਾਸੀ ਅਰਨੀਵਾਲਾ ਸ਼ੇਖ ਸੁਭਾਨ ਫਾਜ਼ਿਲਕਾ ਨੇ ਅੰਮ੍ਰਿਤਸਰ ਦਿਹਾਤੀ ਦੇ ਥਾਣਾ ਖਲਚੀਆਂ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਨਸ਼ੇ ਦਾ ਆਦੀ ਸੀ ਤੇ ਸਿਵਲ ਹਸਪਤਾਲ ਫਾਜ਼ਿਲਕਾ ਤੋਂ ਸਬਲਿੰਗੁਅਲ ਗੋਲੀਆਂ ਲੈ ਕੇ ਆਉਂਦਾ ਸੀ। ਉਨ੍ਹਾਂ ਨੂੰ ਮੋਬਾਈਲ ਰਾਹੀਂ ਪਤਾ ਲੱਗਾ ਕਿ ਖ਼ਾਲਸਾ ਵਹੀਰ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਵਾਸੀ ਪਿੰਡ ਜੱਲੂਪੁਰ ਖੇੜਾ ਨੇੜੇ ਰਈਆ ਜ਼ਿਲ੍ਹਾ ਅੰਮ੍ਰਿਤਸਰ ਜੱਲੂਪੁਰ ਆਪਣੇ ਪਿੰਡ ਕਾਲਾ ਮਹਿਰ ਗੁਰਦੁਆਰਾ ਸਾਹਿਬ ਵਿਖੇ ਨਸ਼ਾ ਛੁਡਾਊ ਕੈਂਪ ਚਲਾ ਰਿਹਾ ਹੈ। ਬੀਤੀ 14 ਦਸੰਬਰ ਨੂੰ ਉਸ ਦੇ ਮਾਮੇ ਦਾ ਲੜਕਾ ਕੁਲਵੰਤ ਸਿੰਘ ਵਾਸੀ ਅਰਨੀਵਾਲਾ ਉਸ ਨੂੰ ਨਸ਼ਾ ਛੁਡਾਉਣ ਲਈ ਪਿੰਡ ਜੱਲੂਪੁਰ ਖੇੜਾ ਦੇ ਬਾਹਰਵਾਰ ਕਾਲਾ ਮਹਿਰ ਗੁਰਦੁਆਰਾ ਸਾਹਿਬ ਵਿਖੇ ਛੱਡ ਗਿਆ। ਕੁਝ ਦਿਨਾਂ ਬਾਅਦ ਨਸ਼ਾ ਛੁਡਾਊ ਕੈਂਪ ਵਿੱਚ ਕੁਝ ਲੜਕਿਆਂ ਦੀ ਆਪਸ ਵਿੱਚ ਲੜਾਈ ਹੋ ਗਈ ਤੇ ਇਸ ਲੜਾਈ ਨਾਲ ਸਬੰਧਤ ਇੱਕ ਲੜਕੇ ਦੀ ਇਤਰਾਜ਼ਯੋਗ ਹਾਲਤ ਵਿੱਚ ਫੋਟੋ ਵਾਇਰਲ ਹੋ ਗਈ। ਉਪਰੋਕਤ ਫੋਟੋ ਮਨਜੀਤ ਸਿੰਘ ਦੇ ਮੋਬਾਈਲ ਦੇ ਵਟਸਐਪ ਗਰੁੱਪ ਵਿੱਚ ਆਈ ਸੀ, ਜਿਸ ਦੇ ਸਬੰਧ ਵਿੱਚ ਨਸ਼ਾ ਛੁਡਾਊ ਕੈਂਪ ਦੇ ਕੁਝ 3/4 ਨਿਹੰਗਾਂ ਨੇ ਜਿਨ੍ਹਾਂ ਦੇ ਛੋਟੇ-ਛੋਟੇ ਨਾਮਸ਼ੋਭਾ, ਪਿਆਰਾ, ਲਾਭਾ, ਮੋਨੀ ਤੇ ਕੁਝ ਅਣਪਛਾਤੇ ਸੇਵਕ, ਜਿਨ੍ਹਾਂ ਨੂੰ ਉਹ ਸਾਹਮਣੇ ਆਉਣ 'ਤੇ ਪਛਾਣ ਸਕਦਾ ਹੈ। ਉਪਰੋਕਤ ਸਾਰੇ ਵਿਅਕਤੀਆਂ ਨੇ ਉਸ ਨੂੰ ਡੇਰੇ ਦੀ ਉਪਰਲੀ ਮੰਜ਼ਲ 'ਤੇ ਇੱਕ ਕਮਰੇ 'ਚ ਬੰਦ ਕਰ ਕੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਦੇ ਸਿਰ 'ਤੇ ਡੰਡਿਆਂ ਨਾਲ ਵਾਰ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਉਸ ਦੀ ਪਿੱਠ 'ਤੇ ਅਤੇ ਚੂਲ੍ਹੇ 'ਤੇ ਡੰਡਿਆਂ ਨਾਲ ਵਾਰ ਕੀਤੇ ਤੇ ਉਸ ਦੀਆਂ ਅੱਖਾਂ 'ਤੇ ਮੁੱਕੇ ਮਾਰ ਦਿੱਤੇ। ਇਨਾ ਹੀ ਨਹੀਂ ਉਸ ਦੇ ਮੂੰਹ 'ਚ ਲੱਕੜ ਦਾ ਡੰਡਾ ਪਾ ਦਿੱਤਾ ਤੇ ਉਸ ਦੀਆਂ ਉਂਗਲਾਂ ਦੇ ਨਹੁੰ ਵੀ ਖਿੱਚ ਲਏ ਅਤੇ ਉਸ ਦੀ ਖੱਬੀ ਬਾਂਹ 'ਤੇ ਡੰਡੇ ਨਾਲ ਵਾਰ ਕੀਤਾ, ਜਿਸ ਕਾਰਨ ਉਸ ਦੇ ਸਰੀਰ 'ਤੇ ਡੂੰਘੀਆਂ ਸੱਟਾਂ ਲੱਗੀਆਂ। ਮੁਲਜ਼ਮ ਨੇ ਉਸ ਨੂੰ ਇਸ ਬਾਰੇ ਕਿਸੇ ਨੂੰ ਨਾ ਦੱਸਣ ਦੀ ਧਮਕੀ ਵੀ ਦਿੱਤੀ। ਫਿਰ ਉਸ ਨੇ ਆਪਣੇ ਘਰ ਫੋਨ 'ਤੇ ਗੁਪਤ ਸੂਚਨਾ ਦਿੱਤੀ ਕਿ ਉਹ ਆ ਕੇ ਉਸ ਨੂੰ ਡੇਰੇ ਤੋਂ ਲੈ ਜਾਵੇ, ਜਿਸ 'ਤੇ ਉਸ ਦੇ ਘਰ ਦੇ ਮੈਂਬਰ ਉਸ ਨੂੰ ਨਸ਼ਾ ਛੁਡਾਊ ਕੈਂਪ ਪਿੰਡ ਜੱਲੂਪੁਰ ਖੇੜਾ ਨੇੜੇ ਗੁਰਦੁਆਰਾ ਕਾਲਾ ਮਹਿਰ ਤੋਂ ਲੈ ਗਏ ਤੇ ਨਿਹੰਗਾਂ ਦੇ ਡਰ ਕਾਰਨ ਉਹ ਬਾਬਾ ਬਕਾਲਾ ਸਾਹਿਬ ਵਿਖੇ ਡਾਕਟਰੀ ਇਲਾਜ ਕਰਵਾਉਣ ਲਈ ਨਹੀਂ ਪੁੱਜੇ। ਅਰਨੀਵਾਲਾ ਵਾਪਸ ਪਹੁੰਚ ਕੇ ਪਰਿਵਾਰ ਨਾਲ ਸਲਾਹ ਕਰਕੇ ਉਹ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਦਾਖਲ ਹੋਇਆ, ਜਿੱਥੇ ਪੁਲਸ ਨੇ ਉਸ ਦੇ ਬਿਆਨ ਦਰਜ ਕਰਕੇ ਸ਼ੋਭਾ, ਪਿਆਰਾ, ਲਾਭਾ, ਮੋਨੀ ਖਿਲਾਫ ਧਾਰਾ 323, 341, 506, 148, 149 ਤਹਿਤ ਮਾਮਲਾ ਦਰਜ ਕਰ ਲਿਆ ਹੈ।

ਸੀਵਰੇਜ ਦਾ ਪਾਣੀ ਸੜਕ 'ਤੇ ਆਉਣ ਕਾਰਨ ਰਾਹਗੀਰ ਪ੍ਰੇਸ਼ਾਨ

ਪ੍ਰਸ਼ਾਸਨ ਤੋਂ ਸਮੱਸਿਆ ਦੇ ਹੱਲ ਦੀ ਮੰਗ

ਸਰਦੂਲਗੜ੍ਹ (ਅਵਤਾਰ ਜਟਾਣਾ)-ਸਥਾਨਕ ਸ਼ਹਿਰ ਦੇ ਵਾਰਡ ਨੰਬਰ ਚਾਰ ਦੀ ਸਰਸਾ ਰੋਡ ਉਪਰ ਸਾਬਕਾ ਐੱਮ ਸੀ ਮਹਿੰਦਰ ਸਿੰਘ ਦੇ ਨਾਮ ਨਾਲ ਜਾਣੀ ਜਾਂਦੀ ਗਲੀ ਵਿੱਚ ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਸੀਵਰੇਜ ਦਾ ਪਾਣੀ ਬਾਹਰ ਨਿਕਲ ਰਿਹਾ ਹੈ। ਹੁਣ ਨੌਬਤ ਇਥੋਂ ਤੱਕ ਆ ਗਈ ਹੈ ਕਿ ਫਿਰ ਲੋਕਾਂ ਨੂੰ ਆਪਣੇ ਘਰਾਂ ਵਿੱਚੋਂ ਕੰਮ-ਕਾਰ ਜਾਣ ਲਈ ਆਟੋ ਰਿਕਸ਼ਾ ਕਿਰਾਏ 'ਤੇ

ਕਰਵਾ ਕੇ ਜਾਣਾ ਪੈਂਦਾ ਹੈ। ਗਲੀ ਵਿੱਚ ਰਹਿਣ ਵਾਲੇ ਲੋਕਾਂ ਜਗਮੋਹਨ ਸਿੰਘ, ਅਰਵਿੰਦਰ ਸਿੰਘ, ਲੈਂਬਰ ਸਿੰਘ ਤੇ ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੁਆਰਾ ਪਿਛਲੇ ਦੋ ਮਹੀਨਿਆਂ ਦੌਰਾਨ ਕਾਰਜ ਸਾਧਕ ਅਫਸਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਦਰਖਾਸਤਾਂ ਦੇ ਦੇ ਕੇ ਅੱਕ ਚੁੱਕੇ ਹਨ, ਪ੍ਰੰਤੂ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ ਹੈ। ਗਲੀ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਦੀ ਦੇ ਮੌਸਮ ਵਿੱਚ ਬਹੁਤ ਦਿੱਕਤ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਸੀਵਰੇਜ ਦੇ ਪਾਣੀ ਕਰਕੇ ਕੋਈ ਜਾਨੀ ਤੇ ਮਾਲੀ ਨੁਕਸਾਨ ਹੋਵੇ, ਉਸ ਤੋਂ ਪਹਿਲਾਂ ਇਹ ਠੀਕ ਕੀਤਾ ਜਾਣਾ ਚਾਹੀਦਾ ਹੈ।

ਸ਼ਾਇਰ ਤੇ ਅਦਾਕਾਰ ਨਾਹਰ ਸਿੰਘ ਗਿੱਲ ਸਨਮਾਨਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਪਰਵਾਸੀ ਪੰਜਾਬੀ ਸ਼ਾਇਰ ਤੇ ਅਦਾਕਾਰ ਨਾਹਰ ਸਿੰਘ ਗਿੱਲ ਨਾਲ ਸਾਹਿਤਕ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਹਾਜ਼ਰੀਨ ਨਾਲ ਆਪਣੇ ਸਾਹਿਤਕ ਸਫਰ ਤੇ ਅਦਾਕਾਰੀ ਨਾਲ ਸਬੰਧਤ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਅਜ਼ਾਦੀ ਸੰਗਰਾਮੀਏ ਦੀ ਜ਼ਿੰਦਗੀ ਤੇ ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਬਿਆਨ ਕਰਦਾ ਜਾਤੀ ਪਾਤੀ ਸਿਸਟਮ ਤੇ ਚਮਕ ਦਮਕ ਵਾਲੀ ਫਿਲਮੀ ਦੁਨੀਆ ਵੱਲ ਆਕਰਸ਼ਤ ਹੁੰਦੀ ਜਵਾਨੀ ਤੇ ਨਵੇਂ ਕਲਾਕਾਰਾਂ ਦੇ ਹੁੰਦੇ ਸ਼ੋਸ਼ਣ ਨੂੰ ਦਰਸਾਉਂਦੇ ਆਪਣੇ ਇੱਕ ਪਾਤਰੀ ਨਾਟਕ 'ਨੰਗੇ ਜਿਸਮ' ਦਾ ਮੰਚਨ ਵੀ ਕੀਤਾ। ਰਚਨਾਵਾਂ ਦੇ ਦੌਰ ਵਿੱਚ ਪ੍ਰੋਫੈਸਰ ਦਾਤਾਰ ਸਿੰਘ, ਚੌਧਰੀ ਅਮੀ ਚੰਦ ਜੱਸਾ ਮੁਕਤਸਰੀ, ਸੰਤੋਸ਼ ਕੁਮਾਰੀ, ਹਰਦੇਵ ਸਿੰਘ ਹਮਦਰਦ, ਚੂਹੜ ਸਿੰਘ ਬਰਾੜ, ਸ਼ਮਸ਼ੇਰ ਸਿੰਘ ਗਾਫਿਲ, ਬਿੱਕਰ ਸਿੰਘ ਵਿਯੋਗੀ, ਬਲਦੇਵ ਸਿੰਘ ਇੱਕਵੰਨ, ਸਰਦੂਲ ਸਿੰਘ ਬਰਾੜ, ਜਸਵੀਰ ਸ਼ਰਮਾ ਦੱਦਾਹੂਰ, ਸੁਖਜਿੰਦਰ ਸਿੰਘ ਭੰਗਜੜ੍ਹੀ, ਗੁਰਦੇਵ ਸਿੰਘ ਘਾਰੂ, ਜਗਤਾਰ ਸਿੰਘ ਗਿੱਲ ਤੇ ਲਖਵੀਰ ਸਿੰਘ ਗਿੱਲ ਆਦਿ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਨਾਹਰ ਸਿੰਘ ਗਿੱਲ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਕੁਲਵੰਤ ਸਰੋਤਾ ਨੇ ਬਾਖੂਬੀ ਨਿਭਾਇਆ।

ਬਾਰਡਰ ਤੋਂ 26 ਕਿੱਲੋ 430 ਗ੍ਰਾਮ ਹੈਰੋਇਨ ਬਰਾਮਦ

ਜਲਾਲਾਬਾਦ (ਦਹੂਜਾ)-ਜਲਾਲਾਬਾਦ ਨੇੜੇ ਸਰਹੱਦ ਤੋਂ 26 ਕਿੱਲੋ 430 ਗ੍ਰਾਮ ਹੈਰੋਇਨ ਸਮੇਤ ਪੈਕਿੰਗ ਸਮੱਗਰੀ, ਸ਼ਾਲ, ਪਲਾਸਟਿਕ ਦੀ ਪਾਈਪ ਤੇ ਸੂਤੜੀ ਬਰਾਮਦ ਕੀਤੀ ਗਈ। ਇਸ ਸਬੰਧੀ ਥਾਣਾ ਅਮੀਰ ਖਾਸ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਪਰਚਾ ਕਰ ਲਿਆ ਹੈ। ਜਾਂਚ ਅਧਿਕਾਰੀ ਐੱਸ ਐੱਚ ਓ ਅਮਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਬੀ ਐੱਸ ਐੱਫ ਚੌਕੀ ਕੇ ਬੀ ਕੇ ਤੋਂ ਟੈਲੀਫੋਨ ਆਇਆ ਕਿ ਕੇ ਬੀ ਕੇ ਚੌਕੀ ਤੋਂ ਅਣਪਛਾਤੇ ਹੈਰੋਇਨ ਸਮੱਗਲਰਾਂ ਵੱਲੋਂ ਤਾਰ ਪਾਰ ਪਾਕਿਸਤਾਨ ਤੋਂ ਭਾਰਤੀ ਸਰਹੱਦ ਵਿੱਚ ਹੈਰੋਇਨ ਭੇਜੀ ਗਈ ਹੈ, ਜਿਸ 'ਤੇ ਥਾਣਾ ਮੁਖੀ ਸਮੇਤ ਸਾਥੀ ਕਰਮਚਾਰੀ ਚੌਕੀ ਬੀ.ਐੱਸ.ਐੱਫ ਕੇ.ਬੀ.ਕੇ. 'ਚ ਤਲਾਸ਼ੀ ਲੈਣ 'ਤੇ ਹੈਰੋਇਨ ਦੇ 25 ਪੈਕਟ ਬਰਾਮਦ ਹੋਏ। ਬੀ.ਐੱਸ.ਐੱਫ. ਦੇ ਕੰਪਨੀ ਕਮਾਂਡਰ ਐੱਸ ਸੀ ਯਾਦਵ (ਸੀ ਸੀ ਓ ਵਾਈ ਬੀ ਓ ਪੀ ਐੱਨ ਐੱਸ ਵਾਲਾ 160 ਬੀ ਐੱਨ ਬੀ ਐੱਸ ਐੱਫ) ਦੁਆਰਾ ਇੱਕ ਪੱਤਰ ਨੰਬਰ ਓ ਪੀ ਐੱਸ/ਐੱਫ ਆਈ ਆਰ/ਸੀ ਸੀ ਓ ਵਾਈ/160 ਬੀ ਐੱਨ/2022/729 ਤੇ ਇੱਕ ਸੀਜ਼ਰ ਮੈਮੋ ਅਤੇ ਪੈਕਿੰਗ ਸਮੱਗਰੀ ਸਮੇਤ 26.430 ਗ੍ਰਾਮ ਹੈਰੋਇਨ ਦੇ 25 ਪੈਕੇਟ, ਇੱਕ ਪਲਾਸਟਿਕ ਦੀ ਪਾਈਪ, ਇੱਕ ਲਾਲ ਸ਼ਾਲ ਤੇ ਇੱਕ ਭੂਰੇ ਰੰਗ ਦੀ ਸੂਤੜੀ ਉਸ ਨੂੰ ਸੌਂਪਿਆ ਗਿਆ, ਜਿਸ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਅਧੀਨ ਧਾਰਾ 21,23/61/85 ਪਰਚਾ ਦਰਜ ਕਰ ਲਿਆ ਹੈ।

ਸੂਬਾ ਪੱਧਰੀ ਤੀਰ-ਅੰਦਾਜ਼ੀ 'ਚ ਪੀ ਪੀ ਐੱਸ ਦੇ ਖਿਡਾਰੀ ਛਾਏ

ਭੀਖੀ (ਧਰਮਵੀਰ ਸ਼ਰਮਾ)-ਨਾਮਵਰ ਵਿੱਦਿਅਕ ਸੰਸਥਾ ਪੈਰਾਮਾਊਂਟ ਪਬਲਿਕ ਸਕੂਲ

ਚੀਮਾ ਮੰਡੀ ਦੇ ਖਿਡਾਰੀਆਂ ਨੇ ਪੰਜਾਬ ਸਕੂਲ ਰਾਜ ਪੱਧਰੀ ਤੀਰ ਅੰਦਾਜ਼ੀ ਖੇਡਾਂ 'ਚ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਐੱਮ ਡੀ ਜਸਵੀਰ ਸਿੰਘ ਚੀਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਬੋਹਰ ਵਿਖੇ ਹੋਈਆਂ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਅੰਡਰ-14 ਵਿੱਚ ਲਵਲੀਨ ਕੌਰ ਨੇ ਪਹਿਲਾ, ਅੰਡਰ-17 ਵਿੱਚ ਗੁਰਜਿੰਦਰ ਸਿੰਘ, ਗੁਰਸ਼ਨਪ੍ਰੀਤ ਸਿੰਘ ਸਿੱਧੂ ਤੇ ਆਰੀਅਨ ਭਾਰਦਵਾਜ ਨੇ ਦੂਜਾ ਤੇ ਅੰਡਰ-19 ਵਿੱਚ ਅਨਮੋਲਪ੍ਰੀਤ ਸਿੰਘ, ਅਮਨਿੰਦਰ ਸਿੰਘ ਦਲਿਉ, ਭਵਨਪ੍ਰੀਤ ਸਿੰਘ ਤੇ ਮਨਪ੍ਰੀਤ ਸਿੰਘ ਜਵੰਧਾ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਗੁਰਜਿੰਦਰ ਸਿੰਘ ਨੇ ਵਿਅਕਤੀਗਤ ਤੌਰ 'ਤੇ ਦੋ ਮੈਡਲ ਪ੍ਰਾਪਤ ਕਰਕੇ ਆਪਣਾ ਨਾਂਅ ਰਾਸ਼ਟਰ ਪੱਧਰੀ ਖੇਡਾਂ ਵਿੱਚ ਦਰਜ ਕਰਵਾਇਆ।

ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਸਵੀਰ ਸਿੰਘ ਚੀਮਾ, ਪ੍ਰਿੰਸੀਪਲ ਸੰਜੇ ਕੁਮਾਰ, ਮੈਡਮ ਕਿਰਨਪਾਲ ਕੌਰ ਨੇ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਤੀਰ ਅੰਦਾਜ਼ੀ ਕੋਚ ਗੁਰਪ੍ਰੀਤ ਸਿੰਘ ਸੰਧੂ, ਕੋਚ ਯਾਦਵਿੰਦਰ ਸਿੰਘ, ਕੋਚ ਸੰਦੀਪ ਸਿੰਘ ਤੇ ਡੀ ਪੀ ਈ ਮਨਪ੍ਰੀਤ ਸਿੰਘ ਆਦਿ ਮੌਜੂਦ ਸਨ।

ਜੀ ਪੀ ਨੇ ਕਾਂਗਰਸੀ ਵਰਕਰਾਂ ਨਾਲ ਭਾਰਤ ਜੋੜੋ ਯਾਤਰਾ ਸੰਬੰਧੀ ਕੀਤੀ ਮੀਟਿੰਗ

■ ਸਮੂਹ ਦੇਸ਼ ਵਾਸੀਆਂ ਨੂੰ ਇੱਕ ਮੰਚ 'ਤੇ ਇਕੱਠਾ ਕਰਨਾ ਯਾਤਰਾ ਦਾ ਮੰਤਵ : ਜੀ ਪੀ

ਮੀਟਿੰਗ ਦਾ ਦ੍ਰਿਸ਼।

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੌਮੀ ਆਗੂ ਰਾਹੁਲ ਗਾਂਧੀ ਤੇ ਕੌਮੀ ਪ੍ਰਧਾਨ ਮਲਿਕ ਅਰਜੁਨ ਖੜਗੇ ਦੀ ਅਗਵਾਈ 'ਚ ਕੀਤੀ ਜਾ ਰਹੀ ਭਾਰਤ ਜੋੜੋ ਯਾਤਰਾ ਦੀਆਂ ਤਿਆਰੀਆਂ ਸੰਬੰਧੀ ਪਾਰਟੀ ਵਰਕਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਪਿੰਡ ਮਾਰਵਾ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਜੀ. ਪੀ. ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਏ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ. ਪੀ. ਨੇ ਕਿਹਾ ਕਿ ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਸਮੂਹ ਦੇਸ਼ ਵਾਸੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦਾ ਸੁਨੇਹਾ ਦੇ ਰਹੇ ਹਨ ਤੇ ਇਹੀ ਇਸ ਯਾਤਰਾ ਦਾ ਮੰਤਵ ਹੈ। ਉਨ੍ਹਾ ਕਿਹਾ ਕਿ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਲੋਕਾਂ ਨੂੰ ਲਾਮਬੰਦ ਕਰਕੇ ਰਾਹੁਲ ਗਾਂਧੀ ਵੱਲੋਂ ਸਿਰਜੇ ਜਾ ਰਹੇ ਇਤਿਹਾਸ ਦਾ ਸਾਨੂੰ ਵੀ ਹਿੱਸਾ ਬਣਨਾ ਚਾਹੀਦਾ ਹੈ ਤੇ ਉਹ ਉਮੀਦ ਕਰਦੇ ਹਨ ਕਿ ਪਾਰਟੀ ਵਰਕਰ ਤੇ ਇਲਾਕਾ ਵਾਸੀ ਜਨਵਰੀ ਦੇ ਪਹਿਲੇ ਹਫਤੇ ਫ਼ਤਿਹਗੜ੍ਹ ਸਾਹਿਬ 'ਚ ਪਹੁੰਚ ਰਹੀ ਇਸ ਯਾਤਰਾ ਦਾ ਪੂਰੇ ਜੋਸ਼ ਨਾਲ ਸਵਾਗਤ ਕਰਨਗੇ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਾਖ ਦਿਨੋਂ ਦਿਨ ਘਟਦੀ ਜਾ ਰਹੀ ਹੈ ਤੇ ਗਵਾਂਢੀ ਸੂਬੇ ਹਿਮਾਚਲ ਪ੍ਰਦੇਸ਼ 'ਚ ਵੀ ਲੋਕਾਂ ਨੇ ਵੋਟ ਦੇ ਅਧਿਕਾਰ ਰਾਹੀਂ ਕਾਂਗਰਸ ਨੂੰ ਜਿਤਾ ਕੇ ਦੇਸ਼ 'ਚ ਫੁੱਟ ਪਾਉਣ ਵਾਲੀ ਭਾਜਪਾ ਤੇ ਉਸ ਦੀ ਬੀ ਟੀਮ ਨੂੰ ਨਕਾਰ ਦਿੱਤਾ ਹੈ।

ਵਿਮੁਕਤ ਜਾਤੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਵਚਨਬੱਧ : ਬਾਜ਼ੀਗਰ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਪੰਜਾਬ ਸਰਕਾਰ ਅਨੁਸੂਚਿਤ ਤੇ ਵਿਮੁਕਤ ਜਾਤੀਆਂ ਦੀ ਭਲਾਈ ਲਈ ਵਚਨਬੱਧ ਹੈਸ਼ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਇਨ੍ਹਾਂ ਸ਼੍ਰੇਣੀਆਂ ਨੂੰ ਲੈ ਕੇ ਬਹੁਤ ਗੰਭੀਰ ਹਨ, ਜਿਸ ਦੇ ਚਲਦਿਆਂ ਪੰਜਾਬ ਦੀਆਂ ਸਮੂਹ ਅਨੁਸੂਚਿਤ ਤੇ ਵਿਮੁਕਤ ਜਾਤੀਆਂ ਨਾਲ ਸਬੰਧਤ ਸ਼੍ਰੇਣੀਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ 'ਤੇ ਵਿਚਾਰ ਕਰਕੇ ਉਨ੍ਹਾਂ ਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸ਼੍ਰੇਣੀਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਕੈਬਨਿਟ ਨਾਲ ਸਬੰਧਤ ਮੰਤਰੀਆਂ ਦੀ ਕਮੇਟੀ ਗਠਿਤ ਕੀਤੀ ਗਈ ਹੈ ਤੇ ਪੰਜਾਬ ਦੀਆਂ ਸਮੂਹ ਵਿਮੁਕਤ ਜਾਤੀਆਂ ਨਾਲ ਸਬੰਧਤ ਆਗੂਆਂ ਦੀ ਮੀਟਿੰਗ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਤੋਂ ਇਲਾਵਾ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨਾਲ ਹੋਈ। ਉਨ੍ਹਾ ਦੱਸਿਆ ਕਿ ਸਬੰਧਤ ਮੰਤਰੀ ਡਾ. ਬਲਜੀਤ ਕੌਰ ਤੇ ਕੈਬਨਿਟ ਨਾਲ ਸਬੰਧਤ ਤਿੰਨ ਮੈਂਬਰੀ ਕਮੇਟੀ ਨੇ ਵਿਮੁਕਤ ਜਾਤੀਆਂ ਦੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਦੀਆਂ ਵਿਮੁਕਤ ਜਾਤੀਆਂ ਦੀ ਭਲਾਈ ਲਈ ਮਾਨ ਸਰਕਾਰ ਹਮੇਸ਼ਾ ਵਚਨਬੱਧ ਹੈ ਅਤੇ ਸਮਾਜਿਕ ਨਿਆਂ ਤੇ ਬਰਾਬਰੀ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾ ਨਾਲ ਲਾਭ ਸਿੰਘ ਡਰੌਲੀ, ਸਰਪੰਚ ਕਰਨੈਲ ਸਿੰਘ ਦੁਤਾਲ, ਸੁਖਪਾਲ ਸਿੰਘ ਗੁਲਾਹੜ, ਸਰਪੰਚ ਕਰਨੈਲ ਸਿੰਘ ਪੈਂਦ, ਸਰਪੰਚ ਸ਼ਾਮ ਲਾਲ, ਅਮਨ ਵਰਤੀਆ, ਜੱਸ ਵਰਤੀਆ ਅਦਿ ਹਾਜ਼ਰ ਸਨ।

ਕਾਨੂੰਨ ਦੀ ਪਾਲਣਾ ਨਾ ਕਰਨ 'ਤੇ ਈ ਓ ਨੂੰ ਭਾਰੀ ਜੁਰਮਾਨਾ

ਜੈਤੋ (ਸਤੀਸ਼ ਕੁਮਾਰ ਭੀਰੀ)-ਨਗਰ ਕੌਂਸਲ ਜੈਤੋ ਵੱਲੋਂ ਕਾਨੂੰਨ ਨੂੰ ਮਜ਼ਾਕ ਸਮਝਣਾ ਉਸ ਵਕਤ ਭਾਰੀ ਪਿਆ, ਜਦੋਂ ਸੂਚਨਾ ਕਮਿਸ਼ਨ ਪੰਜਾਬ ਵੱਲੋਂ ਉਸ ਨੂੰ ਦਸ ਹਜ਼ਾਰ ਰੁਪਏ ਜੁਰਮਾਨਾ ਕਰਨ ਦਾ ਫੈਸਲਾ ਸੁਣਾਇਆ ਗਿਆ। ਇਸ ਮਾਮਲੇ ਸੰਬੰਧੀ ਜਾਣਕਾਰੀ ਦਿੱਤੀ ਜਾਵੇ ਤਾਂ ਇਹ ਹੈ ਕਿ ਨਗਰ ਕੌਂਸਲ ਜੈਤੋ ਪਾਸੋਂ ਸ਼ਹਿਰ ਦੇ ਆਰ ਟੀ ਆਈ ਕਾਰਕੁਨ ਐਡਵੋਕੇਟ ਸਤੀਸ਼ ਕੁਮਾਰ ਵੱਲੋਂ ਅੱਜ ਤੋਂ ਲਗਭਗ ਇੱਕ ਸਾਲ ਪਹਿਲਾਂ ਆਰ ਟੀ ਆਈ ਐਕਟ ਤਹਿਤ ਕੁਝ ਸੂਚਨਾ ਦੀ ਮੰਗ ਕੀਤੀ ਗਈ ਸੀ ਜੋ ਕਿ ਸਤੀਸ਼ ਕੁਮਾਰ ਵੱਲੋਂ ਲਗਾਤਾਰ ਪੀ ਆਈ ਓ ਚੰਦਰ ਮੋਹਨ ਭਾਟੀਆ ਦੀਆਂ ਲੇਲੜੀਆਂ ਕੱਢਣ ਦੇ ਬਾਵਜੂਦ ਨਹੀਂ ਦਿੱਤੀ ਗਈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਨਗਰ ਕੌਂਸਲ ਵਿੱਚ ਕਾਨੂੰਨ ਦੀਆਂ ਧੱਜੀਆਂ ਉਡਾਉਣਾ ਤੇ ਭ੍ਰਿਸ਼ਟਾਚਾਰ ਕਰਨਾ ਆਮ ਜਿਹੀ ਘਟਨਾ ਸਮਝਿਆ ਜਾਂਦਾ ਹੈ। ਅੱਜ ਹੋਈ ਸੁਣਵਾਈ ਦੌਰਾਨ ਸੂਚਨਾ ਕਮਿਸ਼ਨਰ ਖੁਸਵੰਤ ਸਿੰਘ ਵੱਲੋਂ ਪੀ ਆਈ ਓ ਕਾਰਜ ਸਾਧਕ ਅਫਸਰ ਚੰਦਰ ਮੋਹਨ ਭਾਟੀਆ ਨੂੰ ਤੁਰੰਤ ਸੂਚਨਾ ਦੇਣ ਦਾ ਹੁਕਮ ਦਿੰਦੇ ਹੋਏ ਦਸ ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਗਿਆ। ਇਸ ਮੌਕੇ ਸਤੀਸ਼ ਕੁਮਾਰ ਨੇ ਕਿਹਾ ਕਿ ਆਪਣੇ ਕੰਮਾਂ ਤੇ ਡਿਊਟੀ ਪ੍ਰਤੀ ਲਾਪ੍ਰਵਾਹ ਅਧਿਕਾਰੀ ਚੰਦਰ ਮੋਹਨ ਭਾਟੀਆ ਦੀ ਸਰਵਿਸ ਬੁੱਕ ਵਿੱਚ ਹੋਏ ਜੁਰਮਾਨੇ ਦੀ ਐਂਟਰੀ ਦਰਜ ਕੀਤੀ ਜਾਵੇ ਤੇ ਉਨ੍ਹਾਂ ਨੂੰ ਮੁਕੰਮਲ ਤੌਰ 'ਤੇ ਤਰੱਕੀ ਦੇਣ 'ਤੇ ਵੀ ਰੋਕ ਲਗਾਈ ਜਾਵੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਨਗਰ ਕੌਂਸਲ ਜੈਤੋ ਦੀ ਤਰਫੋਂ ਸੂਚਨਾ ਕਮਿਸਨਰ ਅੱਗੇ ਪੇਸ ਹੋਏ ਏ ਪੀ ਆਈ ਓ ਨਾਇਬ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਕੋਲ ਸੂਚਨਾ ਤਿਆਰ ਪਈ ਹੈ, ਪ੍ਰੰਤੂ ਪੀ ਆਈ ਓ ਭਾਵ ਕਾਰਜ ਸਾਧਕ ਅਫਸਰ ਚੰਦਰ ਮੋਹਨ ਭਾਟੀਆ, ਜੋ ਕਿ ਪਿਛਲੇ ਕਈ ਮਹੀਨਿਆਂ ਤੋਂ ਬੀਮਾਰੀ ਕਾਰਨ ਨਹੀਂ ਆ ਰਹੇ ਤੇ ਕਾਰਜ ਸਾਧਕ ਅਫਸਰ ਦੇ ਆਉਂਦੇ ਹੀ ਉਨ੍ਹਾਂ ਦੇ ਦਸਤਖਤ ਕਰਵਾ ਕੇ ਸੂਚਨਾ ਆਰ ਟੀ ਆਈ ਕਾਰਕੁਨ ਨੂੰ ਦੇ ਦਿੱਤੀ ਜਾਵੇਗੀ, ਪ੍ਰੰਤੂ ਇਨ੍ਹਾਂ ਸਾਰੀਆਂ ਬਹਾਨੇਬਾਜ਼ੀਆਂ ਤੋਂ ਬਾਅਦ ਉਸ ਵਕਤ ਨਗਰ ਕੌਂਸਲ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਨਜ਼ਰੀਂ ਪੈਂਦੀ ਹੈ, ਜਦ ਆਰ ਟੀ ਆਈ ਕਾਰਕੁਨ ਕੋਲੋਂ ਸੂਚਨਾ ਨਾਲ ਸਬੰਧਤ ਦਸਤਾਵੇਜ਼ ਦੇਣ ਲਈ ਬਿਨਾਂ ਕਾਰਜ ਸਾਧਕ ਅਫਸਰ ਦੇ ਹੀ ਏ ਪੀ ਆਈ ਓ ਨਾਇਬ ਸਿੰਘ ਵੱਲੋਂ ਆਪਣੇ ਦਸਤਖਤਾਂ ਨਾਲ ਹੀ ਪੈਸੇ ਜਮ੍ਹਾਂ ਕਰਵਾਉਣ ਲਈ ਨੋਟਿਸ ਜਾਰੀ ਕਰਦੇ ਹੋਏ ਆਰ ਟੀ ਆਈ ਕਾਰਕੁਨ ਨੂੰ ਨਾ ਕੇਵਲ ਪ੍ਰੇਸ਼ਾਨ ਹੀ ਕੀਤਾ ਜਾਂਦਾ ਹੈ, ਬਲਕਿ ਸੂਚਨਾ ਨੂੰ ਲੰਮੇ ਸਮੇਂ ਤੱਕ ਲਮਕਾਉਣ ਦੀ ਮੰਸ਼ਾ ਤਹਿਤ ਚਾਲਾਕੀਆਂ ਵੀ ਕੀਤੀਆਂ ਜਾਂਦੀਆਂ ਹਨ।

ਜਗਰਾਉਂ ਮਾਮਲੇ ਸੰਬੰਧੀ ਵਫ਼ਦ ਏ ਡੀ ਜੀ ਪੀ ਨੂੰ ਮਿਲਿਆ

■ ਹਫ਼ਤੇ 'ਚ ਰਿਪੋਰਟ ਪੇਸ਼ ਕਰਨ ਦਾ ਵਾਅਦਾ

ਜਗਰਾਉਂ (ਸੰਜੀਵ ਅਰੋੜਾ/ਨਛੱਤਰ ਸੰਧੂ)-ਅਨੁਸੂਚਿਤ ਜਾਤੀ ਦੀ ਮਾਂ-ਧੀ ਨੂੰ ਨਜਾਇਜ਼ ਹਿਰਾਸਤ 'ਚ ਰੱਖ ਕੇ ਅੱਤਿਆਚਾਰ ਕਰਨ ਤੇ ਕਰੰਟ ਲਗਾ ਕੇ ਮੌਤ ਦੇ ਮੂੰਹ 'ਚ ਧੱਕਣ ਸਬੰਧੀ ਦਰਜ ਮੁਕੱਦਮੇ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਪਿਛਲੇ 9 ਮਹੀਨਿਆਂ ਤੋਂ ਥਾਣਾ ਸਿਟੀ ਜਗਰਾਉਂ ਮੂਹਰੇ ਧਰਨਾ ਲਗਾਈ ਬੈਠੀਆਂ ਧਰਨਾਕਾਰੀ ਜਥੇਬੰਦੀਆਂ ਦਾ ਇੱਕ ਸਾਂਝਾ ਵਫ਼ਦ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ ਤੇ ਜ਼ਿਲ੍ਹਾ ਸਕੱਤਰ ਸਾਧੂ ਸਿੰਘ ਅੱਚਰਵਾਲ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਤੇ ਇਲਾਕਾ ਸਕੱਤਰ ਨਿਰਮਲ ਰਸੂਲਪੁਰ, ਦਸਮੇਸ਼ ਕਿਸਾਨ-ਮਜ਼ਦੂਰ ਯੂਨੀਅਨ (ਰਜਿ:) ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ ਦੀ ਅਗਵਾਈ 'ਚ ਏ ਡੀ ਜੀ ਪੀ ਐੱਲ. ਕੇ. ਯਾਦਵ ਨੂੰ ਮਿਲਿਆ। ਮੀਟਿੰਗ ਉਪਰੰਤ ਜਾਰੀ ਪ੍ਰੈੱਸ ਨੋਟ 'ਚ ਆਗੂਆਂ ਨੇ ਮ੍ਰਿਤਕ ਕੁਲਵੰਤ ਕੌਰ ਰਸੂਲਪੁਰ ਦੇ ਪਰਿਵਾਰ ਨੂੰ ਮੁਆਵਜ਼ੇ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਪੀੜਤ ਪਰਿਵਾਰ ਤੇ ਜਮਹੂਰੀ ਜਥੇਬੰਦੀਆਂ ਦੇ ਵਰਕਰ 23 ਮਾਰਚ ਤੋਂ ਧਰਨੇ 'ਤੇ ਬੈਠੇ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ 2 ਧਰਨਾਕਾਰੀ ਸ਼ਹੀਦ ਹੋ ਚੁੱਕੇ ਹਨ ਤੇ 2 ਧਰਨਾਕਾਰੀ ਹਸਪਤਾਲ ਦਾਖ਼ਲ ਹਨ। ਉਨ੍ਹਾਂ ਦੱਸਿਆ ਕਿ ਮ੍ਰਿਤਕਾ ਦੀ ਮਾਤਾ ਤੇ ਖੁਦ ਪੀੜਤਾ 75 ਸਾਲਾ ਸੁਰਿੰਦਰ ਕੌਰ ਰਸੂਲਪੁਰ ਨੇ ਹਲਕਾ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਨੂੰ ਖੂਨ ਨਾਲ ਖ਼ਤ ਲਿਖ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਭੇਜਿਆ ਸੀ, ਪਰ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਕਰੀਬ 9 ਮਹੀਨੇ ਤੋਂ ਸਥਾਨਕ ਥਾਣਾ ਸਿਟੀ ਮੂਹਰੇ ਧਰਨਾ ਲਗਾਈ ਬੈਠੇ ਪੀੜਤ ਪਰਿਵਾਰ ਤੇ ਧਰਨਾਕਾਰੀਆਂ ਨੇ ਆਪਣੀ ਆਵਾਜ਼ ਉੱਚ ਅਧਿਕਾਰੀਆਂ ਤੱਕ ਪੁੱਜਦੀ ਕਰਨ ਲਈ ਹੀ ਇਹ ਕਦਮ ਉਠਾਇਆ ਹੈ। ਆਗੂਆਂ ਨੇ ਦੱਸਿਆ ਕਿ ਐੱਲ. ਕੇ. ਯਾਦਵ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਮਾਮਲੇ ਦਾ ਨਿਪਟਾਰਾ ਕਰਨਗੇ ਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦੇਣਗੇ। ਇਸ ਸਮੇਂ ਗੁਰਚਰਨ ਸਿੰਘ ਰਸੂਲਪੁਰ, ਰਾਜਿੰਦਰ ਸਿੰਘ ਚਚਰਾੜੀ, ਦਰਸ਼ਨ ਸਿੰਘ ਧਾਲੀਵਾਲ, ਸਰਬਜੀਤ ਸਿੰਘ ਗਾਲਿਬ, ਮੱਘਰ ਸਿੰਘ, ਮੋਹਣ ਸਿੰਘ ਤੇ ਬਿੱਕਰ ਸਿੰਘ ਆਦਿ ਹਾਜ਼ਰ ਸਨ।

ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸਾਬਕਾ ਸਰਪੰਚ ਮੋਦਨ ਸਿੰਘ ਨੂੰ ਸ਼ਰਧਾਂਜਲੀਆਂ

ਤਲਵੰਡੀ ਸਾਬੋ (ਜਗਦੀਪ ਗਿੱਲ)-ਬੀਤੇ ਦਿਨੀਂ ਮੋਦਨ ਸਿੰਘ ਸਾਬਕਾ ਸਰਪੰਚ ਮਿਰਜ਼ੇਆਣਾ (82) ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਰਾਜੇ ਸਨ। ਉਨ੍ਹਾ ਦੀ ਅੰਤਿਮ ਅਰਦਾਸ ਮੌਕੇ ਰਾਗੀ ਭਾਈ ਸੁਖਵਿੰਦਰ ਸਿੰਘ ਸਿੰਘ ਪੁਰੇ ਵਾਲਿਆਂ ਦੇ ਜਥੇ ਨੇ ਰਸਭਿੰਨਾਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਹੀ ਸ਼ਰਧਾਂਜਲੀ ਦੇਣ ਲਈ ਪਹੁੰਚੇ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਵਿੱਚੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਦਾ ਸੋਗ ਸੰਦੇਸ਼ ਲੈ ਕੇ ਪਹੁਚੇ ਸੁਖਵੀਰ ਸਿੰਘ ਗੱਗੜ, ਜੀਤ ਮਹਿੰਦਰ ਸਿੰਘ ਸਿੱਧੂ, ਪ੍ਰੋਫੈਸਰ ਬਲਜਿੰਦਰ ਕੌਰ ਹਲਕਾ ਵਿਧਾਇਕਾ, ਸ੍ਰ. ਰਵੀਪ੍ਰੀਤ ਸਿੰਘ ਸਿੱਧੂ ਪ੍ਰਧਾਨ ਦਿਹਾਤੀ ਬਠਿੰਡਾ ਭਾਜਪਾ, ਮੋਹਨ ਸਿੰਘ ਬੰਗੀ ਐੱਸ ਜੀ ਪੀ ਸੀ ਐਗਜ਼ੈਕਟਿਵ ਮੈਂਬਰ, ਅਮਰਜੀਤ ਸਿੰਘ ਚੀਮਾ ਗੁਰਪ੍ਰੀਤ ਸਿੰਘ ਮਾਨਸ਼ਾਹੀਆ, ਗੁਰਤੇਜ ਸਿੰਘ ਜੋਧਪੁਰ, ਗੁਰਤੇਜ ਸਿੰਘ ਜੋਗੇਵਾਲਾ, ਜਗਜੀਤ ਸਿੰਘ ਮਾਸਟਰ, ਮੰਦਰ ਸਿੰਘ ਲਹਿਰੀ, ਦਲਜੀਤ ਸਿੰਘ ਮਾਸਟਰ, ਵੈਦ ਚੰਦ ਮੈਡੋਰ ਤੇ ਲੋਕ ਆਵਾਜ਼ ਪ੍ਰੈੱਸ ਕਲੱਬ ਤਲਵੰਡੀ ਸਾਬੋ ਵੱਲੋਂ ਪੱਤਰਕਾਰ ਜਗਦੀਪ ਕੋਮਲ ਜਿੱਥੇ ਅੰਤਿਮ ਵਿੱਚ ਸ਼ਾਮਲ ਹੋਏ, ਉੱਥੇ ਪ੍ਰੈੱਸ ਕਲੱਬ ਦੇ ਪ੍ਰਧਾਨ ਜਗਦੀਪ ਗਿੱਲ, ਹੋਰ ਅਹੁਦੇਦਾਰ ਤੇ ਮੈਂਬਰਾਂ ਨੇ ਸ਼ੋਕ ਸੁਨੇਹੇ ਭੇਜੇ। ਰੇਸ਼ਮ ਸਿੰਘ ਦਾਦੂ, ਗੌਰਮਿੰਟ ਇੰਪਲਾਈਜ਼ ਯੂਨੀਅਨ ਨਰਿੰਦਰ ਸਿੰਘ, ਹਰਗੋਬਿੰਦ ਪਬਲਿਕ ਸਕੂਲ ਲਹਿਰੀ ਦੇ ਪ੍ਰਿੰਸੀਪਲ ਜਸਵਿੰਦਰ ਕੌਰ, ਲਖਵਿੰਦਰ ਸਿੰਘ ਲਹਿਰੀ, ਡਾਕਟਰ ਬਲਦੇਵ ਸਿੰਘ ਰੋਮਾਣਾ, ਡਾਕਟਰ ਗੁਰਮੇਲ ਸਿੰਘ ਘਈ, ਮੰਚ ਸੰਚਾਲਕ ਦੀ ਸੇਵਾ ਡਾਕਟਰ ਮਲਕੀਤ ਸਿੰਘ ਮਿਰਜ਼ੇਆਣਾ ਨੇ ਬਾਖੂਬੀ ਨਿਭਾਈ। ਇਲਾਕੇ ਦੇ ਸਰਪੰਚ, ਪੰਚ, ਨੰਬਰਦਾਰ, ਰਿਸ਼ਤੇਦਾਰ ਤੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ।

ਬਾਬਾ ਜੀਵਨ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

■ ਪ੍ਰਬੰਧਕਾਂ ਵੱਲੋਂ ਵਿਧਾਇਕ ਦਹੀਆ ਦਾ ਵਿਸ਼ੇਸ਼ ਸਨਮਾਨ

ਮਮਦੋਟ (ਜਸਬੀਰ ਸਿੰਘ ਕੰਬੋਜ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਉਨ੍ਹਾਂ ਦੇ ਸੀਸ ਨੂੰ ਦਿੱਲੀ ਤੋਂ ਪੈਦਲ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਵਾਲੇ ਬਹਾਦਰ ਸੂਰਮੇ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ), ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰੰਗਰੇਟੇ ਗੁਰੂ ਕੇ ਬੇਟੇ ਦਾ ਖਿਤਾਬ ਬਖਸ਼ਿਆਂ, ਦੇ ਸ਼ਹੀਦ ਦਿਵਸ ਦੇ ਸਬੰਧ ਵਿੱਚ ਗੁਰਦਵਾਰਾ ਗੁਰੂ ਨਾਨਕ ਨਿਵਾਸ ਮਮਦੋਟ ਵਿਖੇ ਪਿਛਲੇ ਤਿੰਨ ਦਿਨ ਤੋਂ ਚੱਲ ਰਹੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਰਾਗੀ ਢਾਡੀ ਜਥਿਆਂ ਵੱਲੋਂ ਬਾਬਾ ਜੀ ਦੇ ਜੀਵਨ ਤੇ ਉਨ੍ਹਾ ਦੀ ਕੁਰਬਾਨੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਵੀ ਹਾਜ਼ਰੀ ਲਗਵਾਈ ਤੇ ਪ੍ਰਬੰਧਕਾਂ ਵੱਲੋਂ ਉਨ੍ਹਾ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਪਾ ਕੇ

ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰੂ ਦਾ ਅਟੁੱਟ ਲੰਗਰ ਵੀ ਵਰਤਇਆ ਗਿਆ। ਇਸ ਸਮੇਂ ਉਨ੍ਹਾ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਦਿਲਜੀਤ ਸਿੰਘ, ਫੌਜੀ ਚੰਨਣ ਸਿੰਘ, ਅਨੂਪ ਸਿੰਘ, ਸੁੱਖਾ ਸਿੰਘ, ਨਿਰਵੈਰ ਸਿੰਘ ਸਿੱਧੀ, ਸਾਬਕਾ ਐੱਮ ਸੀ ਸ਼ੰਗਾਰ ਸਿੰਘ, ਬਲਵੀਰ ਸਿੰਘ ਜੱਲੋ ਕੇ, ਬਲਾਕ ਪ੍ਰਧਾਨ ਬਲਵੀਰ ਸਿੰਘ ਫੱਤੇ ਵਾਲਾ, ਹਰਜਿੰਦਰ ਸਿੰਘ ਸਿੱਧੀ ਤੋਂ ਇਲਾਵਾ ਹੋਰ ਵੀ ਪਾਰਟੀ ਵਰਕਰ ਹਾਜ਼ਰ ਸਨ।

ਸੰਚਾਰੀ ਬਿਮਾਰੀਆਂ ਨੂੰ ਰੋਕਣ 'ਚ ਸਹਾਈ ਹੋਵੇਗਾ ਆਈ ਐੱਚ ਆਈ ਪੀ ਪੋਰਟਲ : ਸ਼ਿਆਮਾਵੇਦਾ

ਨਵਾਂਸ਼ਹਿਰ (ਮਨੋਜ ਲਾਡੀ)- ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਐਪੀਡੀਮੋਲੋਜਿਸਟ (ਆਈ.ਡੀ.ਐਸ.ਪੀ.) ਸ੍ਰੀਮਤੀ ਸ਼ਿਆਮਾਵੇਦਾ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੇ ਜ਼ਿਲ੍ਹੇ ਵਿੱਚ ਇੰਟੀਗ੍ਰੇਟਿਡ ਹੈਲਥ ਇੰਫਰਮੇਸ਼ਨ ਪਲੇਟਫਾਰਮ (ਆਈ.ਐਚ.ਆਈ.ਪੀ.) ਪੋਰਟਲ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਕਾਰਵਾਈ ਤੇਜ਼ ਕਰ ਦਿੱਤੀ ਹੈ।

ਇੰਟੀਗ੍ਰੇਟਿਡ ਹੈਲਥ ਇੰਫਰਮੇਸ਼ਨ ਪਲੇਟਫਾਰਮ (ਆਈ.ਐਚ.ਆਈ.ਪੀ.) ਪੋਰਟਲ ਇੱਕ ਰੀਅਲ ਟਾਈਮ ਅਧਾਰਤ ਵੈੱਬ ਸਮਰਥਿਤ ਇਲੈਕਟ੍ਰਾਨਿਕ ਸਿਹਤ ਸੂਚਨਾ ਪ੍ਰਣਾਲੀ ਹੈ, ਜਿਸ ਵਿੱਚ ਕਿਸੇ ਵੀ ਸੰਚਾਰੀ ਬਿਮਾਰੀ ਦੇ ਮਾਮਲੇ ਦੇ ਅਧਾਰ 'ਤੇ ਸਿਹਤ ਸੰਸਥਾ ਦਾ ਡੇਟਾ ਇਕੱਠਾ ਕੀਤਾ ਜਾਵੇਗਾ। ਇਹ ਇਕ ਸਿੰਗਲ ਵਿੰਡੋ ਪਲੇਟਫਾਰਮ ਹੈ, ਜਿਸ 'ਤੇ ਸਿਹਤ ਵਿਭਾਗ ਦੀ ਜਾਣਕਾਰੀ ਸਿੰਗਲ ਪੋਰਟਲ 'ਤੇ ਦਰਜ ਕੀਤੀ ਜਾ ਸਕਦੀ ਹੈ। ਇਸ ਕੜੀ ਤਹਿਤ ਜ਼ਿਲ੍ਹਾ ਐਪੀਡੀਮੋਲੋਜਿਸਟ (ਆਈ.ਡੀ.ਐਸ.ਪੀ.) ਸ੍ਰੀਮਤੀ ਸ਼ਿਆਮਾਵੇਦਾ ਅਤੇ ਡਾਟਾ ਮੈਨੇਜਰ ਸਾਹਿਲ ਸੈਣੀ ਨੇ ਕਮਿਊਨਿਟੀ ਹੈਲਥ ਸੈਂਟਰ ਰਾਹੋਂ ਵਿਖੇ ਇੰਟੀਗ੍ਰੇਟਿਡ ਹੈਲਥ ਇੰਫਰਮੇਸ਼ਨ ਪਲੇਟਫਾਰਮ (ਆਈ.ਐਚ.ਆਈ.ਪੀ) 'ਤੇ ਡਾਟਾ ਅਪਲੋਡ ਸਬੰਧੀ ਸਮੂਹ ਐਲ.ਐਚ.ਵੀਜ, ਐਚ.ਆਈਜ, ਏ.ਐਨ.ਐਮਜ ਅਤੇ ਮ.ਪ.ਹ.ਵ. (ਮੇਲ) ਨੂੰ ਟ੍ਰੇਨਿੰਗ ਦਿੱਤੀ। ਇਸ ਟ੍ਰੇਨਿੰਗ ਵਿੱਚ ਆਈ.ਐਚ.ਆਈ.ਪੀ ਪੋਰਟਲ ਵਿੱਚ ਭਰੇ ਜਾਣ ਵਾਲੇ 3 ਪ੍ਰਕਾਰ ਦੇ ਫਾਰਮੈਟ ਐਸ, ਪੀ ਤੇ ਐਲ ਬਾਰੇ ਬਾਰੀਕੀ ਨਾਲ ਦੱਸਿਆ ਗਿਆ। ਫਾਰਮੈਟ ਐਸ ਸਬ ਸੈਂਟਰ, ਫਾਰਮੈਟ ਪੀ ਮੈਡੀਕਲ ਅਫਸਰ ਅਤੇ ਫਾਰਮੈਟ ਐਲ ਲੈਬ ਟੈਕਨੀਸ਼ੀਅਨ ਦੁਆਰਾ ਆਨਲਾਈਨ ਭਰਿਆ ਜਾਵੇਗਾ ਅਤੇ ਕਿਸੇ ਵੀ ਕਿਸਮ ਦੀ ਸੰਚਾਰੀ ਬਿਮਾਰੀ ਲਈ ਅਲਰਟ ਜਾਰੀ ਕੀਤਾ ਜਾ ਸਕਦਾ ਹੈ। ਇਸ ਮੌਕੇ ਸ੍ਰੀਮਤੀ ਸ਼ਿਆਮਾਵੇਦਾ ਨੇ ਦੱਸਿਆ ਕਿ ਆਈ.ਡੀ.ਐਸ.ਪੀ. ਪ੍ਰੋਗਰਾਮ ਅਧੀਨ ਆਈ.ਐਚ.ਆਈ.ਪੀ. ਪੋਰਟਲ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪੋਰਟਲ ਵਿੱਚ ਹਰ ਘਰ ਦੇ ਹਰ ਮੈਂਬਰ ਦੀ ਮੈਪਿੰਗ ਕੀਤੀ ਜਾਵੇਗੀ। ਫੀਲਡ ਕਰਮੀ ਆਪਣੇ ਅਲਾਟ ਏਰੀਏ ਦੇ ਹਰ ਘਰ ਵਿੱਚ ਜਾਣਗੇ ਅਤੇ ਉਥੇ ਪਰਵਾਰ ਦੇ ਹਰ ਮੈਂਬਰ ਦਾ ਡਾਟਾ ਅਪਲੋਡ ਕਰਨਗੇ। ਸ੍ਰੀਮਤੀ ਸ਼ਿਆਮਾਵੇਦਾ ਨੇ ਦੱਸਿਆ ਕਿ ਪਹਿਲਾਂ ਜ਼ਿਲ੍ਹੇ ਤੋਂ ਰਾਜ ਸਰਕਾਰ ਤੱਕ ਰਿਪੋਰਟ ਪਹੁੰਚਣ ਵਿੱਚ ਕਾਫੀ ਸਮਾਂ ਲੱਗ ਜਾਂਦਾ ਸੀ। ਅਜਿਹੀ ਸਥਿਤੀ ਵਿੱਚ, ਸਬੰਧਤ ਖੇਤਰ ਵਿੱਚ ਸੰਚਾਰੀ ਬਿਮਾਰੀਆਂ ਦੇ ਫੈਲਾਅ ਨੂੰ ਕਾਬੂ ਕਰਨ ਵਿੱਚ ਦੇਰ ਹੋ ਜਾਂਦੀ ਸੀ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਪਿਛਲੇ ਸਾਲ ਏਕੀਕ੍ਰਿਤ ਹੈਲਥ ਇੰਫਰਮੇਸ਼ਨ ਪਲੇਟਫਾਰਮ ਪੋਰਟਲ ਸ਼ੁਰੂ ਕੀਤਾ ਗਿਆ ਸੀ। ਇਸ ਪੋਰਟਲ ਹਰ ਘਰ ਦਾ ਡਾਟਾ ਇਕੱਠਾ ਹੋਵੇਗਾ। ਇਹ ਡੇਟਾ ਆਈ.ਐਚ.ਆਈ.ਪੀ. 'ਤੇ ਇਕ ਕਲਿਕ ਨਾਲ ਕਿਤੇ ਵੀ ਦੇਖਿਆ ਜਾ ਸਕੇਗਾ। ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲ ਇਸ ਨਾਲ ਜੁੜੇ ਰਹਿਣਗੇ। ਜਿਵੇਂ ਹੀ ਕਿਸੇ ਵਿਅਕਤੀ ਦਾ ਕਿਤੇ ਇਲਾਜ ਕੀਤਾ ਜਾਵੇਗਾ, ਉਸਦਾ ਪੂਰਾ ਵੇਰਵਾ ਆਈ.ਐਚ.ਆਈ.ਪੀ.'ਤੇ ਦਿਖਾਈ ਦੇਵੇਗਾ। ਜ਼ਿਲ੍ਹਾ ਐਪੀਡੀਮੋਲੋਜਿਸਟ ਨੇ ਕਿਹਾ ਕਿ ਇਸ ਪਲੇਟਫਾਰਮ ਰਾਹੀਂ ਸ਼ਹਿਰੀ ਜਾਂ ਪੇਂਡੂ ਇਲਾਕਿਆਂ ਵਿੱਚ ਫੈਲ ਰਹੀਆਂ ਸੰਚਾਰੀ ਬਿਮਾਰੀਆਂ ਨੂੰ ਮਹਾਂਮਾਰੀ ਦਾ ਰੂਪ ਧਾਰਨ ਕਰਨ ਤੋਂ ਰੋਕਿਆ ਜਾਣਾ ਹੈ, ਇਸ ਲਈ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਰਾਜ ਸਰਕਾਰ ਨੂੰ ਰੋਜ਼ਾਨਾ ਆਨਲਾਈਨ ਡਾਟਾ ਭੇਜਿਆ ਜਾਵੇਗਾ, ਇਸ ਲਈ ਇਸ ਵਿਚ ਕਿਸੇ ਵੀ ਤਰ੍ਹਾਂ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਮਨਿੰਦਰ ਸਿੰਘ, ਡੀ.ਈ.ਓ. ਸੁਨੀਤਾ ਰਾਣੀ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਬੱਡੋ ਵਿਖੇ ਜੇਲ੍ਹਾਂ 'ਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਜਾਰੀ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ) ਪਿੰਡ ਬੱਡੋ ਵਿਖੇ ਗੁਰਦੁਆਰਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਅਸਥਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ

ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਲਈ ਦਸਤਖਤ ਮਹਿਮ ਤਹਿਤ ਫਾਰਮ ਭਰੇ ਗਏ। ਇਸ ਮੌਕੇ ਗੁਰਦੁਆਰਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਪ੍ਰਧਾਨ ਨੰਬਰਦਾਰ ਜਥੇਦਾਰ ਜੋਗਾ ਸਿੰਘ ਬੱਡੋ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਦਸਤਖਤ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਦਸਤਖਤ ਮੁਹਿੰਮ ਤਹਿਤ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਪ੍ਰਧਾਨ ਨੰਬਰਦਾਰ ਜਥੇਦਾਰ ਜੋਗਾ ਸਿੰਘ ਬੱਡੋ ਨੇ ਦੱਸਿਆ ਕਿ ਦਸਤਖਤ ਮੁਹਿੰਮ ਤਹਿਤ ਤਿੰਨ ਸੌ ਫਾਰਮ ਭਰੇ। ਇਸ ਮੌਕੇ ਪ੍ਰਧਾਨ ਜਥੇਦਾਰ ਜੋਗਾ ਸਿੰਘ, ਜਸਵੀਰ ਸਿੰਘ ਮੀਤ ਪ੍ਰਧਾਨ, ਦਰਸ਼ਨ ਸਿੰਘ ਥਾਣੇਦਾਰ, ਤਰਲੋਕ ਸਿੰਘ, ਅਮਰਜੀਤ ਸਿੰਘ, ਹਰਦੀਪ ਸਿੰਘ, ਭਾਈ ਕਮਲਜੀਤ ਸਿੰਘ ਹੈਡ ਗ੍ਰੰਥੀ ਬੱਡੋ, ਸਰਵਨ ਸਿੰਘ ਆਦਿ ਹਾਜਰ ਸਨ।

ਰਾਇਲ ਵਰਲਡ ਇੰਟਰਨੈਸ਼ਨਲ ਸਕੂਲ ਹੁਣ ਇੰਨੋਸੈਂਟ ਹਾਰਟਸ ਸਕੂਲ ਵਜੋਂ ਜਾਣਿਆ ਜਾਵੇਗਾ

ਜਲੰਧਰ (ਸ਼ੈਲੀ)- ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੀ ਸਰਪ੍ਰਸਤੀ ਹੇਠ ਇੰਨੋਸੈਂਟ ਹਾਰਟਸ ਗਰੁੱਪ ਵੱਲੋਂ ਚਲਾਏ ਜਾ ਰਹੇ ਨੂਰਪੁਰ, ਪਠਾਨਕੋਟ ਰੋਡ ਸਥਿਤ ਰਾਇਲ ਵਰਲਡ ਇੰਟਰਨੈਸ਼ਨਲ ਸਕੂਲ ਨੂੰ ਹੁਣ ਇੰਨੋਸੈਂਟ ਹਾਰਟਸ ਸਕੂਲ ਵੱਜੋਂ ਜਾਣਿਆ ਜਾਵੇਗਾ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਦੱਸਿਆ ਕਿ ਇਹ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਵੱਲੋਂ ਪ੍ਰਮਾਣਿਤ ਹੋਣ ਤੋਂ ਬਾਅਦ ਐਲਾਨਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੋਣਹਾਰ ਅਧਿਆਪਕਾਂ ਦੀ ਅਗਵਾਈ ਵਿੱਚ ਚਲਾਏ ਜਾ ਰਹੇ ਇਸ ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਲਈ ਕਈ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸ ਸਕੂਲ ਵਿੱਚ ਪ੍ਰੀ-ਪ੍ਰਾਇਮਰੀ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਵਿਦਿਆਰਥੀ ਹਨ, ਜਿਸ ਵਿੱਚ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਾਮਰਸ, ਅਤੇ ਹਿਊਮੈਨਟੀਜ਼ ਸਟ੍ਰੀਮ ਸ਼ਾਮਲ ਹਨ। ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ: ਅਨੂਪ ਬੌਰੀ ਨੇ ਸਟਾਫ਼ ਮੈਂਬਰਾਂ ਨੂੰ ਇਸ ਪ੍ਰਾਪਤੀ ਤੇ ਵਧਾਈ ਦਿੰਦਿਆਂ ਕਿਹਾ ਕਿ ਇੰਨੋਸੈਂਟ ਹਾਰਟਸ ਗਰੁੱਪ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਰਹਿੰਦਾ ਹੈ।

ਮੇਅਰ ਬਹੁਮਤ ਸਾਬਤ ਕਰਨ, ਨਹੀਂ ਤਾਂ 15 ਨੂੰ ਦਿੱਤਾ ਜਾਵੇਗਾ ਧਰਨਾ : ਬਾਲੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਸੰਘਰਸ਼ ਕਮੇਟੀ ਅਤੇ ਲੋਕ ਬਾਡੀ ਸੈਲ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਸੰਦੀਪ ਤਿਵਾੜੀ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਂਅ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਨਗਰ ਨਿਗਮ ਦੀ ਮੀਟਿੰਗ ਜੋ ਕਈ ਮਹੀਨਿਆਂ ਤੋਂ ਨਹੀ ਹੋ ਰਹੀ ਉਸ ਨੂੰ ਸ਼ੁਰੂ ਕਰਨ ਦੇ ਲਈ, ਹੁਸ਼ਿਆਰਪੁਰ ਵਿਖੇ ਖਾਲੀ ਪਈਆਂ ਤਿੰਨ ਕੌਂਸਲਰਾਂ ਦੀਆਂ ਚੋਣਾਂ ਕਰਵਾਉਣ ਅਤੇ ਮੇਅਰ ਦੀ ਚੋਣ ਕਰਵਾਉਣ ਦੇ ਲਈ ਲੋਕਤੰਤਰਿਕ ਤਰੀਕੇ ਨਾਲ ਮੰਗ ਕੀਤੀ ਗਈ। ਸੰਦੀਪ ਤਿਵਾੜੀ ਨੇ ਕਿਹਾ ਕਿ ਜਦੋਂ ਮੇਅਰ ਮੀਟਿੰਗ ਲਈ ਕਹਿਣਗੇ ਮੀਟਿੰਗ ਕੀਤੀ ਜਾਵੇਗੀ। ਕਰਮਵੀਰ ਬਾਲੀ ਨੇ ਕਿਹਾ ਕਿ ਮੇਅਰ ਨੂੰ ਤਾਨਾਸ਼ਾਹੀ ਢੰਗ ਨਾਲ ਮੇਅਰ ਦੀ ਕੁਰਸੀ ਦਿੱਤੀ ਗਈ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੇ ਵਿਰੋਧ ਵਿੱਚ 15 ਜਨਵਰੀ ਨੂੰ ਧਰਨਾ ਦਿੱਤਾ ਜਾਵੇਗਾ ਜਿਸ ਦੀ ਜ਼ਿੰਮੇਦਾਰੀ ਪ੍ਰਸ਼ਾਸਨ ਦੀ ਹੋਵੇਗੀ। ਧਰਨੇ ਵਿੱਚ ਮੇਅਰ ਨੂੰ ਬਹੁਮਤ ਸਾਬਤ ਕਰਨ ਲਈ ਕਿਹਾ ਜਾਵੇਗਾ। ਜਦ ਤੱਕ ਮੇਅਰ ਬਹੁਮਤ ਨਾਲ ਨਹੀਂ ਚੁਣਿਆ ਜਾਂਦਾ ਉਦੋਂ ਤੱਕ ਮੇਅਰ ਨੂੰ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਬੰਦ ਕੀਤੀਆਂ ਜਾਣ। ਸਿਵਲ ਹਸਪਤਾਲ ਦੇ ਅੱਗੇ ਪਿੰਕ ਬਾਥਰੂਮ ਦੇ ਸ਼ੁਰੂ ਕਰਨ ਬਾਰੇ ਵੀ ਤਿਵਾੜੀ ਸਾਹਿਬ ਨੇ ਕਿਹਾ ਕਿ ਜਲਦੀ ਹੀ ਡਿਪਟੀ ਕਮਿਸ਼ਨਰ ਦੇ ਸੁਲਭ ਸ਼ੌਚਾਲਿਆ ਦੇ ਹੁਕਮ ਦੇਣ ਤੇ ਪਿੰਕ ਬਾਥਰੂਮ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ 'ਤੇ ਨਵਲ ਕਿਸ਼ੋਰ ਕਾਲੀਆ, ਨਰਿੰਦਰ ਸਿੰਘ ਮੌਜੂਦ ਸਨ।

ਡਾ. ਦਿਆਲ ਸਿੰਘ ਮੈਮੋਰੀਅਲ ਸਕੂਲ ਆਫ ਨਰਸਿੰਗ ਨੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਰਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਛੱਡਣ ਸਬੰਧੀ ਸਜਾਏ ਗਏ ਨਗਰ ਕੀਰਤਨ 28ਵੇਂ ਦਸਮੇਸ਼ ਪੈਦਲ ਮਾਰਚ ਵਿੱਚ ਵੱਡੀ ਗਿਣਤੀ ਸੰਗਤਾਂ ਗੁਰੂ ਪ੍ਰਤੀ ਆਪਣੀ ਸ਼ਰਧਾ ਭਾਵਨਾ ਪ੍ਰਗਟ ਕਰਨ ਪਹੁੰਚੀਆਂ। ਦੂਰ ਦੁਰਾਡਿਓਂ ਆਈਆਂ ਸੰਗਤਾਂ ਲਈ ਗੁਰੂ ਨਗਰੀ ਦੇ ਵਾਸੀਆਂ ਵੱਲੋਂ ਕਈ ਤਰਾਂ ਦੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਇਸੇ ਸਬੰਧ ਵਿੱਚ ਡਾ. ਦਿਆਲ ਸਿੰਘ ਮੈਮੋਰੀਅਲ ਸਕੂਲ ਆਫ ਨਰਸਿੰਗ ਵੱਲੋਂ ਵੀ ਚਾਹ ਤੇ ਬਰੈਡ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਕਾਲਜ ਦੇ ਸਮੂਹ ਸਟਾਫ ਤੇ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸੰਗਤਾਂ ਦੀ ਸੇਵਾ ਲਈ ਅਹਿਮ ਯੋਗਦਾਨ ਪਾਇਆ ਗਿਆ। ਕਾਲਜ ਵਿਦਿਆਰਥਣਾਂ ਨੇ ਨਰਸਿੰਗ ਡਰੈੱਸ ਵਿੱਚ ਵਾਹਿਗੁਰੂ ਦਾ ਜਾਪ ਕਰਦਿਆਂ ਪੂਰੀ ਸੇਵਾ ਭਾਵਨਾ ਨਾਲ ਲੰਗਰ ਵਰਤਾਇਆ। ਇਸ ਮੌਕੇ 'ਤੇ ਪ੍ਰਿੰਸੀਪਲ ਨੀਲਮ ਸੇਠੀ, ਵਾਈਸ ਪ੍ਰਿੰਸੀਪਲ ਸਰੋਜ ਸ਼ਰਮਾ, ਸਰਪੰਚ ਸੱਤਿਆ ਦੇਵੀ, ਰਣਜੀਤ ਸਿੰਘ ਕਾਲਾ,ਸੀਨੀਅਰ ਪੱਤਰਕਾਰ ਹਰਿੰਦਰ ਵਾਲੀਆ,ਰਾਜਵੀਰ ਕੌਰ, ਤਰਨ, ਨਵਦੀਪ ਕੌਰ,ਮਨਪ੍ਰੀਤ ਕੌਰ,ਸਗਨ, ਅਨੂੰ, ਗੁਰਜੀਤ ਕੌਰ, ਦਵਿੰਦਰ ਕੌਰ ਸਮੂਹ ਨਰਸਿੰਗ ਸਟਾਫ ਆਦਿ ਹਾਜਰ ਸੀ।

ਸਕੂਲ ਨੂੰ ਬੂਰਾ ਪਰਵਾਰ ਵੱਲੋਂ ਪ੍ਰਿੰਟਰ ਦਾਨ

ਫਿਲੌਰ (ਨਿਰਮਲ)- ਮੁਠੱਡਾ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਬੂਰਾ ਪਰਵਾਰ ਵਲੋਂ ਪ੍ਰਿੰਟਰ ਦਾਨ ਵਜੋਂ ਦਿੱਤਾ ਗਿਆ। ਇਸ ਪ੍ਰਿੰਟਰ ਮਨਜੀਤ ਸਿੰਘ ਬੂਰਾ ਅਤੇ ਬੀਬੀ ਬਲਬੀਰ ਕੌਰ ਦੀ ਯਾਦ 'ਚ ਦਿੱਤਾ ਗਿਆ। ਪ੍ਰਿੰਟਰ ਦੇਣ ਵੇਲੇ ਪਰਵਾਰਕ ਮੈਂਬਰਾਂ ਵਲੋਂ ਜਸਵੰਤ ਸਿੰਘ ਬੂਰਾ, ਸੋਢੀ ਸਿੰਘ ਧੋਥੜ, ਹਰਦੀਪ ਕੌਰ ਧੋਥੜ, ਲਵਦੀਪ ਵਿੱਕੀ ਤੋਂ ਇਲਾਵਾ ਨੰਬਰਦਾਰ ਗੁਰਪਾਲ ਸਿੰਘ ਔਜਲਾ, ਡਾ. ਸਰਬਜੀਤ ਮੁਠੱਡਾ, ਸਕੂਲ ਮੁਖੀ ਜੋਤੀ ਬਾਂਸਲ, ਹਰਪ੍ਰੀਤ ਸਿੰਘ, ਵਿਸਾਲੀ, ਰਜਨੀਸ਼ ਅਗਰਵਾਲ, ਬਲਵੀਰ ਕੌਰ, ਕੰਚਨ, ਸੁਨੀਤਾ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਡਾ. ਮੁਠੱਡਾ ਨੇ ਸਮੂਹ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪਰਵਾਰ ਪਹਿਲਾ ਵੀ ਸਕੂਲ ਦੇ ਵਿਕਾਸ ਲਈ ਯੋਗਦਾਨ ਪਾਉਂਦਾ ਰਿਹਾ ਹੈ ਤਾਂ ਜੋ ਬੱਚਿਆਂ ਦਾ ਭਵਿੱਖ ਉਜਲ ਹੋ ਸਕੇ।

ਧੁੰਦ ਦਾ ਵਧ ਰਿਹਾ ਪ੍ਰਕੋਪ, ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ : ਐੱਸ ਐੱਚ ਓ

ਮੋਰਿੰਡਾ(ਜੈਜੀ ਸਰਦਾਰ) ਥਾਣਾ ਸਿਟੀ ਐੱਸ ਐੱਚ ਓ ਗੁਰਪ੍ਰੀਤ ਸਿੰਘ ਅਤੇ ਥਾਣਾ ਸਦਰ ਐੱਸ ਐੱਚ ਓ ਹਰਸ ਮੋਹਨ ਗੌਤਮ ਵੱਲੋਂ ਸਾਂਝੇ ਤੌਰ ਤੇ ਧੁੰਦ ਦੇ ਵੱਧ ਰਹੇ ਪ੍ਰਕੋਪ ਨੂੰ ਦੇਖਦੇ ਹੋਏ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਗਿਆ ਹੈ ਕਿ ਲੋਕਾਂ ਨੂੰ ਧੁੰਦ ਸਮੇਂ ਹੌਲੀ ਰਫਤਾਰ ਨਾਲ ਚੱਲਣਾ ਚਾਹੀਦਾ ਹੈ ਅਤੇ ਸੁੰਨਸਾਨ ਰਸਤਿਆਂ 'ਤੇ ਚੋਰ-ਬਦਮਾਸ਼ ਤੋਂ ਸਤਰਕ ਰਹਿਣ ਦੀ ਲੋੜ ਹੈ। ਕਿਉਂਕਿ ਜਿੱਥੇ ਧੁੰਦ ਕਾਰਨ ਵਿਜੀਬਲਟੀ ਘੱਟ ਹੋਣ ਕਰਕੇ ਕੋਈ ਵੀ ਹਾਦਸਾ ਵਾਪਰ ਸਕਦਾ ਹੈ ਉੱਥੇ ਹੀ ਕੁਝ ਚੋਰ ਡਕੈਤ ਧੁੰਦ ਦਾ ਫਾਇਦਾ ਉਠਾ ਕੇ ਲੁੱਟ ਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰ ਸਕਦੇ ਹਨ। ਉਹਨਾਂ ਦੱਸਿਆ ਕਿ ਸਾਡੇ ਵੱਲੋਂ ਰੋਜਾਨਾ ਪੁਲਸ ਦੀਆਂ ਕੁਝ ਟੀਮਾਂ ਧੁੰਦ ਸਮੇਂ ਗਸ਼ਤ 'ਤੇ ਭੇਜੀਆਂ ਜਾਂਦੀਆਂ ਹਨ। ਉਨ੍ਹਾਂ ਵੱਲੋਂ ਲੋਕਾਂ ਨੂੰ ਵਾਹਨਾਂ ਉੱਤੇ ਚਮਕਦਾਰ ਰਿਫਲੈਕਟਰ ਲਗਾਉਣ ਲਈ ਵੀ ਖਾਸ ਤੌਰ 'ਤੇ ਅਪੀਲ ਕੀਤੀ।

ਗਰੀਬਾਂ ਵਾਸਤੇ ਕਰਜ਼ੇ ਦੀ ਸਮੀਖਿਆ

ਕਪੂਰਥਲਾ (ਰਵਿੰਦਰ ਸਿੰਘ)-ਬੈਂਕਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅੱਜ ਏ ਡੀ ਸੀ (ਵਿਕਾਸ) ਪਰਮਜੀਤ ਕੌਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਪੱਧਰੀ ਸਮੀਖਿਆ/ਕੰਸਲਟੇਟਿਵ ਕਮੇਟੀ ਦੀ ਮੀਟਿੰਗ ਕੀਤੀ ਗਈ,ਜਿਸ 'ਚ ਸਾਰੇ ਬੈਂਕਾਂ ਦੇ ਜ਼ਿਲ੍ਹਾ ਕੋਆਰਡੀਨੇਟਰਾਂ ਵੱਲੋਂ ਭਾਗ ਲਿਆ ਗਿਆ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਹਾਜ਼ਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਬੈਂਕ ਸੂਖਮ ਪੱਧਰ ਦੇ ਕਰਜ਼ੇ ਦੇ ਕੇ ਕਮਜ਼ੋਰ ਵਰਗੇ ਦੇ ਲੋਕਾਂ, ਗਰੀਬਾਂ ਅਤੇ ਲੋੜਵੰਦ ਪਰਵਾਰਾਂ ਨੂੰ ਬਿਨਾਂ ਕਿਸੇ ਦੇਰੀ ਕਰਜ਼ਾ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ। ਉਨ੍ਹਾ ਕਿਹਾ ਕਿ ਸਾਰੇ ਬੈਂਕ ਸਰਕਾਰੀ ਸਪਾਂਸਰਡ ਸਕੀਮਾਂ ਜਿਵੇਂ ਕਿ ਡੇਅਰੀ ਕਿਸਾਨਾਂ ਲਈ ਕਿਸਾਨ ਕ੍ਰੈਡਿਟ ਕਾਰਡ, ਸੈਲਫ ਹੈਲਪ ਗਰੁੱਪ ਕ੍ਰੈਡਿਟ ਲਿੰਕੇਜ, ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਪ੍ਰੋਗਰਾਮ ਅਤੇ ਪ੍ਰਧਾਨ ਮੰਤਰੀ ਸਵਨਿਧੀ ਸਕੀਮ ਦਾ ਵੱਧ ਤੋਂ ਵੱਧ ਲੋੜਵੰਦਾਂ ਤੱਕ ਲਾਭ ਪੁੱਜਦਾ ਕਰਨਾ ਯਕੀਨੀ ਬਣਾਉਣ। ਇਸ ਮੌਕੇ ਨਾਬਾਰਡ ਵੱਲੋਂ ਵਿੱਤੀ ਸਾਲ 2023-24 ਲਈ ਜ਼ਿਲ੍ਹੇ ਦੀ ਸੰਭਾਵੀ ਕਰਜ਼ਾ ਯੋਜਨਾ (ਪੀ ਐਸ ਪੀ) ਵੀ ਜਾਰੀ ਕੀਤੀ ਗਈ।



ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ-ਸਾਈਂ ਕਰਨੈਲ ਸ਼ਾਹ

ਫਗਵਾੜਾ (ਡਾ. ਰਮਨ) ਧੰਨ ਧੰਨ ਨੂਰ-ਏ-ਖੁਦਾ ਦਰਬਾਰ ਬਾਬਾ ਮੰਗੂ ਸ਼ਾਹ ਪਿੰਡ ਸਾਹਨੀ ਤਹਿਸੀਲ ਫਗਵਾੜਾ ਵਿਖੇ ਅੱਜ ਦਰਬਾਰ ਵਿਖੇ ਨਤਮਸਤਕ ਹੋਣ ਪਹੁੰਚੀਆਂ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਦਰਬਾਰ ਦੇ ਗੱਦੀਨਸ਼ੀਨ ਸਾਈਂ ਕਰਨੈਲ ਸ਼ਾਹ ਨੇ ਕਿਹਾ ਕਿ ਦਸ਼ਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਅਜੋਕੀ ਪੀੜ੍ਹੀ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਸੇਧ ਲੈ ਕੇ ਦੇਸ਼ ਤੇ ਕੌਮ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾ ਹੱਕ ਤੇ ਸੱਚ ਦੀ ਕਮਾਈ ਕਰਨ ਲਈ ਪ੍ਰੇਰਦਿਆਂ ਕਿਹਾ ਕਿ ਇਸ ਨਾਲ ਕੁਦਰਤ ਦੀਆਂ ਨੇਅਮਤਾਂ ਅਤੇ ਕਮਾਈ 'ਚ ਬਰਕਤ ਆਉਂਦੀ ਹੈ। ਉਨ੍ਹਾ ਹਾਜ਼ਰੀਨ ਸੰਗਤ ਨੂੰ ਹਰ ਜ਼ਰੂਰਤਮੰਦ ਦੀ ਸਹਾਇਤਾ ਕਰਨ ਦੀ ਗੱਲ ਵੀ ਕਹੀ। ਸੰਗਤਾਂ 'ਚ ਵੀਰਵਾਰ ਦਾ ਪ੍ਰਸ਼ਾਦ ਵੀ ਵੰਡਿਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

ਕਾਮਰਸ ਵਿਸ਼ੇ ਦੇ ਲੈਕਚਰਾਰਾਂ ਦਾ 2 ਰੋਜ਼ਾ ਸੈਮੀਨਾਰ ਸਫਲਤਾ ਪੂਰਵਕ ਸਮਾਪਤ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਸਿੱਖਿਆ ਅਫਸਰ (ਸ) ਹਰਭਗਵੰਤ ਸਿੰਘ ਦੇ ਨਿਰਦੇਸ਼ਾਂ ਅਤੇ ਪ੍ਰਿੰਸੀਪਲ ਸੁਰਜੀਤ ਸਿੰਘ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗਪੁਰ-ਸਤੌਰ ਵਿਖੇ ਕਾਮਰਸ ਵਿਸ਼ੇ ਦੇ ਲੈਕਚਰਾਰਾਂ ਦਾ 2 ਰੋਜਾ ਸੈਮੀਨਾਰ ਸਫਲਤਾ ਪੂਰਵਕ ਸਮਾਪਤ ਹੋ ਗਿਆ। ਇਸ ਮੌਕੇ ਡੀ ਆਰ ਪੀ ਪ੍ਰਿਤਪਾਲ ਸਿੰਘ ਨੇ ਕਿਹਾ ਕਿ 100 ਫੀਸਦੀ ਨਤੀਜੇ ਪ੍ਰਾਪਤ ਕਰਨ ਲਈ ਵਿਦਿਆਰਥੀਆ ਨੂੰ ਵੱਧ ਤੋ ਵੱਧ ਪ੍ਰੇਰਿਤ ਕੀਤਾ ਜਾਵੇ। ਇਸ ਮੌਕੇ ਮਨੋਜ ਕੁਮਾਰ ਬੰਗਾ ਨੇ ਬਿਜਨਸ ਬਲਾਸਟਰ ਪ੍ਰੋਗਰਾਮ ਬਾਰੇ ਚਾਨਣਾ ਪਾਇਆ। ਰਿੰਕੂ ਕੁਮਾਰ ਨੇ ਕਾਮਰਸ ਵਿਸ਼ੇ ਪ੍ਰਤੀ ਰੁਚੀ ਪੈਦਾ ਕਰਨ ਲਈ ਨੁਕਤੇ ਸਾਂਝੇ ਕੀਤੇ। ਸੰਜੀਵ ਅਰੋੜਾ ਨੇ ਬਿਜਨਸ ਸਟੱਡੀਜ਼ ਨੂੰ ਪੜ੍ਹਾਉਣ ਦੀਆਂ ਰੌਚਿਕ ਤਕਨੀਕਾਂ ਬਾਰੇ ਚਾਨਣਾ ਪਾਇਆ। ਸੰਦੀਪ ਕੌਰ ਦਸੂਹਾ ਨੇ ਗ੍ਰਾਹਕਾਂ ਨੂੰ ਜਾਗਰੂਕ ਕਰਨ ਦੇ ਸੁਝਾਅ ਦਿੱਤੇ। ਇਸ ਮੌਕੇ ਮਲਕੀਤ ਸਿੰਘ ਜੋਹਲ, ਦਲਜੀਤ ਕੌਰ ਅਤੇ ਪ੍ਰਵੀਨ ਕੁਮਾਰ, ਰਮਿੰਦਰ ਸਿੰਘ, ਰਾਜ ਕੁਮਾਰ, ਬਲਦੇਵ ਸਿੰਘ, ਰੇਖਾ ਕਾਲਰਾ ਆਦਿ ਸਮੇਤ ਜ਼ਿਲ੍ਹੇ ਭਰ ਦੇ ਕਾਮਰਸ ਵਿਸ਼ੇ ਦੇ ਲੈਕਚਰਾਰ ਨੇ ਸ਼ਮੂਲੀਅਤ ਕੀਤੀ।

ਗੂੰਜ ਸੰਸਥਾ ਦੇ ਕੁਲੈਕਸ਼ਨ ਸੈਂਟਰ ਲਈ ਰਵਾਨਾ ਕੀਤਾ ਪੁਰਾਣੇ ਕਪੜਿਆਂ ਦਾ ਦੂਸਰਾ ਟੈਂਪੂ

ਫਗਵਾੜਾ (ਡਾ. ਰਮਨ) ਕੇ.ਕੇ. ਸਰਦਾਨਾ ਦੀ ਰਹਿਨੁਮਾਈ ਹੇਠ ਚੱਲ ਰਹੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਤੋਂ ਇਕ ਕੋਸ਼ਿਸ਼ ਐਨ.ਜੀ.ਓ. ਸਮੇਤ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਸਤੇਮਾਲ ਕੀਤੇ ਹੋਏ ਪੁਰਾਣੇ ਪਾਉਣ ਯੋਗ ਵਸਤਰਾਂ ਦਾ ਇਸ ਸੀਜਨ ਦਾ ਦੂਸਰਾ ਟੈਂਪੂ ਗੂੰਜ ਸੰਸਥਾ ਦੇ ਜਲੰਧਰ ਦਫਤਰ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸਰਦੀ ਦੇ ਸੀਜਨ ਦਾ ਪਹਿਲਾ ਟੈਂਪੂ ਅਕਤੂਬਰ ਮਹੀਨੇ ਵਿਚ ਭੇਜਿਆ ਗਿਆ ਸੀ। ਉਹਨਾਂ ਦੱਸਿਆ ਕਿ ਬਲੱਡ ਬੈਂਕ ਫਗਵਾੜਾ ਪਿਛਲੇ ਕਰੀਬ 16 ਸਾਲ ਤੋਂ ਗੂੰਜ ਸੰਸਥਾ ਨਾਲ ਜੁੜਿਆ ਹੋਇਆ ਹੈ। ਇਹ ਸੰਸਥਾ ਇਕੱਤਰ ਕੀਤੇ ਵਸਤਰਾਂ ਨੂੰ ਦਿੱਲੀ ਦਫਤਰ ਭੇਜਦੀ ਹੈ ਜਿੱਥੇ ਜਰੂਰੀ ਮੁਰੰਮਤ ਤੋਂ ਬਾਅਦ ਧੋਣ ਉਪਰੰਤ ਪ੍ਰੈਸ ਕਰਕੇ ਇਹਨਾਂ ਕਪੜਿਆਂ ਨੂੰ ਨਵੇਕਲਾ ਰੂਪ ਦਿੱਤਾ ਜਾਂਦਾ ਹੈ ਅਤੇ ਫਿਰ ਦੇਸ਼ ਦੇ ਦੂਰ ਦੁਰਾਡੇ ਪਹਾੜੀ ਇਲਾਕਿਆਂ 'ਚ ਲੋੜਵੰਦਾਂ ਨੂੰ ਵੰਡਿਆ ਜਾਂਦਾ ਹੈ।

ਸਾਂਝ ਕੇਂਦਰ ਨੇ ਬੱਚਿਆਂ ਨੂੰ ਗਰਮ ਕੱਪੜੇ ਤੇ ਟੋਪੀਆਂ ਦਿੱਤੀਆਂ

ਫਿਲੌਰ (ਨਿਰਮਲ) ਸਾਂਝ ਕੇਂਦਰ ਫਿਲੌਰ ਵੱਲੋਂ ਸਰਦੀਆਂ ਦੇ ਮੌਸਮ ਨੂੰ ਦੇਖਦੇ ਹੋਏ ਸਰਕਾਰੀ ਪ੍ਰਾਇਮਰੀ ਸਕੂਲ ਬੱਛੋਵਾਲ ਦੇ ਬੱਚਿਆਂ ਨੂੰ ਗਰਮ ਕੱਪੜੇ ਅਤੇ ਟੋਪੀਆਂ ਵੰਡੀਆਂ ਗਈਆਂ ਅਤੇ ਉਨ੍ਹਾਂ ਨੂੰ ਹੈਲਪ ਲਾਈਨ ਨੰਬਰ 112, 181, 1091 ਅਤੇ 1930 ਬਾਰੇ ਵਿਸਥਾਰ ਨਾਲ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ, ਸਕੂਲ ਮੈਨੇਜਮੈਂਟ ਕਮੇਟੀ, ਗ੍ਰਾਮ ਪੰਚਾਇਤ ਤੇ ਮਾਪਿਆਂ ਨੇ ਤਹਿ ਦਿਲੋਂ ਧੰਨਵਾਦ ਕੀਤਾ।

ਉਰਦੂ ਆਮੋਜ਼ ਦੀਆਂ ਮੁਫ਼ਤ ਕਲਾਸਾਂ 2 ਤੋਂ

ਹੁਸ਼ਿਆਰਪੁਰ,: (ਓ ਪੀ ਰਾਣਾ)-ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਹੁਸ਼ਿਆਰਪੁਰ ਵਿਖੇ 2 ਜਨਵਰੀ 2023 ਤੋਂ ਉਰਦੂ ਆਮੋਜ਼ ਦੀਆਂ ਮੁਫ਼ਤ ਕਲਾਸਾਂ ਸ਼ੁਰੂ ਹੋਣ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੋਜ ਅਫਸਰ, ਡਾ. ਜਸਵੰਤ ਰਾਏ ਨੇ ਦੱਸਿਆ ਕਿ ਉਰਦੂ ਬਹੁਤ ਪਿਆਰੀ ਜ਼ੁਬਾਨ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਵਿਸਥਾਰ ਨਾਲ, ਗਿਆਨ ਹਾਸਲ ਕਰਨ ਲਈ ਉਰਦੂ ਭਾਸ਼ਾ ਸਿੱਖਣੀ ਬਹੁਤ ਜ਼ਰੂਰੀ ਹੈ ਪੱਛਮੀ ਪੰਜਾਬ ਵਿੱਚ ਸਾਰਾ ਪੰਜਾਬੀ ਸਾਹਿਤ ਇਸੇ ਜ਼ੁਬਾਨ ਵਿੱਚ ਰਚਿਆ ਜਾ ਰਿਹਾ ਹੈ। ਸਗੋਂ ਉੱਥੇ ਵਿਦਿਆਰਥੀਆਂ ਨੂੰ ਗੁਰਮੁਖੀ ਦਾ ਗਿਆਨ ਵੀ ਦਿੱਤਾ ਜਾ ਰਿਹਾ ਹੈ। ਸਾਹਿਤ ਦੇ ਅਦਾਨ-ਪ੍ਰਦਾਨ ਲਈ ਇਨ੍ਹਾਂ ਦੋਹਾਂ ਲਿਪੀਆਂ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਦਫ਼ਤਰ, ਹੁਸ਼ਿਆਰਪੁਰ ਵਿਖੇ ਉਰਦੂ ਜ਼ੁਬਾਨ ਦੀ ਸਿਖਲਾਈ ਲਈ ਬਹੁਤ ਹੀ ਕਾਬਲ ਪੀ.ਐੱਚ.ਡੀ. ਉਰਦੂ ਅਧਿਆਪਕ ਹਨ। ਇਸ ਲਈ ਪੰਜਾਬੀ ਭਾਸ਼ਾ ਦੇ ਸੰਪੂਰਨ ਵਿਕਾਸ ਲਈ ਛੇਤੀ ਤੋਂ ਛੇਤੀ ਉਰਦੂ ਕਲਾਸਾਂ ਨਾਲ ਸਾਂਝ ਪਾਉਣ ਲਈ ਮੋਬਾਇਲ ਨੰਬਰ 9041514903 ਅਤੇ 99147-48974 (ਕਲਰਕ) 'ਤੇ ਸੰਪਰਕ ਕਰਕੇ ਰਜਿਸਟ੍ਰੇਸ਼ਨ ਕਰਵਾਈ ਜਾਵੇ।

ਟਾਂਡਾ ਵਿਖੇ ਡਿਪਟੀ ਕਮਿਸ਼ਨਰ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ

ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)—

ਜ਼ਿਲ੍ਹਾ ਪ੍ਰਸ਼ਾਸ਼ਨ ਐਸ.ਏ.ਐਸ. ਨਗਰ ਵੱਲੋਂ ਲੋਕਾਂ ਨੂੰ ਪਾਰਦਰਸ਼ੀ ਤੇ ਸਾਫ਼-ਸੁਥਰਾ ਪ੍ਰਸ਼ਾਸ਼ਨ ਦੇਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਆਮ ਜਨਤਾ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹਰ ਸੰਭਵ ਨਿਪਟਾਰੇ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵਚਨਬੱਧ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਤਲਵਾੜ ਨੇ ਜ਼ਿਲ੍ਹੇ ਦੇ ਪਿੰਡ ਟਾਂਡਾ ਵਿਖੇ ਸ਼ਿਕਾਇਤ ਨਿਵਾਰਨ ਕੈਂਪ ਦੌਰਾਨ ਪਿੰਡ ਟਾਂਡਾ, ਮਸੌਲ, ਕਾਨੇ ਕਾ ਬਾੜਾ ਅਤੇ ਨਾਡਾ ਪਿੰਡ ਦੀਆਂ ਸਮੱਸਿਆਵਾਂ ਸੁਣਦਿਆਂ ਕੀਤਾ। ਸ਼ਿਕਾਇਤ ਨਿਵਾਰਨ ਕੈਂਪ ਦੌਰਾਨ ਡਿਪਟੀ ਕਮਿਸ਼ਨਰ ਤਲਵਾੜ ਨੇ ਕੈਂਪ ਵਿੱਚ ਪੁੱਜੇ ਵਿਅਕਤੀਆਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਸੁਣੀਆਂ, ਇਸ ਮੌਕੇ ਵੱਖ ਵੱਖ ਵਿਭਾਗ ਜਿਵੇਂ ਕਿ ਮਾਲ, ਪੀ.ਡਬਲਿਊ.ਡੀ, ਸਿਹਤ, ਲੇਬਰ,ਪੰਚਾਇਤੀ, ਸਮਾਜਿਕ ਸੁਰੱਖਿਆ, ਖੁਰਾਕ ਸਪਲਾਈ, ਸੇਵਾ ਕੇਂਦਰ ਅਤੇ ਟਰਾਂਸਪੋਰਟ ਵਿਭਾਗਾਂ ਦੇ ਅਧਿਕਾਰੀਆਂ ਹਾਜ਼ਰ ਸਨ। ਇਸ ਮੌਕੇ ਲੋਕਾਂ ਦੇ ਕਈ ਸਮੱਸਿਆਵਾਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਮੌਕੇ 'ਤੇ ਹੀ ਹੱਲ ਕਰਵਾਇਆ ਗਿਆ ਅਤੇ ਡਿਪਟੀ ਕਮਿਸ਼ਨਰ ਨੇ ਕੈਂਪ ਦੌਰਾਨ ਹੀ ਵੱਖ ਵੱਖ ਵਿਭਾਗਾਂ ਦੇ ਪੁੱਜੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਨੂੰ ਤਰਜੀਹ ਦੇਣ ਤਾਂ ਜੋ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ ਇਸ ਸਬੰਧੀ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪ੍ਰਾਪਤ ਹੋਈਆਂ ਸਮੱਸਿਆਵਾਂ ਦਾ ਜਲਦ ਤੋਂ ਜਲਦ ਨਿਬੇੜਾ ਕੀਤਾ ਜਾਵੇਗਾ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਹਰ ਸ਼ਿਕਾਇਤ ਅਤੇ ਉਸ ਦੇ ਨਿਬੇੜੇ ਦੀ ਰਿਪੋਰਟ ਦਿੱਤੀ ਜਾਵੇ। ਇਸ ਮੌਕੇ ਐਸ.ਡੀ.ਐਮ. ਖਰੜ ਰਵਿੰਦਰ ਸਿੰਘ , ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

ਐੱਮ ਐੱਸ ਕੇ ਬੋਰਡਿੰਗ ਸਕੂਲ ਨੇ ਜ਼ਿਲ੍ਹੇ 'ਚੋਂ ਹਾਸਲ ਕੀਤਾ ਦੂਜਾ ਸਥਾਨ

ਟਾਂਡਾ ਉੜਮੁੜ (ਓਕਾਰ ਸਿੰਘ, ਜਸਵਿੰਦਰ ਸੰਧੂ) -ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ. ਐਸ. ਕੇ. ਬੋਰਡਿੰਗ ਸੀ ਬੀ ਐਸ ਈ ਸੈਕੰਡਰੀ ਸਕੂਲ ਕੋਟਲੀ ਜੰਡ ਨੇ ਪ੍ਰਿੰਸੀਪਲ ਪਰਵਿੰਦਰ ਕੌਰ ਅਤੇ ਡੀ.ਪੀ.ਪਰਦੀਪ ਸਿੰਘ ਦੀ ਅਗਵਾਈ ਹੇਠ ਹਾਲ ਹੀ ਵਿਚ ਆਯੋਜਤ ਸ਼ਿਵਾਲਿਕ ਹਿੱਲਸ ਸਹੋਦਿਆ ਦੀਆਂ ਖੇਡਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਵਿਚੋਂ ਦੂਜਾ ਸਥਾਨ ਹਾਸਲ ਕੀਤਾ ਹੈ । ਐਥਲੈਟਿਕ ਮੀਟ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿਚ ਭਾਗ ਲਿਆ ਅਤੇ ਬਹੁਤ ਵਧੀਆ ਪ੍ਰਦਰਸ਼ਨ ਕਰਦੇ ਹੋਏ ਜਿੱਥੇ ਵੱਖ-ਵੱਖ ਖੇਡਾਂ ਵਿੱਚ ਤਗਮੇ ਪ੍ਰਾਪਤ ਕੀਤੇ ਓਥੇ ਓਵਰ ਆਲ ਦੂਜਾ ਸਥਾਨ ਹਾਸਲ ਕੀਤਾ। ਅੰਡਰ-19 ਕੈਟਾਗਰੀ ਜੈਵਲਿਨ ਵਿੱਚ ਸੁਖਮਨ ਨੇ ਚਾਂਦੀ ਦਾ ਤਗਮਾ, ਸਾਟਪੁੱਟ ਵਿੱਚ ਪ੍ਰਿਤਪਾਲ ਸਿੰਘ ਨੇ ਕਾਂਸੇ ਦਾ ਤਗਮਾ ਅਤੇ ਹਰਮੀਤ ਸਿੰਘ ਨੇ 800 ਮੀਟਰ ਦੌੜ ਵਿਚ ਤਗਮਾ ਪ੍ਰਾਪਤ ਕੀਤਾ। ਇਸੇ ਤਰਾਂ ਹੀ ਅੰਦਰ -17 ਕੈਟਾਗਰੀ ਵਿਚ ਰਿਲੇ ਦੌੜ ਲੜਕੀਆਂ ਅਤੇ ਲੜਕਿਆ ਨੇ ਸੋਨੇ ਦਾ ਤਗਮਾ, ਸਿਮਰਜੀਤ ਸਿੰਘ ਨੇ 100 ਮੀਟਰ ਦੌੜ ਵਿਚ ਕਾਂਸੀ ਦਾ ਤਗਮਾ,ਮਨਪ੍ਰੀਤ ਕੌਰ ਨੇ 800 ਮੀਟਰ ਦੌੜ ਵਿਚ ਕਾਂਸੇ ਦਾ ਤਗਮਾ ,ਰੀਆ ਸੈਣੀ ਨੇ 400 ਮੀਟਰ ਦੌੜ ਵਿਚ ਚਾਂਦੀ ਦਾ ਤਗਮਾ, ਮਨਜੋਤ ਨੇ 200 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ, ਵੀਰਪਾਲ ਨੇ 100 ਮੀਟਰ ਦੌੜ ਵਿਚ ਚਾਂਦੀ ਦਾ ਤਗਮਾ ,ਮਨਜੋਤ ਨੇ ਜੈਵਲਿਨ ਵਿਚ ਚਾਂਦੀ ਤਗਮਾ ,ਸਿਮਰਦੀਪ ਸਿੰਘ ਨੇ ਲੌਂਗ ਜੰਪ ਵਿੱਚ ਚਾਂਦੀ ਦਾ ਤਗਮਾ, ਸਾਹਿਲ ਪ੍ਰੀਤ ਸਿੰਘ ਨੇ ਡਿਸਕਸ ਵਿਚ ਚਾਂਦੀ ਤਗਮਾ, ਅੰਮ੍ਰਿਤਪਾਲ ਸਿੰਘ ਨੇ ਡਿਸਕਸ ਵਿਚ ਕਾਂਸੀ ਦਾ ਤਗਮਾ ,ਅੰਮ੍ਰਿਤ ਸਿੰਘ ਨੇ ਸਾੱਟਪੁੱਟ ਵਿੱਚ ਚਾਂਦੀ ਦਾ ਤਗਮਾ ,ਮਹਿਕਪ੍ਰੀਤ ਕੌਰ ਨੇ 100 ਮੀਟਰ ਦੌੜ ਵਿਚ ਸੋਨੇ ਦਾ ਤਗਮਾ, ਰੀਤੀਸ ਨੇ 800 ਮੀਟਰ ਦੌੜ ਵਿਚ ਕਾਂਸੀ ਦਾ ਤਗਮਾ ਅਤੇ ਮਨਪ੍ਰੀਤ ਨੇ 800ਮੀਟਰ ਦੌੜ ਵਿਚ ਕਾਂਸੇ ਦਾ ਤਗਮਾ ਪ੍ਰਾਪਤ ਕੀਤਾ । ਇਸ ਦੇ ਨਾਲ ਹੀ ਅੰਡਰ 14 ਕੈਟਾਗਰੀ ਰਿਲੇ ਦੌੜ ਵਿੱਚ ਲੜਕਿਆਂ ਨੇ ਸੋਨੇ ਦਾ ਤਗਮਾ ਅਤੇ ਲੜਕੀਆਂ ਨੇ ਕਾਂਸੀ ਦਾ ਤਗਮਾ, ਮੁਸਕਾਨ ਵਰਮਾ ਨੇ 200 ਮੀਟਰ ਦੌੜ ਵਿਚ ਕਾਂਸੀ ਤਗਮਾ ,ਬਵਨੀਤ ਸੈਣੀ ਨੇ 100 ਮੀਟਰ ਦੌੜ ਵਿਚ ਕਾਂਸੀ ਦਾ ਤਗਮਾ, ਏਕਨੂਰ ਨੇ 400 ਮੀਟਰ ਦੌੜ ਵਿਚ ਚਾਂਦੀ ਦਾ ਤਗਮਾ ਅਤੇ ਅੰਮ੍ਰਿਤਵੀਰ ਨੇ 200 ਮੀਟਰ ਦੌੜ ਵਿਚ ਸੋਨੇ ਦਾ ਤਗਮਾ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਬੱਚਿਆਂ ਨੂੰ ਵਧੀਆ ਪ੍ਰਦਰਸ਼ਨ ਕਰਨ ਲਈ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਆ। ਨਾਲ ਹੀ ਉਹਨਾਂ ਨੇ ਬੱਚਿਆਂ ਨੂੰ ਸਨਮਾਨਤ ਵੀ ਕੀਤਾ । ਇਸ ਮੌਕੇ ਸਕੂਲ ਸਟਾਫ ਵਿਚ ਮਨਦੀਪ ਕੌਰ, ਨਰਿੰਦਰ ਕੌਰ, ਰਜਨੀ ਬਾਲਾ, ਪਰਦੀਪ ਸਿੰਘ, ਮਨਮੋਹਨ ਸਿੰਘ, ਆਗਿਆ ਕੌਰ, ਗੁਰਸਰਨ ਕੌਰ, ਸਿਮਰਨਜੀਤ ਕੌਰ, ਰਜਿੰਦਰ ਕੌਰ ਅਤੇ ਪ੍ਰਭਜੋਤ ਕੌਰ ਸ਼ਾਮਲ ਸਨ।

ਪ੍ਰਧਾਨ ਮੰਤਰੀ ਰੋਜ਼ਗਾਰ ਜਾਗਰੂਕਤਾ ਕੈਂਪ 'ਚ ਇਲਾਕੇ ਭਰ ਦੇ ਸੈਂਕੜੇ ਲੋਕਾਂ ਨੇ ਕੀਤੀ ਸ਼ਿਰਕਤ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਇਥੇ ਸਮਾਜ ਸੇਵੀ ਦੇਸ ਰਾਜ ਸੈਣੀ ਦੇ ਉਪਰਾਲੇ ਦੇ ਨਾਲ ਪ੍ਰਧਾਨ ਮੰਤਰੀ ਰੋਜ਼ਗਾਰ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਇਲਾਕੇ ਭਰ ਦੇ ਸੈਂਕੜੇ ਨੌਜਵਾਨਾਂ ਬੀਬੀਆਂ ਤੇ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ। ਖਾਦੀ ਗਰਾਮ ਆਯੋਗ ਚੰਡੀਗੜ੍ਹ ਵੱਲੋਂ ਕੋਆਡੀਨੇਟਰ ਆਰ ਕੇ ਸ਼ਰਮਾ ਮੁੱਖ ਰੂਪ ਵਿੱਚ ਪਹੁੰਚੇ। ਕੈਂਪ ਵਿਚ ਆਏ ਇਲਾਕਾ ਵਾਸੀਆਂ ਦਾ ਪ੍ਰਧਾਨ ਦੇਸਰਾਜ ਸੈਣੀ ਤੇ ਮਾਂ ਜਗਨਨਾਥ ਭੰਡਾਰੀ ਵਲੋਂ ਸਵਾਗਤ ਕੀਤਾ ਗਿਆ। ਆਰ ਕੇ ਸ਼ਰਮਾ ਨੇ ਦੱਸਿਆ ਕਿ ਨੌਜਵਾਨ ਤੇ ਕਾਰੋਬਾਰੀ ਇਸ ਯੋਜਨਾ ਤਹਿਤ ਆਪਣਾ ਟੀਚਾ ਨਿਰਧਾਰਤ ਕਰਕੇ ਆਤਮ ਨਿਰਭਰ ਬਣ ਸਕਦੇ ਹਨ। ਇਸ ਯੋਜਨਾ ਦਾ ਲਾਭ ਲੈਣ ਦੇ ਚਾਹਵਾਨ ਲਾਭਪਾਤਰੀ ਕੇ ਆਈ ਸੀ ਲਿੰਕ ਖੋਲ ਕੇ ਆਨਲਾਈਨ ਫਾਰਮ ਅਪਲਾਈ ਕਰ ਸਕਦੇ ਹਨ। ਇਸ ਯੋਜਨਾ ਤਹਿਤ ਕੰਮ ਕਰਨ ਵਾਲੇ ਨੌਜਵਾਨਾਂ ਨੂੰ 10 ਲੱਖ ਤੋਂ ਲੈ ਕੇ ਇੱਕ ਕਰੋੜ ਤੱਕ ਦਾ ਲੋਨ ਸਮੇਤ ਸਬਸਿਡੀ ਪ੍ਰਾਪਤ ਹੋ ਸਕਦਾ ਹੈ। ਉਹਨਾਂ ਨੇ ਦੱਸਿਆ ਕਿ ਵੱਖ-ਵੱਖ ਕੈਟਾਗਰੀਆਂ ਦੇ ਅਧੀਨ ਪੇਂਡੂ ਇਲਾਕੇ ਵਿਚ 35 ਪ੍ਰਤੀਸ਼ਤ ਤੱਕ ਲਾਭਪਾਤਰੀ ਪ੍ਰਾਪਤ ਕਰ ਸਕਦੇ ਹਨ। ਇੱਥੇ ਵਿਸ਼ੇਸ਼ ਰੂਪ ਵਿੱਚ ਪਹੁੰਚੇ ਸਮਾਜ ਸੇਵੀ ਗੌਰਵ ਰਾਣਾ ਨੇ ਜਿੱਥੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਉਥੇ ਹੀ ਪ੍ਰਧਾਨ ਦੇਸ ਰਾਜ ਸੈਣੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆ ਕਿਹਾ ਕਿ ਇਹ ਕੈਂਪ ਨੌਜੁਆਨਾਂ ਦਾ ਭਵਿੱਖ ਬਣਾਉਣ ਦੇ ਲਈ ਸਾਰਥਕ ਕਦਮ ਸਿੱਧ ਹੋ ਸਕਦਾ ਹੈ। ਇਸ ਮੌਕੇ ਉਥੇ ਦੇਸ ਰਾਜ ਸੈਣੀ,ਸਾਬਕਾ ਡਾਇਰੈਕਟਰ ਖੇਤੀਬਾੜੀ ਡਾਕਟਰ ਕੁਲਭੂਸ਼ਨ ਚੰਦਰ ਸ਼ਾਰਧਾ, ਮਾ. ਜਗਨਨਾਥ ਭੰਡਾਰੀ, ਸਮਾਜ ਸੇਵੀ ਗੌਰਵ ਰਾਣਾ,ਪਵਨ ਚੌਧਰੀ ਐਮ ਡੀ,ਬਾਬੂ ਕਸ਼ਮੀਰੀ ਲਾਲ. ਬਲਰਾਜ ਸਿੰਘ ਕਾਨੂੰਗੋ, ਸੁਖਵਿੰਦਰ ਸਿੰਘ ਸਰਪੰਚ ਆਜਮਪੁਰ,ਅਸ਼ਵਨੀ ਕੁਮਾਰ ਇੰਸਟਕਟਰ,ਅਸ਼ੋਕ ਝਿੰਜੜੀ,ਸਾਬਕਾ ਸਰਪੰਚ ਪ੍ਰਕਾਸ਼ ਚੰਦ,ਸਾਬਕਾ ਸਰਪੰਚ ਚੌਧਰੀ ਯੋਗਰਾਜ ਚਬਰੇਵਾਲ,ਸੰਜੈ ਸ਼ਰਮਾ,ਕੋ-ਆਪ੍ਰੇਟਿਵ ਬੈਂਕ ਕੀਰਤਪੁਰ ਸਾਹਿਬ ਤੇ ਨੂਰਪੁਰ ਸਾਹਿਬ ਦੇ ਬੈਂਕ ਮੈਨੇਜਰ ਹਰਦਿਆਲ ਸਿੰਘ ਸਰਪੰਚ ਬੜਵਾ, ਦਵਿੰਦਰ ਕੁਮਾਰ, ਦਰਸਨ ਮਾਸਟਰ ਸੈਨੀਮਾਜਰਾ,ਬਿੱਟੂ ਗੋਪਾਲ ਪੁਰ ਸਮੇਤ ਸੈਂਕੜੇ ਇਲਾਕਾ ਵਾਸੀ ਮੌਜੂਦ ਸਨ।

ਨੈਣੋਵਾਲ ਸਕੂਲ 'ਚ ਕਰਵਾਏ ਬੈਡਮਿੰਟਨ ਤੇ ਬਾਸਕਿਟਬਾਲ ਮੁਕਾਬਲੇ

ਅੱਡਾ ਸਰਾਂ , (ਕਾਜਲ) -ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਚ ਚਾਰ ਸਾਹਿਬਜ਼ਾਦਿਆਂ ਦੀ ਯਾਦ ਵਿਚ ਇਕ ਰੋਜ਼ਾ ਇੰਟਰ ਸਕੂਲ ਬੈਡਮਿੰਟਨ ਅਤੇ ਬਾਸਕਿਟਬਾਲ ਮੁਕਾਬਲੇ ਕਰਵਾਏ ਗਏ। ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਰਮਨਦੀਪ ਸਿੰਘ ਦੀ ਅਗਵਾਈ ਵਿਚ ਹੋਏ ਇਨ੍ਹਾਂ ਮੁਕਾਬਲਿਆਂ ਵਿਚ ਬਾਸਕਿਟਬਾਲ ਵਿਚ ਭਲਿਆਲਾ, ਬੈਂਸ ਅਵਾਨ ਅਤੇ ਮੇਜਬਾਨ ਨੈਣੋਵਾਲ ਸਕੂਲ ਦੇ ਖਿਡਾਰੀਆਂ ਨੇ ਭਾਗ ਲਿਆ। ਇਸ ਦੌਰਾਨ ਬਾਸਕਿਟਬਾਲ ਵਿਚ ਭਲਿਆਲਾ ਅਤੇ ਬੈਡਮਿੰਟਨ ਵਿਚ ਨੈਣੋਵਾਲ ਸਕੂਲ ਦੀ ਟੀਮ ਜੇਤੂ ਰਹੀ। ਇਸ ਮੌਕੇ ਜੇਤੂ ਖਿਡਾਰੀਆਂ ਨੂੰ ਇਨਾਮ ਭੇਟ ਕਰਦੇ ਚੇਅਰਮੈਨ ਮਾਰਸ਼ਲ ਨੇ ਸਾਹਿਬਜ਼ਾਦਿਆਂ ਨੂੰ ਯਾਦ ਕਰਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਹਾਦਤ ਅਤੇ ਜੀਵਨ ਤੋਂ ਸੇਧ ਲੈਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ, ਪ੍ਰਿੰਸੀਪਲ ਪਰਵਿੰਦਰ ਸਿੰਘ,ਕੁਲਵੰਤ ਸਿੰਘ ਸੋਨੂ,ਗੁਰਮੇਲ ਸਿੰਘ,ਰਾਜੇਸ਼ ਅਰੋੜਾ,ਕੁਲਵਿੰਦਰ ਕੌਰ ਮਾਰਸ਼ਲ,ਬਲਵਿੰਦਰ ਕੌਰ ਮਾਰਸ਼ਲ,ਨਿਤਿਸ਼ ਡਡਵਾਲ ਅਤੇ ਅਧਿਆਪਕ ਮੌਜੂਦ ਸਨ।

ਕੁਸ਼ਤੀ ਅਖਾੜਾ ਮੁੱਲਾਂਪੁਰ ਗਰੀਬਦਾਸ ਵੱਲੋਂ ਡੀ ਐੱਸ ਪੀ ਧਰਮਵੀਰ ਸਿੰਘ ਦਾ ਗੁਰੇਜ਼ ਨਾਲ ਸਨਮਾਨ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- ਮਹਾਂਵੀਰ ਵਿਸ਼ਕਰਮਾ ਰੈਸਲਿੰਗ ਕਲੱਬ ਪਿੰਡ ਮੁੱਲਾਂਪੁਰ ਗਰੀਬਦਾਸ ਵੱਲੋਂ ਮੁੱਲਾਂਪੁਰ ਗਰੀਬਦਾਸ,ਮਾਜਰੀ ਤੇ ਕੁਰਾਲੀ ਸਰਕਲ ਵਿੱਚ ਪੰਜਾਬ ਪੁਲਸ ਵਿਚ ਸੇਵਾਵਾਂ ਨਿਭਾਅ ਰਹੇ ਡੀ ਐਸ ਪੀ ਧਰਮਵੀਰ ਸਿੰਘ ਦਾ ਪਹਿਲਵਾਨੀ ਗੁਰਜ ਨਾਲ ਵਿਸ਼ੇਸ਼ ਤੌਰ ਉਤੇ ਸਨਮਾਨ ਕੀਤਾ ਗਿਆ। ਪੰਜਾਬ ਰੈਸਲਿੰਗ ਅਸੋਸੀਏਸ਼ਨ ਦੇ ਪ੍ਰਧਾਨ ਰਵੀ ਸ਼ਰਮਾ ਸਮੇਤ ਕੁਸ਼ਤੀ ਅਖਾੜੇ ਦੇ ਸੰਚਾਲਕ ਵਿਨੋਦ ਕੁਮਾਰ ਗੋਲੂ ਪਹਿਲਵਾਨ, ਪ੍ਰਧਾਨ ਸ਼ੇਰ ਸਿੰਘ ਮੱਲ,ਗੁਰਦਾਸ ਸ਼ਰਮਾ,ਧਰਮਿੰਦਰ ਸਿੰਘ ਤੇ ਬਲਵੀਰ ਸਿੰਘ ਆਦਿ ਨੇ ਸਨਮਾਨ ਕਰਨ ਵੇਲੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਹਾਕੀ ਦੀ ਗੇਮ ਵਿੱਚ ਉਪਲਬਧੀਆਂ ਪ੍ਰਾਪਤ ਕਰਨ ਵਾਲੇ ਖਿਡਾਰੀ ਰਹੇ ਡੀ ਐਸ ਪੀ ਧਰਮਵੀਰ ਸਿੰਘ ਨੂੰ ਪਿਛਲੇ ਦਿਨੀਂ ਦੇਸ਼ ਦੀ ਰਾਸ਼ਟਰਪਤੀ ਬੀਬੀ ਮੁਰਮੂ ਵੱਲੋਂ ਉਲੰਪੀਅਨ ਧਿਆਨ ਚੰਦ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਜਿਸ ਨਾਲ ਦੇਸ਼ ਦਾ ਮਾਣ ਵਧਿਆ ਹੈ। ਉਨਾਂ ਕਿਹਾ ਕਿ ਅਖਾੜੇ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਇਲਾਕੇ ਦੇ ਨੌਜਵਾਨਾਂ ਦਾ ਹਮੇਸ਼ਾ ਸਨਮਾਨ ਕੀਤਾ ਜਾਂਦਾ ਹੈ। ਕੁਸ਼ਤੀ ਅਖਾੜਾ ਮੁੱਲਾਂਪੁਰ ਗਰੀਬਦਾਸ ਦੇ ਪਹਿਲਵਾਨਾਂ ਨੇ ਪਿਛਲੇ ਸਮੇਂ ਖੇਡਾਂ ਦੇ ਖੇਤਰ ਵਿੱਚ ਸੋਨੇ,ਚਾਂਦੀ ਤੇ ਤਾਂਬੇ ਦੇ ਮੈਡਲ ਪ੍ਰਾਪਤ ਕੀਤੇ ਹਨ। ਅਖਾੜੇ ਵਿੱਚ ਈਰਾਨ ਤੋਂ ਆਏ ਨਵੇਂ ਕੋਚ ਹਸ਼ਰਤ ਦਾ ਸਨਮਾਨ ਵੀ ਕੀਤਾ ਗਿਆ। ਡੀ ਐਸ ਪੀ ਧਰਮਵੀਰ ਸਿੰਘ ਨੇ ਵਿਸ਼ਕਰਮਾ ਰੈਸਲਿੰਗ ਕਲੱਬ ਵੱਲੋਂ ਖੇਡਾਂ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਕਈ ਪਹਿਲਵਾਨ ਵੀ ਹਾਜ਼ਰ ਸਨ।

ਬਜਟ ਨਾ ਹੋਣ ਕਾਰਨ ਕਈ ਜ਼ਿਲ੍ਹਿਆਂ ਦੇ ਅਧਿਆਪਕ ਤਨਖਾਹਾਂ ਨੂੰ ਤਰਸੇ : ਚਾਹਲ

ਜਲੰਧਰ -(ਸ਼ੈਲੀ ਐਲਬਰਟ)-: ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਕੁਲਦੀਪ ਸਿੰਘ ਦੌੜਕਾ,ਵਿੱਤ ਸਕੱਤਰ ਅਮਨਦੀਪ ਸ਼ਰਮਾਂ, ਪ੍ਰੈਸ ਸਕੱਤਰ ਸੁਰਜੀਤ ਮੁਹਾਲੀ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ , ਜਨਰਲ ਸਕੱਤਰ ਗਣੇਸ਼ ਭਗਤ, ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ, ਜੁਆਇੰਟ ਸਕੱਤਰ ਕੁਲਦੀਪ ਵਾਲੀਆ,ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਜੁਆਇੰਟ ਵਿੱਚ ਸਕੱਤਰ ਨਿਰਮੋਲਕ ਸਿੰਘ ਹੀਰਾ, ਪ੍ਰੈੱਸ ਸਕੱਤਰ ਰਗਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ ਆਦਿ ਆਗੂਆਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਸਿੱਖਿਆ ਵਿਭਾਗ ਦੀ ਇਕ ਮਾਮੂਲੀ ਜਿਹੀ ਮੀਟਿੰਗ ਨੂੰ ਪ੍ਰਾਪਤੀ ਦੱਸ ਕੇ ਇਸ਼ਤਿਹਾਰਬਾਜੀ ਕੀਤੀ ਜਾ ਰਹੀ ਹੈ ਜਦਕਿ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਦੇ ਅਧਿਆਪਕ ਤਨਖਾਹਾਂ ਲਈ ਤਰਸ ਰਹੇ ਹਨ, ਕਿਉਂਕਿ ਬਜਟ ਜ਼ਿਲ੍ਹਾ ਦਫਤਰਾਂ ਨੂੰ ਨਹੀਂ ਪਹੁੰਚ ਰਿਹਾ। ਆਗੂਆਂ ਨੇ ਕਈ ਵਾਰੀ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਰਾਬਤਾ ਕੀਤਾ ਪਰ ਉਹਨਾਂ ਕੋਲ਼ ਇੱਕੋ ਜਵਾਬ ਹੈ ਕਿ ਬਜਟ ਹੈੱਡਕੁਆਰਟਰ ਤੋਂ ਨਹੀਂ ਮਿਲਿਆ। ਇਸ ਸਮੇਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਤਨਖਾਹਾਂ ਨਾ ਮਿਲਣ ਕਾਰਣ ਬਹੁਤੇ ਅਧਿਆਪਕ ਕਈ ਤਰ੍ਹਾਂ ਦੇ ਲਏ ਕਰਜ਼ਿਆਂ ਦੀਆਂ ਕਿਸ਼ਤਾਂ ਕਾਰਣ ਪਰੇਸ਼ਾਨ ਹਨ। ਇਸ ਸਮੇਂ ਉਨ੍ਹਾਂ ਮੰਗ ਕੀਤੀ ਕਿ ਤਰੁੰਤ ਬਜਟ ਦਾ ਪਰਬੰਧ ਕੀਤਾ ਜਾਵੇ ਤੇ ਹਰ ਵਾਰ ਦੀ ਪਰੇਸ਼ਾਨੀ ਨਾਲੋਂ ਬਜਟ ਦਾ ਪ੍ਰਬੰਧ ਪੱਕੇ ਤੌਰ 'ਤੇ ਕੀਤਾ ਜਾਵੇ। । ਇਸ ਸਮੇਂ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਤੀਰਥ ਸਿੰਘ ਬਾਸੀ, ਗੁਰਿੰਦਰ ਸਿੰਘ ਆਦਮਪੁਰ, ਬਲਵੀਰ ਭਗਤ,ਰਾਜੀਵ ਭਗਤ, ਕੁਲਵੰਤ ਰਾਮ ਰੁੜਕਾ, ਅਮਰਜੀਤ ਭਗਤ, ਮੁਲਖ ਰਾਜ, ਸੰਦੀਪ ਰਾਜੋਵਾਲ, ਗੁਰਿੰਦਰ ਸਿੰਘ, ਅਨਿਲ ਕੁਮਾਰ ਭਗਤ, ਰਣਜੀਤ ਠਾਕੁਰ, ਪਿਆਰਾ ਸਿੰਘ ਨਕੋਦਰ, ਕਮਲਦੇਵ, ਜਤਿੰਦਰ ਸਿੰਘ, ਸ਼ਿਵ ਰਾਜ ਕੁਮਾਰ, ਰਾਜਿੰਦਰ ਸਿੰਘ ਭੋਗਪੁਰ, ਸੂਰਤੀ ਲਾਲ, ਵਿਨੋਦ ਭੱਟੀ, ਪਰਨਾਮ ਸਿੰਘ ਸੈਣੀ,ਪਰੇਮ ਖਲਵਾੜਾ, ਰਾਜਿੰਦਰ ਸਿੰਘ ਸ਼ਾਹਕੋਟ ਆਦਿ ਅਧਿਆਪਕ ਆਗੂ ਹਾਜ਼ਰ ਸਨ ।

ਸਿਡਬੀ ਵੱਲੋਂ ਅਨੁਸੂਚਿਤ ਜਾਤੀ/ ਜਨਜਾਤੀ ਉੱਦਮੀਆਂ ਲਈ ਨਵੀਂ ਅਸਾਨ ਮਿਆਦੀ ਕਰਜ਼ਾ ਯੋਜਨਾ 'ਸਾਥ' ਦਾ ਐਲਾਨ

ਜਲੰਧਰ, (ਸ਼ੈਲੀ ਅਲਬਰਟ, ਸੁਰਿੰਦਰ ਕੁਮਾਰ)- ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ (ਸਿਡਬੀ) ਦੇ ਜਨਰਲ ਮੈਨੇਜਰ ਅਤੇ ਚੰਡੀਗੜ੍ਹ ਖੇਤਰੀ ਦਫਤਰ ਦੇ ਖੇਤਰੀ ਮੁਖੀ, ਬਲਬੀਰ ਸਿੰਘ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ (ਐਨ.ਸੀ.ਐਸ.ਸੀ.) ਦੇ ਚੇਅਰਮੈਨ ਵਿਜੇ ਸਾਂਪਲਾ ਦੀ ਮੌਜੂਦਗੀ ਵਿੱਚ ਅਨੁਸੂਚਿਤ ਜਾਤੀ/ ਜਨਜਾਤੀ ਉੱਦਮੀਆਂ ਲਈ ਨਵੀਂ ਆਸਾਨ ਮਿਆਦੀ ਕਰਜਾ ਯੋਜਨਾ 'ਸਾਥ' ਦਾ ਇੱਥੇ ਐਲਾਨ ਕੀਤਾ। ਸਕੀਮ ਦਾ ਐਲਾਨ ਕਰਨ ਮੌਕੇ ਸਾਂਪਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਬਹੁਤ ਹੀ ਉਦਾਰਤਾ ਨਾਲ ਨਵੀਆਂ ਸਕੀਮਾਂ ਲਿਆ ਰਹੀ ਹੈ। ਇਸ ਮੰਤਵ ਲਈ ਇਹ ਕਰਜਾ ਯੋਜਨਾ ਸੁਰੂ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਦੇ ਧਿਆਨ ਵਿੱਚ ਇਨ੍ਹਾਂ ਵਰਗਾਂ ਦੇ ਲੋਕਾਂ ਦੀ ਭਲਾਈ ਸਭ ਤੋਂ ਵੱਧ ਹੈ। ਸਾਂਪਲਾ ਨੇ ਕਿਹਾ ਕਿ ਦੇਸ਼ ਭਰ ਦੇ ਐਸਸੀ/ਐਸਟੀ ਉੱਦਮੀ ਇਸ ਸਿਡਬੀ ਲੋਨ ਸਕੀਮ 'ਸਾਥ' ਦਾ ਲਾਭ ਉਠਾਉਣ ਦੇ ਯੋਗ ਹੋਣਗੇ। ਉਹ ਸਿਡਬੀ ਮੈਨੇਜਮੈਂਟ ਵੱਲੋਂ ਖਾਸ ਤੌਰ 'ਤੇ ਹੁਸ਼ਿਆਰਪੁਰ ਜ਼ਿਲ੍ਹੇ ਅਤੇ ਫਗਵਾੜਾ (ਕਪੂਰਥਲਾ ਜ਼ਿਲ੍ਹਾ) ਦੇ ਉੱਦਮੀਆਂ ਨੂੰ ਇਹ ਕਰਜੇ ਮੁਹੱਈਆ ਕਰਵਾਉਣ ਦੀ ਉਨ੍ਹਾਂ ਦੀ ਬੇਨਤੀ ਨੂੰ ਸਵੀਕਾਰ ਕਰਨ ਲਈ ਧੰਨਵਾਦੀ ਹਨ। ਬੈਂਕ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸਿਵਾਸੁਬਰਾਮਨੀਅਨ ਰਮਨ 28 ਦਸੰਬਰ ਨੂੰ ਇਸ ਸਕੀਮ ਤਹਿਤ ਹੁਸ਼ਿਆਰਪੁਰ ਵਿਖੇ ਇੱਕ ਪ੍ਰੋਗਰਾਮ ਵਿੱਚ ਉਪਰੋਕਤ ਸ਼੍ਰੇਣੀਆਂ ਦੇ ਯੋਗ ਕਰਜਾ ਬਿਨੈਕਾਰਾਂ ਨੂੰ ਕਰਜਾ ਪੱਤਰ ਪ੍ਰਦਾਨ ਕਰਨਗੇ। ਪ੍ਰੋਗਰਾਮ ਵਿੱਚ ਵਿਜੇ ਸਾਂਪਲਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਮੌਕੇ 500 ਤੋਂ ਵੱਧ ਉੱਦਮੀਆਂ ਦੇ ਪਹੁੰਚਣ ਦੀ ਉਮੀਦ ਹੈ ਜੋ ਇਸ ਕਰਜਾ ਯੋਜਨਾ ਦਾ ਲਾਭ ਉਠਾਉਣ ਦੇ ਯੋਗ ਹੋਣਗੇ। ਸਕੀਮ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਬਲਬੀਰ ਸਿੰਘ ਨੇ ਦੱਸਿਆ ਕਿ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ (ਸਿਡਬੀ) ਦੀ ਇਸ ਸਕੀਮ ਤਹਿਤ ਅਨੁਸੂਚਿਤ ਜਾਤੀ/ਜਨਜਾਤੀ ਉੱਦਮੀ ਨਵੀਂ ਯੂਨਿਟ ਸਥਾਪਤ ਕਰਨ ਜਾਂ ਪਹਿਲਾਂ ਤੋਂ ਸਥਾਪਿਤ ਯੂਨਿਟ ਦੇ ਵਿਸਥਾਰ ਜਾਂ ਆਧੁਨਿਕੀਕਰਨ ਲਈ ਕਰਜਾ ਲੈ ਸਕਣਗੇ। ਪਹਿਲਾਂ ਤੋਂ ਸਥਾਪਿਤ ਅਤੇ ਉਤਪਾਦਨ ਜਾਂ ਸੇਵਾ ਖੇਤਰ ਵਿੱਚ ਲੱਗੇ ਇਨ੍ਹਾਂ ਦਰਮਿਆਨੇ ਅਤੇ ਛੋਟੇ ਯੂਨਿਟਾਂ ਦੀ ਸਥਾਪਨਾ, ਵਿਸਥਾਰ ਜਾਂ ਆਧੁਨਿਕੀਕਰਨ ਜਾਂ ਉਨ੍ਹਾਂ ਦੀਆਂ ਹੋਰ ਪੂੰਜੀ ਲੋੜਾਂ ਨੂੰ ਪੂਰਾ ਕਰਨ ਲਈ ਦਿੱਤੇ ਗਏ ਕਰਜ਼ਿਆਂ 'ਤੇ ਵਿਆਜ ਦੀ ਦਰ ਬਹੁਤ ਆਸਾਨ ਹੋਵੇਗੀ। ਕਰਜਾ ਲੈਣ ਵਾਲਾ ਉੱਦਮੀ 25 ਲੱਖ ਰੁਪਏ ਤੋਂ ਲੈ ਕੇ 3 ਕਰੋੜ ਰੁਪਏ ਤੱਕ ਦਾ ਕਰਜਾ ਲੈ ਸਕੇਗਾ, ਜਿਸ ਦਾ ਭੁਗਤਾਨ ਵੱਧ ਤੋਂ ਵੱਧ 7 ਸਾਲਾਂ ਵਿੱਚ ਕਰਨਾ ਹੋਵੇਗਾ। 'ਸਾਥ' ਨਾਂਅ ਦੀ ਇਸ ਸਕੀਮ ਤਹਿਤ ਇਨ੍ਹਾਂ ਯੂਨਿਟਾਂ ਵੱਲੋਂ ਜਮੀਨ ਐਕਵਾਇਰ ਕਰਨ, ਦਫਤਰ ਦੀ ਸਥਾਪਨਾ, ਸਾਜੋ-ਸਾਮਾਨ ਦੀ ਖਰੀਦ, ਪਲਾਂਟ ਅਤੇ ਮਸੀਨਰੀ ਲਈ ਕਰਜਾ ਲਿਆ ਜਾ ਸਕਦਾ ਹੈ। ਇਸ ਦੀ ਵਰਤੋਂ ਪੁਰਾਣੇ ਕਰਜ਼ਿਆਂ ਨੂੰ ਚੁਕਾਉਣ ਲਈ ਨਹੀਂ ਕੀਤੀ ਜਾ ਸਕਦੀ। ਯੋਗਤਾ ਦੇ ਆਧਾਰ 'ਤੇ ਇਨ੍ਹਾਂ ਇਕਾਈਆਂ ਲਈ ਪ੍ਰੋਤਸਾਹਨ ਵੀ ਦਿੱਤਾ ਜਾ ਸਕਦਾ ਹੈ। ਇਸ ਸਕੀਮ ਤਹਿਤ ਦੇਸ ਭਰ ਵਿੱਚ ਕਰਜਾ ਦੇਣ ਦੀ ਵਿਵਸਥਾ ਹੈ ਪਰ ਸਿਡਬੀ ਦੇ ਚੰਡੀਗੜ੍ਹ ਖੇਤਰੀ ਦਫਤਰ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਫਗਵਾੜਾ (ਜ਼ਿਲ੍ਹਾ ਕਪੂਰਥਲਾ) ਦੇ ਉੱਦਮੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਐਸਸੀ-ਐਸਟੀ ਸ਼੍ਰੇਣੀ ਦੇ ਉੱਦਮੀਆਂ ਦੀਆਂ ਉਨ੍ਹਾਂ ਇਕਾਈਆਂ ਨੂੰ ਤਰਜੀਹ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਭਾਰਤ ਸਰਕਾਰ ਦੀ 'ਸਟੈਂਡ-ਅੱਪ ਇੰਡੀਆ' ਸਕੀਮ ਤਹਿਤ ਫੰਡ ਪ੍ਰਾਪਤ ਹੋਏ ਹਨ। ਉੱਦਮੀ ਨੂੰ ਮੌਜੂਦਾ ਯੂਨਿਟ ਵਿੱਚ ਪ੍ਰੋਜੈਕਟ ਲਾਗਤ ਦਾ ਘੱਟੋ-ਘੱਟ 20% ਯੋਗਦਾਨ ਦੇਣਾ ਚਾਹੀਦਾ ਹੈ। ਨਵੀਂ ਯੂਨਿਟ ਲਈ ਘੱਟੋ-ਘੱਟ ਯੋਗਦਾਨ ਲਾਗਤ ਦਾ 25% ਰੱਖਿਆ ਗਿਆ ਹੈ। ਕਰਜਾ ਲੈਣ ਦੇ ਯੋਗ ਉਦਮੀ ਜੋ ਕਿ ਸੰਪੱਤੀ ਸੁਰੱਖਿਆ ਪ੍ਰਦਾਨ ਕਰਨ ਵਿੱਚ ਅਸਮਰੱਥ ਹਨ, ਉਨ੍ਹਾਂ ਨੂੰ ਸਿਡਬੀ ਸੁਰੱਖਿਆ ਦੀ ਇਹ ਰਕਮ (ਮਾਈਕਰੋ ਅਤੇ ਛੋਟੇ ਉਦਯੋਗਾਂ ਲਈ ਕ੍ਰੈਡਿਟ ਗਾਰੰਟੀ ਫੰਡ) ਦੁਆਰਾ ਕਰਜਾ ਲੈਣ ਦੇ ਯੋਗ ਉਦਮੀਆਂ ਨੂੰ ਪ੍ਰਦਾਨ ਕਰਵੇਗਾ। ਇਸੇ ਤਰ੍ਹਾਂ ਦੀ ਪ੍ਰੋਸੈਸਿੰਗ ਫੀਸ ਦਾ 50% ਵੀ ਦੁਆਰਾ ਦਿੱਤਾ ਜਾਵੇਗਾ।

ਮਧੂਬਨ ਵਾਟਿਕਾ ਸਕੂਲ ਦੇ ਬੱਚਿਆਂ ਨੇ ਕਵਿਤਾਵਾਂ ਰਾਹੀਂ ਭੇਟ ਕੀਤੀ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਖੇਤਰ ਦੇ ਮਧੂਬਨ ਵਾਟਿਕਾ ਪਬਲਿਕ ਸਕੂਲ ਅਸਮਾਨਪੁਰ (ਨੂਰਪੁਰ ਬੇਦੀ) ਵਿਖੇ ਸ਼ਹੀਦੀ ਸਪਤਾਹ ਦੇ ਸਬੰਧੀ ਸਕੂਲੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਜਿਥੇ ਪਿਛਲੇ ਇਕ ਹਫਤੇ ਤੋਂ ਸਵੇਰ ਦੀ ਸਭਾ 'ਚ ਸ਼ਹੀਦੀ ਸਪਤਾਹ ਦੀਆਂ ਵੱਖ-ਵੱਖ ਘਟਨਾਵਾਂ ਨੂੰ ਬਿਆਨ ਕਰਨ ਵਾਲੇ ਸ਼ਬਦਾਂ ਦੈ ਗਾਇਨ ਕੀਤਾ ਗਿਆ ਉਥੇ ਸਕੂਲ ਦੇ ਸੀਨੀਅਰ ਵਿਦਿਆਰਥੀਆਂ ਨੇ ਦੱਸਿਆ ਕਿ ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰ ਨੂੰ ਛੱਡ ਕੇ ਸਿੱਖ ਕੌਮ ਲਈ ਵੱਡਾ ਬਲੀਦਾਨ ਦਿੱਤਾ ਗਿਆ ਸੀ। ਇਹ ਉਹ ਸ਼ਹੀਦੀ ਸਪਤਾਹ ਹੈ ਜਦੋਂ ਗੁਰੂ ਸਾਹਿਬ ਦੇ ਛੋਟੇ, ਵੱਡੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਤੋਂ ਇਲਾਵਾ ਹਜ਼ਾਰਾਂ ਹੀ ਸਿੰਘਾਂ ਨੇ ਆਪਣਾ ਬਲੀਦਾਨ ਦਿੱਤਾ ਸੀ ਜਿਸ ਦਾ ਅੱਜ ਅਸੀਂ ਨਿੱਘ ਮਾਣ ਰਹੇ ਹਾਂ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸਕੂਲ ਮੈਨੇਜਮੈਂਟ ਕੇਸਵ ਕੁਮਾਰ , ਰਮਨ ਕੁਮਾਰ ਚੱਢਾ ਅਤੇ ਸਕੂਲ ਦੇ ਅਧਿਆਪਕਾਂ ਸਣੇ ਵਿਦਿਆਰਥੀਆਂ ਵੱਲੋਂ ਸਾਹਿਬਜ਼ਾਦਿਆਂ ਦੇ ਜੀਵਨ 'ਤੇ ਕਵਿਤਾਵਾਂ ਅਤੇ ਸ਼ਬਦ ਗਾਇਨ ਰਾਹੀਂ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਗਈ।

ਲਤੀਫਪੁਰਾ ਮੋਰਚਾ ਜਾਰੀ, ਸੂਬਾ ਸਰਕਾਰ ਦਾ ਪੁਤਲਾ ਸਾੜ ਕੇ ਕੀਤੀ ਨਾਅਰੇਬਾਜ਼ੀ

ਜਲੰਧਰ (ਨਵਾਂ ਜ਼ਮਾਨਾ ਸਰਵਿਸ) : ਲਤੀਫਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਦੀ ਕਮੇਟੀ ਨਾਲ ਪ੍ਰਸ਼ਾਸਨ ਵਲੋਂ ਮੀਟਿੰਗ ਕੀਤੀ ਗਈ, ਜਿਸ 'ਚ ਕਮੇਟੀ ਤੇ ਪੀੜਤ ਪਰਵਾਰਾਂ ਨੇ ਆਪਣੀ ਮੰਗ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਉਜਾੜੇ ਵਾਲੀ ਥਾਂ ਉੱਪਰ ਲਤੀਫਪੁਰਾ ਵਸਾਇਆ ਜਾਵੇ ਤੇ ਪੀੜਤਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਮੀਟਿੰਗ 'ਚ ਪ੍ਰਸ਼ਾਸਨ ਤਰਫੋਂ ਡਿਪਟੀ ਕਮਿਸ਼ਨਰ, ਪੁਲਸ ਕਮਿਸ਼ਨਰ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਆਦਿ ਅਤੇ ਮੋਰਚੇ ਵੱਲੋਂ ਤਰਸੇਮ ਸਿੰਘ ਵਿੱਕੀ ਜੈਨਪੁਰ, ਸੰਤੋਖ ਸਿੰਘ ਸੰਧੂ, ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ,ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਕਸ਼ਮੀਰ ਸਿੰਘ ਘੁੱਗਸ਼ੋਰ,ਡਾਕਟਰ ਗੁਰਦੀਪ ਸਿੰਘ ਭੰਡਾਲ,ਹੰਸ ਰਾਜ ਪੱਬਵਾਂ, ਮਹਿੰਦਰ ਸਿੰਘ ਬਾਜਵਾ,ਸੁਖਜੀਤ ਸਿੰਘ ਡਰੋਲੀ,ਕੁਲਦੀਪ ਸਿੰਘ ਦੌਧਰ,ਪਰਮਿੰਦਰ ਸਿੰਘ,ਸਰਬਜੀਤ ਸਿੰਘ, ਗੁਰਬਖਸ਼ ਸਿੰਘ ਮੰਗਾ,ਬਲਜਿੰਦਰ ਕੌਰ,ਹਰਜਿੰਦਰ ਕੌਰ ਆਦਿ ਸ਼ਾਮਲ ਹੋਏ। ਸੁਖਾਵੇਂ ਮਾਹੌਲ 'ਚ ਹੋਈ ਮੀਟਿੰਗ 'ਚ ਡੀ.ਸੀ. ਅਤੇ ਇੰਪਰੂਵਮੈਂਟ ਚੇਅਰਮੈਨ ਵੱਲੋਂ ਮਸਲੇ ਦੇ ਹੱਲ ਲਈ ਸਰਕਾਰ ਤੱਕ ਮੰਗਾਂ ਨੂੰ ਪਹੁੰਚਾਉਣ ਦਾ ਭਰੋਸਾ ਦਿੱਤਾ ਗਿਆ। ਮੀਟਿੰਗ ਉਪਰੰਤ ਆਗੂਆਂ ਨੇ ਕਿਹਾ ਕਿ ਜੇਕਰ ਉਜਾੜੇ ਲੋਕਾਂ ਨੂੰ ਮੁੜ ਲਤੀਫਪੁਰਾ ਵਿਖੇ ਨਾ ਵਸਾਇਆ ਅਤੇ ਬਣਦਾ ਮੁਆਵਜ਼ਾ ਨਾ ਦਿੱਤਾ ਗਿਆ ਤਾਂ 1 ਜਨਵਰੀ ਨੂੰ ਪੀ ਏ ਪੀ ਵਿਖੇ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਨੈਸ਼ਨਲ ਹਾਈਵੇ ਜਾਮ ਕੀਤਾ ਜਾਵੇਗਾ ਅਤੇ ਨਿਕਲਣ ਵਾਲੇ ਸਿੱਟਿਆਂ ਲਈ ਸਰਕਾਰ ਤੇ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਜਾਮ ਸੰਬੰਧੀ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਮੋਰਚਾ ਸਥਾਨ 'ਤੇ ਸਾਂਝੇ ਮੋਰਚੇ ਦੀ ਹੋਈ ਮੀਟਿੰਗ 27 ਦਸੰਬਰ ਨੂੰ ਸਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ ਅਤੇ ਉਸ ਮੌਕੇ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਲਤੀਫਪੁਰਾ ਵਿਖੇ ਲੱਗੇ ਮੋਰਚੇ 'ਚ ਲੋਕ ਡਟੇ ਹੋਏ ਹਨ ਅਤੇ ਰੋਜ਼ਾਨਾ ਵਾਂਗ ਸ਼ਾਮ ਵੇਲੇ ਸੰਘਰਸ਼ੀ ਲੋਕਾਂ ਨੇ ਸੂਬਾ ਸਰਕਾਰ ਦਾ ਪੁਤਲਾ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਮੋਹਨ ਸਿੰਘ ਫੌਜੀ ਜਮਸ਼ੇਰ,ਚੰਨਣ ਸਿੰਘ ਬੁੱਟਰ ਆਦਿ ਨੇ ਸੰਬੋਧਨ ਕੀਤਾ। ਕਮੇਟੀ ਵੱਲੋਂ ਚੇਅਰਮੈਨ ਐੱਸ ਸੀ, ਐੱਸ ਟੀ ਕਮਿਸ਼ਨ ਤੋਂ ਲਤੀਫਪੁਰਾ ਦੇ ਐੱਸ ਸੀ ਪਰਵਾਰਾਂ ਸਮੇਤ ਉਜਾੜੇ ਗਏ ਘਰਾਂ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਤੁਰੰਤ ਐੱਸ ਸੀ, ਐੱਸ ਟੀ ਪਰਵੈਨਸ਼ਨ ਆਫ ਐਟਰੋਸਿਟੀ ਐਕਟ ਆਦਿ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਕਰਨ ਦੀ ਮੰਗ ਵੀ ਕੀਤੀ।

ਸਾਂਝੇ ਮਜ਼ਦੂਰ ਮੋਰਚੇ ਵਲੋਂ ਜ਼ੀਰਾ ਮੋਰਚੇ 'ਚ ਸ਼ਾਮਲ ਹੋਣ ਦਾ ਐਲਾਨ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝਾ ਮੋਰਚਾ ਪੰਜਾਬ ਦੇ ਆਗੂਆਂ ਨੇ ਬੇਤਹਾਸ਼ਾ ਪ੍ਰਦੂਸ਼ਣ ਫੈਲਾ ਰਹੀ ਸ਼ਰਾਬ ਫੈਕਟਰੀ ਨੂੰ ਬੰਦ ਕਰਾਉਣ ਲਈ ਜ਼ੀਰਾ ਵਿਖੇ ਚੱਲ ਰਹੇ ਮੋਰਚੇ 'ਚ 23 ਦਸੰਬਰ ਨੂੰ ਵੱਡੇ ਜਥੇ ਨਾਲ ਸਾਮਲ ਹੋਣ ਦਾ ਐਲਾਨ ਕੀਤਾ ਹੈ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਭਗਵੰਤ ਸਿੰਘ ਸਮਾਓਂ, ਕੁਲਵੰਤ ਸਿੰਘ ਸੇਲਬਰਾਹ, ਗੁਲਜ਼ਾਰ ਸਿੰਘ ਗੋਰੀਆ, ਗੁਰਨਾਮ ਸਿੰਘ ਦਾਊਦ, ਮੁਕੇਸ਼ ਮਲੌਦ, ਭੂਪ ਚੰਦ ਚੰਨੋ , ਤਰਸੇਮ ਪੀਟਰ ਤੇ ਲਛਮਣ ਸਿੰਘ ਸੇਵੇਵਾਲਾ ਨੇ ਜਾਰੀ ਬਿਆਨ ਰਾਹੀਂ ਸਰਾਬ ਫੈਕਟਰੀ ਦੇ ਪ੍ਰਦੂਸ਼ਣ ਖਿਲਾਫ ਚੱਲ ਰਹੇ ਮੋਰਚੇ ਦੀਆਂ ਹੱਕੀ ਮੰਗਾਂ ਮੰਨਣ ਦੀ ਥਾਂ ਆਪ ਸਰਕਾਰ ਵੱਲੋਂ ਸੰਘਰਸ਼ ਕਰਦੇ ਲੋਕਾਂ ਉਤੇ ਜਬਰ ਢਾਹੁਣ ਅਤੇ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਦਰਜਨਾਂ ਲੋਕਾਂ ਨੂੰ ਗ੍ਰਿਫਤਾਰ ਕਰਨ ਦੀ ਸਖਤ ਨਿੰਦਾ ਕਰਦਿਆਂ ਸਾਂਝੇ ਮਜਦੂਰ ਮੋਰਚੇ ਵੱਲੋਂ ਇਸ ਹੱਕੀ ਸੰਘਰਸ ਦੀ ਡਟਵੀਂ ਹਮਾਇਤ ਦਾ ਐਲਾਨ ਕੀਤਾ ਗਿਆ। ਉਹਨਾਂ ਆਖਿਆ ਕਿ ਬਦਲਾਅ ਦਾ ਝਾਂਸਾ ਦੇ ਕੇ ਸਤਾ 'ਚ ਆਈ ਭਗਵੰਤ ਮਾਨ ਸਰਕਾਰ ਨਿਯਮਾਂ ਦੇ ਉਲਟ ਪ੍ਰਦੂਸ਼ਿਤ ਪਾਣੀ ਨੂੰ ਧਰਤੀ ਹੇਠਾਂ ਭੇਜ ਕੇ ਕੁਦਰਤ ਤੇ ਮਨੁੱਖ ਦੋਖੀ ਅਪਰਾਧ ਕਰਨ ਵਾਲੇ ਫੈਕਟਰੀ ਮਾਲਕਾਂ ਖਿਲਾਫ ਕਾਰਵਾਈ ਕਰਨ ਦੀ ਥਾਂ ਲੋਕਾਂ ਦੀ ਅਵਾਜ ਨੂੰ ਜਬਰ ਦੇ ਜੋਰ ਦਬਾਉਣ ਦੇ ਰਾਹ ਪੈ ਗਈ ਹੈ। ਉਹਨਾਂ ਮਜਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਜ਼ੀਰੇ ਮੋਰਚੇ 'ਚ ਸ਼ਾਮਲ ਹੋਣ ਲਈ 23 ਦਸੰਬਰ ਨੂੰ 12 ਵਜੇ ਬੱਸ ਸਟੈਂਡ ਜ਼ੀਰਾ ਲਾਗੇ ਪਹੁੰਚਣ ਜਿਥੋਂ ਕਾਫਲੇ ਦੇ ਰੂਪ 'ਚ ਮੋਰਚੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਸਾਂਝੇ ਮਜਦੂਰ ਮੋਰਚੇ ਦੇ ਆਗੂਆਂ ਨੇ ਦੋਸ਼ਲਾਇਆ ਕਿ ਭਗਵੰਤ ਮਾਨ ਸਰਕਾਰ ਮਜਦੂਰਾਂ ਤੇ ਹੋਰਨਾਂ ਸੰਘਰਸ਼ਸ਼ੀਲ ਲੋਕਾਂ ਦੇ ਮਸਲੇ ਹੱਲ ਕਰਨ ਲਈ ਗੰਭੀਰ ਨਹੀਂ ਇਸੇ ਕਰਕੇ 21 ਦਸੰਬਰ ਨੂੰ ਮਜਦੂਰ ਜਥੇਬੰਦੀਆਂ ਨੂੰ ਮੀਟਿੰਗ ਦਾ ਲਿਖਤੀ ਸਮਾਂ ਦੇ ਕੇ ਵੀ ਮੁੱਖ ਮੰਤਰੀ ਦੂਜੀ ਵਾਰ ਮੁੱਕਰ ਗਈ ਜਸ ਕਾਰਨ ਮਜਦੂਰ ਵਰਗ 'ਚ ਭਾਰੀ ਰੋਹ ਪਾਇਆ ਜਾ ਰਿਹਾ ਹੈ। ਉਹਨਾਂ ਲਤੀਫਪੁਰਾ ਵਿਖੇ ਉਜਾੜੇ ਗਏ ਲੋਕਾਂ ਦਾ ਉਸੇ ਜਗ੍ਹਾ 'ਤੇ ਮੁੜ ਵਸੇਬਾ ਕਰਨ ਦੀ ਮੰਗ ਵੀ ਕੀਤੀ।

ਡਿਪਟੀ ਕਮਿਸ਼ਨਰ ਵੱਲੋਂ ਪਰਾਲੀ ਦੀ ਸਾਂਭ-ਸੰਭਾਲ, ਸੁਝਾਅ, ਮੁਸ਼ਕਲਾਂ ਤੇ ਯੋਗ ਹੱਲ ਸੰਬੰਧੀ ਵਿਭਾਗਾਂ ਨਾਲ ਵਿਚਾਰ- ਵਟਾਂਦਰਾ



ਹੁਸ਼ਿਆਰਪੁਰ (ਓ ਪੀ ਰਾਣਾ) ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਖੇ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਅਤੇ ਪਰਾਲੀ ਨੂੰ ਖਪਤ ਕਰਨ ਵਾਲੀਆਂ ਇਕਾਈਆਂ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਦੀ ਪ੍ਰਧਾਨਗੀ ਹੇਠ ਸਾਲ 2022 ਦੌਰਾਨ ਪਰਾਲੀ ਪ੍ਰੰਬਧਨ ਸਬੰਧੀ ਕੀਤੇ ਉਪਰਾਲਿਆਂ ਦਾ ਰੀਵਿਊ ਅਤੇ ਭਵਿੱਖ ਵਿੱਚ ਇਸ ਦੇ ਪ੍ਰਬੰਧਾਂ ਨੂੰ ਹੋਰ ਬਿਹਤਰ ਢੰਗ ਨਾਲ ਲਾਗੂ ਕਰਨ ਸਬੰਧੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਵਲੋਂ ਵੱਖ-ਵੱਖ ਵਿਭਾਗਾਂ ਵਲੋਂ ਮੌਜੂਦਾ ਸਾਲ ਦੌਰਾਨ ਪਰਾਲੀ ਦੀ ਸਾਂਭ-ਸੰਭਾਲ ਨੂੰ ਲੈ ਕੇ ਵਿਸਥਾਰ ਨਾਲ ਆਪਣੇ ਸੁਝਾਅ, ਪੇਸ਼ ਆਈਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਯੋਗ ਹੱਲ ਸਬੰਧੀ ਵਿਚਾਰ- ਵਟਾਂਦਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਵਿੱਚ ਕੁੱਲ 259 ਥਾਵਾਂ ਤੇ ਅੱਗ ਲੱਗਣ ਸਬੰਧੀ ਸਪਾਟ ਸੈਟੇਲਾਈਟ ਵਲੋਂ ਕੈਪਚਰ ਕੀਤੇ ਗਏ ਜੋ ਕਿ ਪਿਛਲੇ ਸਾਲ ਨਾਲੋਂ ਲਗਭਗ 21 ਫੀਸਦੀ ਘੱਟ ਹਨ। ਉਨ੍ਹਾਂ ਕਿਸਾਨਾਂ ਵਲੋਂ ਪਰਾਲੀ ਪ੍ਰਬੰਧਨ ਲਈ ਵੱਖ-ਵੱਖ ਢੰਗਾਂ ਨੂੰ ਅਪਨਾਉਣਾ, ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਗਏ ਵੱਖ-ਵੱਖ ਉਪਰਾਲਿਆਂ ਪ੍ਰਤੀ ਕਿਸਾਨਾਂ ਦਾ ਹਾਂ ਪੱਖੀ ਹੁੰਗਾਰਾ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਸਬੰਧੀ ਚਲਾਈ ਗਈ ਮੁਹਿੰਮ ਇਸ ਗਿਰਾਵਟ ਦਾ ਮੁੱਖ ਕਾਰਨ ਦੱਸਿਆ। ਇਸ ਮੌਕੇ ਉਨ੍ਹਾਂ ਵਲੋਂ ਵੱਖ-ਵੱਖ ਇੰਡਸਟਰੀਅਲ ਇਕਾਈਆਂ ਜਿਨ੍ਹਾਂ ਵਲੋਂ ਪਰਾਲੀ ਦੀ ਖਪਤ ਕੀਤੀ ਜਾਂਦੀ ਹੈ ਅਤੇ ਕਿਸਾਨ ਜੋ ਬੇਲਰ ਚਲਾ ਕੇ ਪਰਾਲੀ ਇੱਕਠੀ ਕਰਦੇ ਹਨ ਦਾ ਆਪਸੀ ਤਾਲਮੇਲ ਅਤੇ ਸਹਿਯੋਗ ਹੋਰ ਵਧਾਉਣ ਉੱਤੇ ਜੋਰ ਦਿੱਤਾ ਤਾਂ ਜੋ ਪਰਾਲੀ ਪ੍ਰਬੰਧਨ ਨੂੰ ਭਵਿੱਖ ਵਿੱਚ ਸਹੀ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਗੁਰਦੇਵ ਸਿੰਘ ਨੇ ਕਿਸਾਨਾਂ ਵਲੋਂ ਮਹਿਕਮੇ ਦੁਆਰਾ ਸਬਸਿਡੀ ਤੇ ਮੁਹੱਈਆ ਕਰਵਾਈ ਗਈ ਮਸ਼ੀਨਰੀ ਦੀ ਯੋਗ ਵਰਤੋਂ, ਖੇਤਰ ਅਨੁਸਾਰ ਬੇਲਰ ਰਾਹੀਂ ਗੰਢਾਂ ਬਣਾ ਕੇ ਪ੍ਰਬੰਧਨ, ਪਸ਼ੂ ਚਾਰੇ ਵਜੋਂ ਵਰਤੋਂ ਆਦਿ ਨੂੰ ਪਰਾਲੀ ਪ੍ਰਬੰਧਨ ਦੀ ਮੁਹਿੰਮ ਵਿੱਚ ਇੱਕ ਅਹਿਮ ਹਿੱਸਾ ਦੱਸਿਆ।

ਉਨ੍ਹਾਂ ਭਵਿੱਖ ਵਿੱਚ ਵੀ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਆਪਣਾ ਪੂਰਨ ਸਹਿਯੋਗ ਦੇਣ ਦੀ ਗੱਲ ਆਖੀ। ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ ਵਿਭਾਗ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ, ਕੋਆਪਰੇਟਿਵ ਸੁਸਾਇਟੀਜ਼, ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਬਾਗਵਾਨੀ ਵਿਭਾਗ ਦੇ ਨੁਮਾਇੰਦੇ ਹਾਜਰ ਸਨ।

ਸਰਕਾਰੀ ਸੀ.ਸੈ. ਸਕੂਲ (ਲੜਕੇ) ਵਿਖੇ ਲਗਾਇਆ ਮੈਡੀਕਲ ਕੈਂਪ

ਫਗਵਾੜਾ (ਡਾ. ਰਮਨ) ਲਾਇਨਜ ਇੰਟਰਨੈਸ਼ਨਲ ਡਿਸਟ੍ਰਿਕਟ 321-ਡੀ ਦੇ ਚੇਅਰਪਰਸਨ (ਸਾਈਟ ਫਸਟ) ਲਾਇਨ ਗੁਰਦੀਪ ਸਿੰਘ ਕੰਗ ਵਲੋਂ ਲਾਇਨਜ ਕਲੱਬ ਫਗਵਾੜਾ ਸਿਟੀ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਪੁਰਾਣਾ ਡਾਕਖਾਨਾ ਰੋਡ ਫਗਵਾੜਾ ਵਿਖੇ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਲਾਇਨਜ ਡਿਸਟ੍ਰਿਕਟ 321-ਡੀ ਦੇ ਗਵਰਨਰ ਲਾਇਨ ਦਵਿੰਦਰ ਪਾਲ ਅਰੋੜਾ ਵਲੋਂ ਕੀਤਾ ਗਿਆ। ਲਾਇਨ ਅਰੋੜਾ ਨੇ ਗੁਰਦੀਪ ਸਿੰਘ ਕੰਗ ਵਲੋਂ ਸਮਾਜ ਸੇਵਾ ਵਿਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਜਿਸ ਤਨਦੇਹੀ ਨਾਲ ਗੁਰਦੀਪ ਸਿੰਘ ਕੰਗ ਲੋੜਵੰਦਾਂ ਦੀ ਸੇਵਾ ਸਹਾਇਤਾ ਕਰ ਰਹੇ ਹਨ ਉਸ ਨੂੰ ਲੈ ਕੇ ਲਾਇਨਜ 321-ਡੀ ਉਹਨਾਂ ਤੇ ਮਾਣ ਮਹਿਸੂਸ ਕਰਦੀ ਹੈ। ਕੈਂਪ ਦੌਰਾਨ ਸਿਵਲ ਹਸਪਤਾਲ ਫਗਵਾੜਾ ਦੇ ਡਾ. ਜਤਿੰਦਰ ਸੰਧੂ ਵਲੋਂ ਵਿਦਿਆਰਥੀਆਂ ਦੀਆਂ ਅੱਖਾਂ ਤੇ ਦੰਦਾਂ ਦੀ ਜਾਂਚ ਤੋਂ ਇਲਾਵਾ ਹੋਰ ਜਨਰਲ ਬਿਮਾਰੀਆਂ ਦਾ ਚੈਕਅਪ ਕੀਤਾ ਗਿਆ। ਵਿਦਿਆਰਥੀਆਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਸੁਣਦਿਆਂ ਡਾ. ਸੰਧੂ ਨੇ ਸਿਹਤ ਦੀ ਸੰਭਾਲ ਸਬੰਧੀ ਜਰੂਰੀ ਟਿਪਸ ਦਿੱਤੇ। ਸਕੂਲ ਪ੍ਰਿੰਸੀਪਲ ਅਤੇ ਲਾਇਨਜ ਕਲੱਬ ਫਗਵਾੜਾ ਸਰਵ ਦੇ ਪ੍ਰਧਾਨ ਲਾਇਨ ਰਣਜੀਤ ਕੁਮਾਰ ਗੋਗਨਾ ਨੇ ਡਾ. ਸੰਧੂ ਅਤੇ ਖਾਸ ਤੌਰ 'ਤੇ ਲਾਇਨ ਗੁਰਦੀਪ ਸਿੰਘ ਕੰਗ ਦੇ ਇਸ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਲਾਇਨ ਕੰਗ ਵਲੋਂ ਸਮੇਂ-ਸਮੇਂ ਸਿਰ ਸਕੂਲ ਵਿਖੇ ਵਿਦਿਆਰਥੀਆਂ ਲਈ ਲਾਹੇਵੰਦ ਕੈਂਪ ਲਗਾਏ ਜਾਂਦੇ ਹਨ। ਉਹਨਾਂ ਵਲੋਂ ਕੀਤੀ ਜਾ ਰਹੀ ਸਮਾਜ ਸੇਵਾ ਤੇ ਸਾਰੇ ਸ਼ਹਿਰ ਨੂੰ ਮਾਣ ਹੈ। ਲਾਇਨ ਗੁਰਦੀਪ ਸਿੰਘ ਕੰਗ ਨੇ ਭਰੋਸਾ ਦਿੱਤਾ ਕਿ ਇਸ ਤਰ੍ਹਾਂ ਦੇ ਉਪਰਾਲੇ ਭਵਿੱਖ ਵਿਚ ਵੀ ਜਾਰੀ ਰਹਿਣਗੇ। ਲਾਇਨ ਕੰਗ ਅਤੇ ਲਾਇਨਜ ਕਲੱਬ ਫਗਵਾੜਾ ਸਿਟੀ ਵਲੋਂ ਡਾ. ਜਤਿੰਦਰ ਸੰਧੂ ਨੂੰ ਸਹਿਯੋਗ ਅਤੇ ਅਤੇ ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ ਨੂੰ ਸਿੱਖਿਆ ਪ੍ਰਤੀ ਨਿਭਾਈਆਂ ਜਾ ਰਹੀਆਂ ਵਧੀਆ ਸੇਵਾਵਾਂ ਲਈ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਜੋਨ ਚੇਅਰਮੈਨ ਦੀਪਕ ਸਹਿਗਲ, ਜੋਨ ਚੇਅਰਮੈਨ ਅਤੁਲ ਜੈਨ, ਲਾਇਨਜ ਕਲੱਬ ਫਗਵਾੜਾ ਸਿਟੀ ਦੇ ਪ੍ਰਧਾਨ ਲਾਇਨ ਸੁਨੀਲ ਢੀਂਗਰਾ, ਲਾਇਨ ਅਮਿਤ ਕੁਮਾਰ ਆਸ਼ੂ ਸਕੱਤਰ, ਲਾਇਨ ਸੰਜੀਵ ਲਾਂਬਾ ਕੈਸ਼ੀਅਰ, ਲਾਇਨ ਜੁਗਲ ਬਵੇਜਾ ਪੀ.ਆਰ.ਓ., ਲਾਇਨ ਸੰਜੀਵ ਸੂਰੀ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

ਮਾਨ ਸਰਕਾਰ ਵੱਲੋਂ 31 ਤੱਕ ਪੰਜਾਬ ਦੇ ਸਾਰੇ ਪੇਂਡੂ ਘਰਾਂ ਨੂੰ ਸਾਫ ਪਾਣੀ ਦੀ ਸਹੂਲਤ ਦਾ ਟੀਚਾ-ਜਿੰਪਾ

ਚੰਡੀਗੜ੍ਹ, (ਗੁਰਜੀਤ ਬਿੱਲਾ)—ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਦੇ ਨਾਂਅ ਜਲਦ ਇੱਕ ਵੱਡੀ ਪ੍ਰਾਪਤੀ ਜੁੜ ਜਾਵੇਗੀ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ 31 ਦਸੰਬਰ 2022 ਤੱਕ ਪੰਜਾਬ ਦੇ ਸਾਰੇ ਪੇਂਡੂ ਘਰਾਂ ਨੂੰ ਪੀਣ ਵਾਲੇ ਪਾਣੀ ਦੀ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਟੀਚਾ ਹੈ। ਹੁਣ ਤੱਕ ਰਾਜ ਦੇ 34.26 ਲੱਖ ਪੇਂਡੂ ਘਰਾਂ ਵਿੱਚੋਂ 99.93 ਫੀਸਦੀ ਘਰਾਂ (34.24 ਲੱਖ) ਨੂੰ ਪੀਣ ਵਾਲੇ ਪਾਣੀ ਦੀ ਪਾਈਪਡ ਸਪਲਾਈ ਦਿੱਤੀ ਜਾ ਚੁੱਕੀ ਹੈ। ਸਿਰਫ 125 ਢਾਣੀਆਂ ਬਾਕੀ ਹਨ ਅਤੇ ਉੱਥੇ ਵੀ ਇਹ ਸੁਵਿਧਾ ਦੇਣ ਲਈ ਜ਼ੋਰ-ਸ਼ੋਰ ਨਾਲ ਕੰਮ ਚੱਲ ਰਿਹਾ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪਹਿਲੇ ਦਿਨ ਤੋਂ ਹੀ ਪੰਜਾਬ ਵਾਸੀਆਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਲਈ ਭਰਪੂਰ ਯਤਨ ਕਰ ਰਹੀ ਹੈ। ਸਰਕਾਰ ਦਾ ਉਦੇਸ਼ ਵੀ ਇਹੀ ਹੈ ਕਿ ਲੋਕਾਂ ਨੂੰ ਮਿਲਣ ਵਾਲੀਆਂ ਸੁਵਿਧਾਵਾਂ ਲਈ ਕਿਸੇ ਪ੍ਰਕਾਰ ਦੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਸਾਰੀਆਂ ਸੁਵਿਧਾਵਾਂ ਘਰ ਬੈਠੇ ਮਿਲਣ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਈ ਇਲਾਕਿਆਂ ਵਿਚ ਲੋਕਾਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਪੰਜਾਬ ਸਰਕਾਰ ਨੇ ਹੁਣ ਤਕਰੀਬਨ ਸਾਰੇ ਪੇਂਡੂ ਘਰਾਂ ਵਿੱਚ ਪਾਈਪਾਂ ਰਾਹੀਂ ਸਾਫ ਪਾਣੀ ਪਹੁੰਚਾ ਦਿੱਤਾ ਹੈ। ਉਨ੍ਹਾਂ ਇਸ ਕਾਰਜ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਵੀ ਕੀਤੀ ਹੈ।

ਉੱਧਰ ਵਿਭਾਗ ਦੇ ਮੁਖੀ ਮੁਹੰਮਦ ਇਸ਼ਫਾਕ ਨੇ ਸਬੰਧਤ ਅਫਸਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਜਿਹੜੇ ਕੁਝ ਕੁ ਘਰਾਂ ਵਿਚ ਪੀਣ ਵਾਲੇ ਪਾਣੀ ਦੀ ਪਾਈਪਡ ਸਪਲਾਈ ਹਾਲੇ ਨਹੀਂ ਪੁੱਜੀ, ਉੱਥੇ ਇਹ ਸੁਵਿਧਾ 31 ਦਸੰਬਰ 2022 ਤੱਕ ਪਹੁੰਚਾਈ ਜਾਵੇ ਤਾਂ ਜੋ ਪੰਜਾਬ ਸਾਲ 2023 ਵਿਚ ਸਾਰੇ ਪੇਂਡੂ ਘਰਾਂ ਨੂੰ ਪੀਣ ਵਾਲੇ ਪਾਣੀ ਦੀ ਪਾਈਪਾਂ ਰਾਹੀਂ ਸਪਲਾਈ ਦੇਣ ਵਾਲਾ ਸੂਬਾ ਅਖਵਾ ਸਕੇ।

ਉਨ੍ਹਾਂ ਕਿਹਾ ਕਿ ਅਸੀਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 31 ਦਸੰਬਰ 2022 ਤੱਕ ਸੂਬੇ ਵਿਚ 100 ਫੀਸਦੀ ਜਲ ਸਪਲਾਈ ਦਾ ਟੀਚਾ ਪੂਰਾ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹਾਂ ਜਦਕਿ ਕੌਮੀ ਟੀਚਾ 2024 ਦਾ ਹੈ। ਕਾਬਿਲੇਗੌਰ ਹੈ ਕਿ ਇਸੇ ਸਾਲ ਨਵੀਂ ਦਿੱਲੀ ਦੇ ਵਿਗਿਆਨ ਭਵਨ 'ਚ 'ਸਵੱਛ ਭਾਰਤ ਦਿਵਸ' 'ਤੇ ਪੰਜਾਬ ਦੇ 15 ਜ਼ਿਲ੍ਹਿਆਂ ਨੂੰ 'ਹਰ ਘਰ ਜਲ ਸਰਟੀਫਿਕੇਟ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਸਾਲ 2023-24 ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ 622 ਕਰੋੜ ਰੁਪਏ ਦੀ ਲਾਗਤ ਨਾਲ 1050 ਪਿੰਡਾਂ ਵਿੱਚ ਮੌਜੂਦਾ ਜਲ ਸਪਲਾਈ ਦਾ ਪੱਧਰ ਉੱਚਾ ਚੁੱਕਣ ਲਈ ਕੰਮ ਸ਼ੁਰੂ ਕਰਨ ਦੀ ਵੀ ਯੋਜਨਾ ਹੈ।

ਪਰਵਾਰ ਵੱਲੋਂ ਦਿਲਬਾਗ ਰਾਏ ਦੇ ਨੇਤਰ ਦਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਮੁਹੱਲਾ ਨਲੋਈਆਂ ਚੌਂਕ, ਹੁਸ਼ਿਆਰਪੁਰ ਨਿਵਾਸੀ ਦਿਲਬਾਗ ਰਾਏ ਦੇ ਅਕਾਲ ਚਲਾਣਾ ਕਰਨ ਉਪਰੰਤ ਪਰਵਾਰਕ ਮੈਂਬਰਾਂ ਵਲੋਂ ਉਹਨਾਂ ਦੇ ਨੇਤਰਦਾਨ ਦੇ ਪ੍ਰਣ ਨੂੰ ਪੂਰਾ ਕਰਦੇ ਹੋਏ ਉਹਨਾਂ ਦੇ ਨੇਤਰ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਨੂੰ ਦਾਨ ਕੀਤੇ ਗਏ। ਇਸ ਸਮੇਂ ਸੰਸਥਾ ਦੇ ਪ੍ਰਧਾਨ ਮਨਮੋਹਨ ਸਿੰਘ, ਇੰਜ ਜਸਵੀਰ ਸਿੰਘ, ਸੁਰੇਸ਼ ਕਪਾਟੀਆ, ਬਲਜੀਤ ਸਿੰਘ ਪਨੇਸਰ ਅਤੇ ਮੈਡਮ ਸੰਤੋਸ਼ ਸੈਣੀ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਇਸ ਪਵਿੱਤਰ ਕਾਰਜ ਵਿੱਚ ਹਿੱਸਾ ਪਾਉਣ ਲਈ ਪਰਵਾਰ ਦਾ ਧੰਨਵਾਦ ਕੀਤਾ। ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਦਿਲਬਾਗ ਰਾਏ ਦੇ ਨੇਤਰ ਦੋ ਨੇਤਰਹੀਣ ਵਿਅਕਤੀਆਂ ਨੂੰ ਲਗਵਾਏ ਜਾਣਗੇ ਅਤੇ ਉਨ੍ਹਾਂ ਦੀ ਹਨੇਰੀ ਜਿੰਦਗੀ ਵਿੱਚ ਰੋਸ਼ਨੀ ਭਰੀ ਜਾਵੇਗੀ।

ਪੰਜਾਬ ਅੰਦਰ ਹੁਣ ਡਰ ਦਾ ਮਾਹੌਲ : ਚੰਦੂਮਾਜਰਾ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) : ਅੱਜ ਇੱਥੇ ਇਤਿਹਾਸਕ ਗੁਰਦੁਆਰਾ ਕਤਲਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪ੍ਰੈਸ ਕਾਨਫਰੰਸ ਕੀਤੀ ਅਤੇ ਗੜ੍ਹੀ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਹੁਣ ਡਰ ਦਾ ਮਾਹੌਲ ਹੈ, ਕਿਉਂਕਿ ਗੈਂਗਵਾਰ ਦਿਨੋ ਦਿਨ ਵਧਦਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਦਾ ਆਪਣੀ ਸਰਕਾਰ 'ਤੇ ਕੰਟਰੋਲ ਨਹੀਂ। ਉਨ੍ਹਾ ਕਿਹਾ ਕਿ ਜ਼ੀਰਾ ਵਿਖੇ ਸ਼ਰਾਬ ਫੈਕਟਰੀ ਦੀ ਹਮਾਇਤ ਕਰਕੇ ਸਰਕਾਰ ਨੇ ਆਪਣੇ ਆਪ ਨੂੰ ਆਮ ਆਦਮੀ ਕਹਾਉਣ ਦਾ ਟੈਗ ਖਤਮ ਕਰ ਲਿਆ ਹੈ। ਉਨ੍ਹਾ ਜਗਮੀਤ ਸਿੰਘ ਬਰਾੜ ਦੇ ਮੁੱਦੇ 'ਤੇ ਇਸ ਹਲਕੇ 'ਚ ਪੈਣ ਵਾਲੇ ਪ੍ਰਭਾਵ ਨੂੰ ਵੀ ਨਕਾਰਿਆ। ਇਸ ਮੌਕੇ ਉਨ੍ਹਾ ਨਾਲ ਹੋਰਨਾਂ ਤੋਂ ਇਲਾਵਾ ਸਾਬਕਾ ਐੱਮ ਐੱਲ ਏ ਹਰਿੰਦਰਪਾਲ ਸਿੰਘ ਚੰਦੂਮਾਜਰਾ , ਅਜਮੇਰ ਸਿੰਘ ਖੇੜਾ, ਗੁਰਮੀਤ ਸਿੰਘ ਮਕੜੌਨਾ, ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਅਕਾਲੀ ਆਗੂ ਤੇ ਅਹੁਦੇਦਾਰ ਹਾਜ਼ਰ ਸਨ।

ਪ੍ਰਭ ਆਸਰਾ ਚੈਰੀਟੇਬਲ ਮੈਡੀਕਲ ਸੇਵਾ ਸੈਂਟਰ ਵੱਲੋਂ ਗਾਇਨੀ ਓ ਟੀ ਤੇ ਸੀ-ਆਰਮ ਦਾ ਉਦਘਾਟਨ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- ਪ੍ਰਭ ਆਸਰਾ ਸੰਸਥਾ (ਸਰਬ ਸਾਂਝਾ ਪਰਵਾਰ), ਕੁਰਾਲੀ ਜੋ ਕਿ ਪਿੱਛਲੇ ਕਈ ਸਾਲਾਂ ਤੋਂ ਲਾਵਾਰਿਸ ਨਾਗਰਿਕਾਂ ਦੀ ਸਾਂਭ ਸੰਭਾਲ ਤੇ ਇਲਾਜ ਤੇ ਸਮਾਜ ਭਲਾਈ ਦੇ ਕਾਰਜਾਂ ਲਈ ਯਤਨਸ਼ੀਲ ਹੈ, ਵੱਲੋਂ ਕਰੋਨਾ ਮਹਾਮਾਰੀ ਦੇ ਚਲਦਿਆਂ ਗੁੰਮਸ਼ੁਦਾ, ਬੇਸਹਾਰਾ ਨਾਗਰਿਕਾਂ ਲਈ ਵਿਸ਼ੇਸ਼ ਅੰਬੂਲੈਂਸਾਂ, ਸੰਭਾਲ ਦੇ ਨਾਲ-ਨਾਲ ਇਲਾਕੇ ਦੇ ਲੋੜਵੰਦ ਲੋਕਾਂ ਨੂੰ ਰਾਸ਼ਨ ਸਮੱਗਰੀ, ਦਵਾਈਆਂ ਤੇ ਹੋਰ ਮੁਢਲੀਆਂ ਵਸਤਾਂ ਮੁਹਾਈਆਂ ਕਰਵਾਇਆ ਗਈਆਂ ਸਨ। ਇਸ ਦੌਰਾਨ ਪ੍ਰਭ ਆਸਰਾ ਸੰਸਥਾ ਵਲੋਂ ਅਜਿਹੇ ਕੋਵਿਡ ਮਾਹਾਮਾਰੀ ਦੌਰਾਨ ਜਦੋਂ ਵੱਡੇ ਪੱਧਰ 'ਤੇ ਅਜਿਹੇ ਅਤੇ ਹੋਰ ਅਲੱਗ-2 ਬਿਮਾਰੀਆਂ ਤੋਂ ਪੀੜ੍ਹਤ ਨਾਗਰਿਕਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤਾਂ ਪ੍ਰਭ ਆਸਰਾ ਵੱਲੋਂ ਮੈਡੀਕਲ ਸੇਵਾ ਸੈਂਟਰ ਸ਼ੁਰੂ ਕੀਤਾ ਗਿਆ । ਜਿਸ ਵਿਚ ਅਜਿਹੇ ਬੇਸਹਾਰਾ ਤੇ ਪੀੜ੍ਹਤ ਨਾਗਰਿਕਾਂ ਦੇ ਬਿਨਾਂ ਸ਼ਰਤ ਇਲਾਜ ਅਤੇ ਐਮਰਜੈਂਸੀ ਹਾਲਤਾਂ ਵਿੱਚ ਲੋੜਵੰਦ ਨਾਗਰਿਕਾਂ ਦੀਆਂ ਜਿੰਦਗੀਆਂ ਬਚਾਉਣ ਲਈ ਸ਼ਰਤ ਰਹਿਤ ਸੇਵਾਵਾਂ ਦੇ ਨਾਲ- ਨਾਲ ਆਮ ਪੀੜ੍ਹਿਤ ਜਨਤਾ ਲਈ ਰੋਗ ਜਾਂਚ ਕੇਂਦਰ ਅਤੇ ਵੱਖ ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਵੱਲੋਂ ਚੈਰੀਟੇਬਲ ਅਧਾਰ ਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਹਸਪਤਾਲ ਦਾ ਨਿਰਮਾਣ ਕੀਤਾ ਗਿਆ । ਇਸ ਸਬੰਧੀ ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਪਡਿਆਲਾ ਨੇ ਦੱਸਿਆ ਕਿ ਜਿਹਨਾਂ ਲਵਾਰਿਸ, ਗੁੰਮਸ਼ੁਦਾ, ਲੋੜਵੰਦਾਂ, ਬੇਸਹਾਰਾ ਤੇ ਰੁਲ ਰਹੀਆਂ ਗਰਭਵਤੀ ਔਰਤਾਂ ਨੂੰ ਇਲਾਜ ਤੇ ਪੁਨਰਵਾਸ ਦਾ ਮੌਕਾ ਨਹੀਂ ਮਿਲ ਰਿਹਾ ਤੇ ਇਲਾਕੇ ਦੇ ਲੋੜਵੰਦ / ਗਰੀਬ ਨਾਗਰਿਕਾਂ ਲਈ ਗਾਇਨੀ ਓ ਟੀ ਦਾ ਉਦਘਾਟਨ ਕੀਤਾ ਗਿਆ ਹੈ, ਜਿਸ ਵਿਚ ਔਰਤਾਂ ਦੇ ਵੱਖ - ਵੱਖ ਰੋਗਾਂ ਦਾ ਇਲਾਜ, ਟੈਸਟ ਤੇ ਅਪਰੇਸ਼ਨ ਮਾਹਿਰ ਡਾਕਟਰਾਂ ਵਲੋਂ ਚੈਰੀਟੇਬਲ ਅਧਾਰ 'ਤੇ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਪ੍ਰਭ ਆਸਰਾ ਵਿਚ ਅੱਖਾਂ ਦੇ ਅਪਰੇਸ਼ਨ, ਔਰਤਾਂ ਦੀਆ ਡਿਲਵਰੀਆਂ ਤੇ ਅਪਰੇਸ਼ਨ ਸ਼ੁਰੂ ਹੋ ਗਏ ਹਨ, ਜਲਦੀ ਹੀ ਹੱਡੀਆਂ ਦੇ ਅਪਰੇਸ਼ਨ ਵੀ ਸ਼ੁਰੂ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਸੀ-ਆਰਮ ਨਾਮਕ ਮਸ਼ੀਨ ਨਾ ਹੋਣ ਕਰਕੇ ਹੱਡੀਆਂ ਦੇ ਅਪਰੇਸ਼ਨ ਨਹੀਂ ਸੀ ਹੋ ਰਹੇ, ਆਰਲਿਕੋਂਨ ਵੱਲੋ ਅੰਡਰ ਸੀਐਸਆਰ ਇਹ ਮਸ਼ੀਨ ਭੇਟ ਕੀਤੀ ਗਈ ਹੈ। ਜਿਸ ਨਾਲ ਲਾਵਾਰਿਸ ਤੇ ਲੋੜਵੰਦ ਨਾਗਰਿਕਾਂ ਨੂੰ ਬਹੁਤ ਲਾਭ ਮਿਲੇਗਾ।

ਸ਼੍ਰੋਮਣੀ ਅਕਾਲੀ ਦਲ 'ਚ ਕਮੀਆਂ ਉੱਭਰ ਕੇ ਸਾਹਮਣੇ ਆਈਆਂ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਦੀ ਗੜ੍ਹੀ ਦੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸ਼ਹੀਦੀ ਜੋੜ ਮੇਲ ਦੌਰਾਨ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਵਿੱਚ ਕੀਤੀ ਕਾਨਫਰੰਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਿੱਚ ਆਈਆਂ ਕਮੀਆਂ ਦੀ ਗੱਲ ਪ੍ਰਮੁੱਖ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ ਅਤੇ ਬੁਲਾਰਿਆਂ ਵੱਲੋਂ ਪੰਥਕ ਸੰਸਥਾਵਾਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀ ਹੋਂਦ ਨੂੰ ਬਚਾਉਣ ਲਈ ਪੰਥਕ ਲੀਡਰਸ਼ਿਪ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ। ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਤੋਂ ਬਾਅਦ ਦੀਵਾਨ ਹਾਲ ਵਿੱਚ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਸੰਸਦ ਮੈਂਬਰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਚਮਕੌਰ ਸਾਹਿਬ ਦੀ ਧਰਤੀ ਜਬਰ ਤੇ ਜੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਦਿੰਦੀ ਹੈ, ਜਿੱਥੋਂ ਸ਼ਕਤੀ ਹਾਸਿਲ ਕਰਕੇ ਸਿੱਖ ਕੌਮ ਨੇ ਦੇਸ਼ ਵਿਦੇਸ਼ ਵਿੱਚ ਜਿੱਤਾਂ ਦਰਜ ਕੀਤੀਆਂ ਹਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਪੰਥਕ ਲੀਡਰਸ਼ਿਪ ਵਿੱਚ ਆਈਆਂ ਕਮੀਆਂ ਕਾਰਨ ਹੀ ਪੰਥ ਵਿਰੋਧੀ ਤਾਕਤਾਂ ਨੂੰ ਪੰਥਕ ਸੰਸਥਾਵਾਂ ਵਿੱਚ ਘੁਸਪੈਠ ਕਰਨ ਦਾ ਮੌਕਾ ਮਿਲਿਆ ਹੈ ਅਤੇ ਸ਼ਕਤੀਆਂ ਦਾ ਪੰਥਕ ਏਕਤਾ ਨਾਲ ਹੀ ਮੁਕਾਬਲਾ ਕੀਤਾ ਜਾ ਸਕਦਾ ਹੈ।

ਇਸ ਮੌਕੇ ਸਾਬਕਾ ਸੰਸਦ ਮੈਂਬਰ ਬੀਬੀ ਸਤਵਿੰਦਰ ਕੌਰ ਧਾਰੀਵਾਲ, ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਰਾਏ, ਜਥੇਦਾਰ ਜਗਜੀਤ ਸਿੰਘ ਰਤਨਗੜ੍ਹ, ਹਰਮੋਹਣ ਸਿੰਘ ਸੰਧੂ, ਜਥੇਦਾਰ ਅਜਮੇਰ ਸਿੰਘ ਖੇੜਾ, ਗੁਰਿੰਦਰ ਸਿੰਘ ਗੋਗੀ, ਬਲਦੇਵ ਸਿੰਘ ਹਾਫਿਜਾਬਾਦ, ਹਰਦੀਪ ਸਿੰਘ ਸੋਨੀ ਅਤੇ ਜਗਵਿੰਦਰ ਸਿੰਘ ਪੰਮੀ ਆਦਿ ਹਾਜਰ ਸਨ।

ਜਥੇਦਾਰ ਫੁਗਲਾਣਾ ਜਨਰਲ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੇ ਮੈਂਬਰ ਬਣੇ



ਮੇਹਟੀਆਣਾ (ਜਗਤਾਰਸਿੰਘ ਭੁੰਗਰਨੀ) ਬੀਤ ਦੇ ਜਰਨਲ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੀ ਹੰਗਾਮੀ ਮੀਟਿੰਗ ਸ਼ਾਮ ਲਾਲ ਸ਼ਰਮਾ ਚੀਫ ਆਰਗੇਨਾਈਜਰ ਅਤੇ ਸੂਬਾ ਪ੍ਰਧਾਨ ਜਸਵੰਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿਚ ਰਾਖਵਾਂਕਰਨ ਦੇ ਖਿਲਾਫ ਲੜਾਈ ਲੜ ਰਹੀਆਂ ਸਾਰੀਆਂ ਹੀ ਜਥੇਬੰਦੀਆਂ ਦੀ ਕਾਰਗੁਜਾਰੀ ਉੱਤੇ ਝਾਤ ਮਾਰੀ ਗਈ ਅਤੇ ਸਾਰੀਆਂ ਹੀ ਜਥੇਬੰਦੀਆਂ ਵਿੱਚੋਂ ਇੱਕ-ਇੱਕ ਮੈਂਬਰ ਲੈ ਕੇ ਸੂਬਾ ਜੁਆਇੰਟ ਐਕਸਨ ਕਮੇਟੀ ਬਣਾਈ ਗਈ ਜਿਸ ਵਿੱਚ ਦੋਆਬਾ ਜਰਨਲ ਕੈਟਾਗਰੀਜ ਫਰੰਟ ਪੰਜਾਬ ਦੀਆਂ ਗਤੀਵਿਧੀਆਂ ਨੂੰ ਦੇਖਦੇ ਹੋਏ ਤਾਂ ਬਲਬੀਰ ਸਿੰਘ ਫੁਗਲਾਣਾ ਨੂੰ ਜਰਨਲ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦਾ ਮੈਂਬਰ ਚੁਣਿਆ ਗਿਆ, ਜਿਸ ਨਾਲ ਦੋਆਬਾ ਜਰਨਲ ਕੈਟਾਗਰੀਜ ਫਰੰਟ ਪੰਜਾਬ ਅਤੇ ਜਨਰਲ ਵਰਗ ਦੇ ਵਿੱਚ ਖੁਸ਼ੀ ਦਾ ਮਹੌਲ ਪਾਇਆ ਜਾ ਰਿਹਾ ਹੈ, ਜਿਸ ਵਿੱਚ ਸੁਰਜੀਤ ਸਿੰਘ ਭੁੰਗਰਨੀ ਜਗਤਾਰ ਸਿੰਘ ਭੁੰਗਰਨੀ ਵਰਿੰਦਰ ਸਿੰਘ ਭਿੰਡਰ ਜਸਬੀਰ ਸਿੰਘ ਭਾਮ ਬਲਵਿੰਦਰ ਸਿੰਘ ਭਾਮ ਮਨਜੀਤ ਸਿੰਘ ਭਾਮ ਜਗਦੇਵ ਸਿੰਘ ਗੁਰਦਿਆਲ ਸਿੰਘ ਜਲਵੇੜਾ ਮਹਿੰਦਰ ਸਿੰਘ ਰੱਬ ਬਲਵਿੰਦਰ ਸਿੰਘ ਗਿੱਲ ਬਲਵਿੰਦਰ ਸਿੰਘ ਮੇਟੀਆਣਾ ਲੰਬੜਦਾਰ ਤਰਲੋਚਨ ਸਿੰਘ ਪੱਟੀ ਡਾਕਟਰ ਜਸਪਾਲ ਸਿੰਘ ਮੰਡੇਰ ਲੰਬੜਦਾਰ ਸਤਨਾਮ ਸਿੰਘ ਪੰਜੌੜ ਅਤੇ ਅਜੀਤ ਸਿੰਘ ਖਨੌੜਾ ਨੇ ਖੁਸ਼ੀ ਦਾ ਇਜਹਾਰ ਕੀਤਾ। ਮੀਟਿੰਗ ਵਿੱਚ ਬਲਬੀਰ ਸਿੰਘ ਤੋਂ ਇਲਾਵਾ ਕੁਲਜੀਤ ਸਿੰਘ ਰਟੌਲ ਪਟਿਆਲਾ ਜਗਦੀਸ਼ ਸਿੰਘ ਸੰਗਰੂਰ ਅਤੇ ਇਕਬਾਲ ਸਿੰਘ ਬਠਿੰਡਾ ਵੀ ਮੈਂਬਰ ਚੁਣੇ ਗਏ।

ਪਿੰਡ ਬਠਲਾਣਾ 'ਚ ਸ਼ਿਕਾਇਤ ਨਿਵਾਰਨ ਕੈਂਪ

ਐਸ ਏ ਐਸ ਨਗਰ (ਗੁਰਜੀਤ ਬਿੱਲਾ) : ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਦੇਣ ਦੇ ਮੰਤਵ ਤਹਿਤ ਗੁੱਡ ਗਵਰਨੈਂਸ ਵੀਕ ਮਨਾਇਆ ਜਾ ਰਿਹਾ ਹੈ । ਇਸੇ ਮੰਤਵ ਤਹਿਤ ਜ਼ਿਲ੍ਹੇ ਦੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਅੱਜ ਪਿੰਡ ਬਠਲਾਣਾ ਵਿਖੇ ਜਨਤਕ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਗਿਆ । ਇਸ ਕੈਂਪ 'ਚ ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪ ਦੌਰਾਨ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਪ੍ਰਸ਼ਾਸਨਕ ਅਧਿਕਾਰੀਆਂ ਦੇ ਸਾਹਮਣੇ ਰੱਖੀਆਂ। ਇਸ ਕੈਂਪ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਧਿਆਨ ਨਾਲ ਸੁਣਿਆ ਅਤੇ ਸਧਾਰਨ ਮੁਸ਼ਕਲਾਂ ਨੂੰ ਮੌਕੇ 'ਤੇ ਹੀ ਹੱਲ ਕੀਤਾ ਗਿਆ ਅਤੇ ਬਾਕੀ ਸਮੱਸਿਆਵਾਂ ਨੂੰ ਛੇਤੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਵਧੇਰੇ ਜਾਣਕਾਰੀ ਦਿੰਦੇ ਹੋਏ ਐਸ ਡੀ ਐਮ ਮੁਹਾਲੀ ਸਰਬਜੀਤ ਕੌਰ ਨੇ ਦੱਸਿਆ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ 'ਚ ਜਨਤਕ ਸ਼ਿਕਾਇਤ ਨਿਵਾਰਨ ਕੈਂਪ ਲਗਾਏ ਜਾ ਰਹੇ ਹਨ । ਉਨ੍ਹਾ ਕਿਹਾ ਕਿ ਇਨ੍ਹਾਂ ਕੈਂਪਾਂ 'ਚ ਲੋਕਾਂ ਦੀਆਂ ਮੁਸ਼ਕਲਾਂ ਨੂੰ ਪ੍ਰਸ਼ਾਸਨ ਵੱਲੋਂ ਜਾਣਿਆ ਜਾਂਦਾ ਹੈ ਅਤੇ ਮੌਕੇ 'ਤੇ ਸਧਾਰਨ ਸ਼ਿਕਾਇਤਾਂ ਦਾ ਨਿਪਟਾਰਾ ਵੀ ਕੀਤਾ ਜਾਂਦਾ ਹੈ । ਉਨ੍ਹਾਂ ਨੇ ਜਾਣੂੰ ਕਰਵਾਇਆ ਕਿ ਇਸ ਕੈਂਪ ਦੌਰਾਨ ਹਲਕਾ ਮੁਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਲੋਕਾਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਘਰਾਂ ਤੱਕ ਪਹੁੰਚ ਕੇ ਹੱਲ ਕਰਨ ਲਈ ਯਤਨਸ਼ੀਲ ਹੈ। ਇਸ ਤੋਂ ਇਲਾਵਾ ਉਨ੍ਹਾ ਦੱਸਿਆ ਕਿ ਕੈਂਪ 'ਚ ਪਿੰਡ ਬਠਲਾਣਾ ਤੋਂ ਇਲਾਵਾ ਦੈੜੀ, ਗੁਢਾਣਾ ਅਤੇ ਨੌਗਿਆਰੀ ਪਿੰਡਾਂ ਦੇ ਲੋਕਾਂ ਨੇ ਵੀ ਅਧਿਕਾਰੀਆਂ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ । ਇਸ ਕੈਂਪ ਦੌਰਾਨ 2 ਇੰਤਕਾਲ ਮੌਕੇ 'ਤੇ ਕਰਵਾਏ ਗਏ ਹਨ । ਉਨ੍ਹਾ ਕਿਹਾ ਕਿ ਭਵਿੱਖ ਵਿੱਚ ਵੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ 'ਚ ਜਨਤਕ ਸ਼ਿਕਾਇਤ ਨਿਵਾਰਨ ਕੈਂਪ ਲਗਾਏ ਜਾਣਗੇ । ਇਸ ਤੋਂ ਇਲਾਵਾ ਕੈਂਪ ਦੌਰਾਨ ਡੀ ਐਸ ਪੀ ਹਰਸਿਮਰਨ ਸਿੰਘ ਬੱਲ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ। ਉਨ੍ਹਾ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ । ਇਸ ਮੌਕੇ ਤਹਿਸੀਲਦਾਰ ਮੁਹਾਲੀ ਕਰਮਜੋਤ ਸਿੰਘ, ਨਾਇਬ ਤਹਿਸਲਦਾਰ ਅਰਜੁਨ ਗਰੇਵਾਲ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਕੈਂਪ ਵਿੱਚ ਆਏ ਲੋਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਸ਼ਹੀਦੀ ਸਮਾਗਮ ਕਰਵਾਇਆ

ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ)-ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਮਾਗਮ ਭੋਗਪੁਰ ਦੇ ਬੱਸ ਅੱਡੇ ਵਿਖੇ ਕਰਵਾਇਆ ਗਿਆ। ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਅਰਦਾਸ ਉਪਰੰਤ ਆਈਆਂ ਹੋਈਆਂ ਸਮੂਹ ਸੰਗਤਾਂ ਵਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕੀਤਾ ਗਿਆ ਅਤੇ ਉਨ੍ਹਾਂ ਮੋਤੀ ਰਾਮ ਮਹਿਰਾ, ਦੀਵਾਨ ਟੋਡਰ ਮੱਲ ਦੇ ਜੋ ਅਹਿਸਾਨ ਸਾਹਿਬਜ਼ਾਦਿਆਂ 'ਤੇ ਕੀਤੇ, ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਦੀ ਯਾਦ ਵਿੱਚ ਦੁੱਧ ਦਾ ਲੰਗਰ ਵੀ ਲਗਾਇਆ ਗਿਆ। ਇਸ ਸਮਾਗਮ ਵਿਚ ਦੂਰ-ਦੁਰੇਡੇ ਤੋਂ ਆਈਆਂ ਹੋਈਆਂ ਸੰਗਤਾਂ ਨਤਮਸਤਕ ਹੋਈਆਂ।

ਡਿਪਟੀ ਕਮਿਸ਼ਨਰ ਵੱਲੋਂ 26 ਜਨਵਰੀ ਦੇ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ

ਐਸ.ਏ.ਐਸ ਨਗਰ (ਗੁਰਜੀਤ ਬਿੱਲਾ) -ਡਿਪਟੀ ਕਮਿਸ਼ਨਰ ਅਮਿਤ ਤਲਵਾੜ ਵੱਲੋਂ 26 ਜਨਵਰੀ ਨੂੰ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਅੱਜ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ । ਇਸ ਦੌਰਾਨ ਉਨਾਂ ਗਣਤੰਤਰ ਦਿਵਸ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਨਿਰਧਾਰਤ ਕੀਤੀਆਂ । ਉਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਰਾਸ਼ਟਰੀ ਤਿਉਹਾਰ ਨੂੰ ਸੁਚੱਜੇ ਢੰਗ ਨਾਲ ਮਨਾਉਣ ਲਈ ਉਨਾਂ ਨੂੰ ਸੌਂਪੀਆਂ ਗਈਆਂ ਜਿੰਮੇਵਾਰੀਆਂ ਨੂੰ ਨਿੱਜੀ ਦਿਲਚਸਪੀ ਲੈਂਦੇ ਹੋਏ ਮਿਹਨਤ ਤੇ ਲਗਨ ਨਾਲ ਪੂਰਾ ਕਰਨਗੇ । ਤਲਵਾੜ ਨੇ ਦੱਸਿਆ ਕਿ ਇਹ ਗਣਤੰਤਰ ਦਿਵਸ ਦਾ ਸਮਾਗਮ ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਫੇਜ਼-6, ਐਸ.ਏ.ਐਸ ਨਗਰ ਵਿਖੇ ਹੋਵੇਗਾ । ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੀਆਂ ਰਿਹਰਸਲਾਂ ਵੀ ਸਮਾਗਮ ਵਾਲੇ ਥਾਂ ਤੇ ਕੀਤੀਆਂ ਜਾਣੀਆਂ ਹਨ । ਇਸ ਦੌਰਾਨ ਉਨਾਂ ਸਟੇਜ ਦੀ ਸਜਾਵਟ, ਗਰਾਊਂਡ ਦੀ ਸਾਫ਼-ਸਫ਼ਾਈ, ਸੈਨੇਟਾਈਜ਼ੇਸ਼ਨ, ਪਰੇਡ, ਝਾਕੀਆਂ, ਸੁਰੱਖਿਆ, ਨਿਰਵਿਘਨ ਬਿਜਲੀ ਸਪਲਾਈ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਸਵਾਗਤੀ ਗੇਟ, ਪਬਲਿਕ ਐਡਰੈੱਸ ਸਿਸਟਮ, ਰਿਕਵਰੀ ਵੈਨ, ਫਾਇਰ ਟੈਂਡਰ, ਚੌਕਾਂ ਦੀ ਸਜਾਵਟ, ਰਿਫਰੈਸ਼ਮੈਂਟ, ਬੈਰੀਕੇਡਿੰਗ, ਬੈਠਣ ਦੇ ਪ੍ਰਬੰਧਾਂ ਆਦਿ ਨੂੰ ਸੁਚੱਜੇ ਢੰਗ ਨਾਲ ਮਿੱਥੇ ਸਮੇਂ ਵਿੱਚ ਕਰਨ ਲਈ ਸਬੰਧੀ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਗਏ । ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀਮਤੀ ਅਮਨਿੰਦਰ ਕੌਰ ਬਰਾੜ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਅਵਨੀਤ ਕੌਰ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ, ਸਹਾਇਕ ਕਮਿਸ਼ਨਰ (ਜ) ਤਰਸੇਮ ਚੰਦ, ਸਹਾਇਕ ਕਮਿਸ਼ਨਰ (ਸ਼ਿ) ਇੰਦਰ ਪਾਲ, ਐਸ.ਡੀ.ਐਮ ਮੋਹਾਲੀ ਸ੍ਰੀਮਤੀ ਸਰਬਜੀਤ ਕੌਰ ਤੋਂ ਇਲਾਵਾਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ

ਸ਼ਹੀਦੀ ਹਫਤੇ ਨੂੰ ਸਮਰਪਤ ਸਮਾਗਮ ਕਰਵਾਏ

ਆਦਮਪੁਰ, (ਪਰਮਜੀਤ ਸਿੰਘ)-: ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸਲਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ, ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਸ਼ਹੀਦੀ ਸਮਾਗਮ ਮਨਾਏ ਗਏ। ਪ੍ਰਧਾਨ ਅਮਨਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਸਹੀਦੀ ਸਮਾਗਮ ਪਿਛਲੇ ਕਰੀਬ 50 ਸਾਲਾਂ ਤੋਂ ਸਮੂਹ ਨਗਰ ਨਿਵਾਸੀ ਦੇ ਸਹਿਯੋਗ ਨਾਲ ਮਿਲ ਕੇ ਮਨਾਉਂਦੇ ਆ ਰਹੇ ਹਨ। ਇਨ੍ਹਾਂ ਸਮਾਗਮਾਂ ਦੀ ਆਰੰਭਤਾ 16 ਦਸੰਬਰ ਨੂੰ ਕੀਤੀ ਗਈ ਅਤੇ 21 ਦਸੰਬਰ ਨੂੰ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜੋ ਕਿ ਵੱਖ-ਵੱਖ ਪਿੰਡਾਂ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਸ਼ਹੀਦ ਗੰਜ ਵਿਖੇ ਸਮਾਪਤ ਹੋਇਆ। ਇਨ੍ਹਾਂ ਸਮਾਗਮਾਂ ਦੌਰਾਨ ਸੰਤ ਬਾਬਾ ਰਾਮ ਸਿੰਘ ਦਮਦਮੀ ਟਕਸਾਲ, ਹੈੱਡ ਗ੍ਰੰਥੀ ਸਰਵਣ ਸਿੰਘ, ਭਾਈ ਪਰਮਿੰਦਰ ਸਿੰਘ, ਭਾਈ ਸੰਤੋਖ ਸਿੰਘ ਰੱਬ ਦੇ ਕੀਰਤਨੀ ਜਥਿਆਂ ਵੱਲੋਂ ਆਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈਡ ਗ੍ਰੰਥੀ ਸਰਵਣ ਸਿੰਘ, ਅਮਨਦੀਪ ਸਿੰਘ ਬਿੱਟਾ ਪ੍ਰਧਾਨ, ਭਾਈ ਸੰਤੋਖ ਸਿੰਘ ਦਮਦਮੀ ਟਕਸਾਲ, ਦਲਵੀਰ ਸਿੰਘ, ਰਜਿੰਦਰ ਸਿੰਘ ਮੰਗੀ, ਦਵਿੰਦਰ ਸਿੰਘ, ਸਰਬਜੀਤ ਸਿੰਘ, ਅਵਤਾਰ ਸਿੰਘ, ਨੰਬਰਦਾਰ ਇਕਬਾਲ ਸਿੰਘ ਮੰਡੇਰ, ਰਘਵੀਰ ਸਿੰਘ, ਸਰਵਣ ਸਿੰਘ ਜਥੇਦਾਰ, ਅਮਰੀਕ ਸਿੰਘ ਨੰਗਲ ਫੀਦਾ, ਮਲਕੀਤ ਸਿੰਘ, ਗੁਰਪਾਲ ਸਿੰਘ, ਗੁਰਦਿਆਲ ਸਿੰਘ, ਰਘਬੀਰ ਸਿੰਘ, ਗੁਰਦੀਪ ਸਿੰਘ ਸਰਪੰਚ, ਪਰਮਿੰਦਰ ਸਿੰਘ, ਲਖਵੀਰ ਸਿੰਘ ਰੰਧਾਵਾ ਅਤੇ ਹੋਰ ਹਾਜ਼ਰ ਸਨ।

ਆਂਗਣਵਾੜੀ ਸੈਂਟਰ ਨੂੰ ਫਰਿੱਜ ਤੇ ਝੂਲੇ ਦਿੱਤੇ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) - ਸਟੇਟ ਬੈਂਕ ਬਰਾਂਚ ਨੂਰਮਹਿਲ ਵਲੋਂ ਸਮੇਂ ਸਮੇਂ 'ਤੇ ਵਿਦਿਆ , ਵਾਤਾਵਰਨ ਅਤੇ ਹੋਰ ਸਮਾਜ ਸੇਵੀ ਕੰਮਾਂ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ ਜੋ ਕਿ ਇਕ ਸ਼ਲਾਘਾਯੋਗ ਉਪਰਾਲਾ ਹੈ । ਬੈਂਕ ਸਾਖਾ ਦੀ ਮੁੱਖ ਪ੍ਰਬੰਧਕ ਮੈਡਮ ਨੀਨਾ ਅਰੋੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੈਂਕ ਦੀ ਸ਼ਾਖਾ ਵਲੋਂ ਆਂਗਨਵਾੜੀ ਸੈਂਟਰ ਪਿੰਡ ਨੱਤ ਨੂੰ ਇਕ ਫਰਿੱਜ ਅਤੇ ਚਾਰ ਝੂਲੇ ਦਿੱਤੇ । ਸਕੂਲ ਮੁਖੀ ਗੁਰਿੰਦਰ ਸਿੰਘ ਲਾਂਬਾ ਨੇ ਸਟਾਫ ਦਾ ਧੰਨਵਾਦ ਕਰਦਿਆਂ ਆਖਿਆ ਕਿ ਬੈਂਕ ਵਲੋਂ ਬੱਚਿਆਂ ਲਈ ਇਹ ਸ਼ਲਾਘਾਯੋਗ ਉਪਰਾਲਾ ਹੈ । ਇਸ ਮੌਕੇ 'ਤੇ ਸੁਖਵਿੰਦਰ ਸਿੰਘ ਸੋਨੀ,ਚੀਫ ਅਸਿਸਟੈਂਟ, ਭੁੱਲਾ ਸਿੰਘ , ਕੁਲਤਾਰ ਸਿੰਘ, ਮੰਗਤ ਸਿੰਘ, ਗੁਰਦੇਵ ਸਿੰਘ, ਮੈਡਮ ਰੁਪਿੰਦਰ ਕੌਰ, ਚੇਅਰਮੈਨ ਜਸਵਿੰਦਰ ਕੌਰ ਅਤੇ ਸਟਾਫ ਹਾਜਰ ਸੀ।

ਸੈਣੀ ਮੈਡੀਕਲ ਹਾਲ ਵਿਖੇ ਚਾਹ-ਮੱਠੀਆਂ ਦਾ ਲੰਗਰ ਲਗਾਇਆ

ਫਿਲੌਰ (ਨਿਰਮਲ, ਬੀ ਐੱਸ ਕੈਨੇਡੀ)—ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੈਣੀ ਮੈਡੀਕਲ ਹਾਲ ਨਵਾਂਸ਼ਹਿਰ ਰੋਡ ਫਿਲੌਰ ਵਿਖੇ ਚਾਹ-ਮੱਠੀਆਂ ਦਾ ਲੰਗਰ ਲਗਾਇਆ ਗਿਆ ਹੈ ਜੋ 30 ਦਸੰਬਰ ਤੱਕ ਚੱਲੇਗਾ।

ਸੰਗਤਾਂ ਨੂੰ ਸੇਵਾਦਾਰਾਂ ਵੱਲੋਂ ਚਾਹ ਦਾ ਅਤੁੱਟ ਲੰਗਰ ਛਕਾਇਆ ਗਿਆ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ, ਹਰਵਿੰਦਰ ਸਿੰਘ, ਅਮਰੀਕ ਸਿੰਘ ਬਿੱਟੂ ਨੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਮਾਤਾ-ਪਿਤਾ ਅਤੇ ਚਾਰੇ ਸਾਹਿਬਜ਼ਾਦਿਆਂ ਦੀਆਂ ਦਿੱਤੀਆਂ ਸ਼ਹਾਦਤਾਂ ਸਮੁੱਚੀ ਸਿੱਖ ਕੌਮ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦਾ ਆਪਣਾ ਸਾਰਾ ਜੀਵਨ ਸਿੱਖ ਧਰਮ ਲਈ ਹੀ ਨਹੀਂ, ਸਗੋਂ ਸਮੁੱਚੀ ਲੋਕਾਈ ਦੀ ਭਲਾਈ ਲਈ ਦੁੱਖ ਤਕਲੀਫਾਂ ਅਤੇ ਵੱਡੀਆਂ ਘਟਨਾਵਾਂ ਸਹਿੰਦਿਆਂ ਹੋਇਆ ਗੁਜ਼ਰਿਆ। ਇਸ ਮੌਕੇ 'ਤੇ ਹਰਿੰਦਰ ਸਿੰਘ ਸੈਣੀ, ਵਰਿੰਦਰ ਸਿੰਘ ਸੈਣੀ, ਰਣਧੀਰ ਸਿੰਘ, ਗੁਰਦੀਪ ਸਿੰਘ ਹਨੀ, ਸਾਬੀ, ਸੂਰਜ, ਲਖਵਿੰਦਰ ਸਿੰਘ, ਜਸਵੰਤ ਸਿੰਘ, ਟਿੰਕੂ, ਹਰਦੀਪ ਸਿੰਘ ਦਾਵਿੰਦਰ ਸਿੰਘ ਭਿੰਦਾ, ਪਰਮਿੰਦਰ ਸਿੰਘ ਮਾਹਲ ਸਗਨੇਵਾਲ, ਪੱਤਰਕਾਰ ਸੁਰਜੀਤ ਸਿੰਘ ਬਰਨਾਲਾ, ਦੀਪਾ ਬਕਾਪੁਰ ਪੀ.ਏ ਅਤੇ ਸੇਵਾਦਾਰ ਨੇ ਤਨਦੇਹੀ ਨਾਲ ਸੇਵਾਵਾਂ ਨਿਭਾਈਆਂ।

ਅਜੈਬ ਸਿੰਘ ਚੱਠਾ ਤੇ ਸਰਦੂਲ ਸਿੰਘ ਥਿਆੜਾ ਮਾਂ ਬੋਲੀ ਦੀ ਸੇਵਾ ਲਈ ਸਨਮਾਨਤ

ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)-ਬੀਤੇ ਲੰਮੇ ਸਮੇਂ ਤੋਂ ਕੈਨੇਡਾ ਵਿਚ ਰਹਿ ਕੇ ਮਾਂ ਬੋਲੀ ਪੰਜਾਬੀ ਲਈ ਹਮੇਸ਼ਾ ਯਤਨਸ਼ੀਲ ਰਹੇ ਅਜੈਬ ਸਿੰਘ ਚੱਠਾ ਅਤੇ ਸਰਦੂਲ ਸਿੰਘ ਥਿਆੜਾ ਨੂੰ ਉਹਨਾਂ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਲਈ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੁਸਾਇਟੀ ਵੱਲੋਂ ਕਰਵਾਏ ਗਏ ਇਕ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ । ਇਥੇ ਵਰਨਣਯੋਗ ਹੈ ਅਜੈਬ ਸਿੰਘ ਚੱਠਾ ਜਗਤ ਪੰਜਾਬੀ ਸਭਾ ਟੋਰਾਂਟੋ ਦੇ ਚੇਅਰਮੈਨ ਦੀ ਸੇਵਾ ਨਿਭਾ ਰਹੇ ਹਨ ਜਦੋਂ ਕਿ ਸਰਦੂਲ ਸਿੰਘ ਥਿਆੜਾ ਬਤੌਰ ਪ੍ਰਧਾਨ ਸਭਾ ਦੀ ਸੇਵਾ ਕਰ ਰਹੇ ਹਨ । ਜਗਤ ਪੰਜਾਬੀ ਸਭਾ ਟੋਰਾਂਟੋ ,ਕੈਨੇਡਾ ਵਿਖੇ ਜਿੱਥੇ ਪੰਜਾਬੀ ਭਾਸ਼ਾ ਦੇ ਪਸਾਰ ਲਈ ਯਤਨਸ਼ੀਲ ਹੈ ਉੱਥੇ ਇਸ ਸਭਾ ਵੱਲੋਂ ਹਰ ਸਾਲ ਵਿਸ਼ਵ ਪੰਜਾਬੀ ਕਾਨਫਰੰਸਾਂ ਕਰਵਾ ਕੇ ਸੰਸਾਰ ਵਿਚ ਫੈਲੇ ਹੋਏ ਸਮੂਹ ਪੰਜਾਬੀਆਂ ਨੂੰ ਇੱਕ ਪਲੇਟ ਫਾਰਮ 'ਤੇ ਇਕੱਠਾ ਕੀਤਾ ਜਾਂਦਾ ਹੈ ਤਾਂ ਜੋ ਵਿਸ਼ਵ ਦੇ ਕੋਨੇ-ਕੋਨੇ ਤੇ ਪੰਜਾਬੀ ਦੇ ਪਸਾਰ ਲਈ ਸੁਹਿਰਦ ਜਤਨ ਕੀਤੇ ਜਾ ਸਕਣ। ਹਾਲ ਹੀ ਵਿਚ ਆਯੋਜਤ ਇਕ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਮਾਤਾ ਸਾਹਿਬ ਕੌਰ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਅਤੇ ਇਲਾਕੇ ਦੀ ਪ੍ਰਮੁੱਖ ਸਮਾਜਸੇਵੀ ਸ਼ਖਸੀਅਤ ਸੁਖਵਿੰਦਰ ਸਿੰਘ ਅਰੋੜਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਚੱਠਾ ਅਤੇ ਥਿਆੜਾ ਦਾ ਸਨਮਾਨ ਕੀਤਾ ਗਿਆ । ਇਸ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਅਰੋੜਾ ਨੇ ਕਿਹਾ ਕੇ ਵਿਦੇਸ਼ ਦੀ ਧਰਤੀ 'ਤੇ ਰਹਿ ਕੇ ਪੰਜਾਬੀ ਬੋਲੀ ਲਈ ਜੋ ਉਪਰਾਲੇ ਇਹਨਾਂ ਵੱਲੋਂ ਕੀਤੇ ਜਾ ਰਹੇ ਹਨ ਉਸ ਲਈ ਸਮੁੱਚਾ ਪੰਜਾਬੀ ਭਾਈਚਾਰਾ ਇਨ੍ਹਾਂ ਦਾ ਕਰਜਦਾਰ ਰਹੇਗਾ । ਅਜੈਬ ਸਿੰਘ ਚੱਠਾ ਨੇ ਬੀਤੇ ਵਰ੍ਹੇ ਕਰਵਾਈਆਂ ਗਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਪ੍ਰਾਪਤੀ ਦੀ ਚਰਚਾ ਕੀਤੀ ਅਤੇ ਦੱਸਿਆ ਕਿ ਇਸ ਵਾਰ ਨੌਵੀਂ ਵਿਸ਼ਵ ਪੰਜਾਬੀ ਕਾਨਫਰੰਸ 23, 24 ਤੇ 25 ਜੂਨ ਨੂੰ ਬਰੈਂਪਟਨ, ਕਨੇਡਾ ਵਿਖੇ ਕਰਵਾਈ ਜਾ ਰਹੀ ਹੈ । ਇਸ ਮੌਕੇ ਉਨ੍ਹਾਂ ਸੁਖਵਿੰਦਰ ਸਿੰਘ ਅਰੋੜਾ ਅਤੇ ਪ੍ਰਿੰਸੀਪਲ ਸ਼ਾਰਦਾ ਦੱਤ ਨੂੰ ਜਗਤ ਪੰਜਾਬੀ ਸਭਾ ਟਰਾਂਟੋ ਵੱਲੋਂ ਸਨਮਾਨ ਦਿੰਦੇ ਹੋਏ ਇਕ ਸ਼ਾਲ ਅਤੇ "ਕਾਇਦਾ-ਏ-ਨੂਰ" ਭੇਟ ਕੀਤਾ । ਇਸ ਸਮਾਰੋਹ ਵਿਚ ਸੇਵਾ ਸਿੰਘ ,ਰਜਿੰਦਰ ਸਿੰਘ ਮਾਰਸ਼ਲ ,ਸਿਟੀ ਪ੍ਰਧਾਨ ਜਗਜੀਵਨ ਜੱਗੀ ,ਸਤੀਸ਼ ਜੋੜਾ ,ਕੁਲਬੀਰ ਸਿੰਘ ਗੁਰਾਇਆ ,ਤਰਸੇਮ ਪੱਪੂ ,ਡਾ. ਹਰਦੇਵ ਸਿੰਘ ਤੇ ਕਈ ਹੋਰ ਪਤਵੰਤੇ ਹਾਜਰ ਸਨ।

ਮੀਟਿੰਗ ਦੌਰਾਨ ਪੈਨਸ਼ਨਰਜ਼ ਬਾਰੇ ਕੀਤੀ ਵਿਚਾਰ-ਚਰਚਾ

ਮੇਹਟੀਆਣਾ, ਬਹਿਰਾਮ(ਜਗਤਾਰ ਸਿੰਘ ਭੁੰਗਰਨੀ, ਅਵਤਾਰ ਕਲੇਰ) ਪੰਜਾਬ ਪੈਨਸ਼ਨਰਜ ਯੂਨੀਅਨ ਨਵਾਂਸ਼ਹਿਰ ਵਲੋਂ ਦਲਜੀਤ ਸਿੰਘ ਸੁੱਜੋਂ, ਨਸੀਬ ਸਿੰਘ ਜੜੌਤ ਅਤੇ ਜਗਤਾਰ ਸਿੰਘ ਦੀ ਪ੍ਰਧਾਨਗੀ ਹੇਠ, ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਪੈਨਸ਼ਨ ਦਿਵਸ ਮਨਾਉਣ ਲਈ ਭਰਵੀਂ ਮੀਟਿੰਗ ਕੀਤੀ ਗਈ। ਇਸ ਤੋਂ ਪਹਿਲਾਂ ਚਰਨ ਦਾਸ ਡਰਾਈਵਰ ਦੇ ਵਿਛੋੜੇ ਤੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ ਦੇ ਵੱਡੇ ਭਰਾ ਸੁਰਿੰਦਰ ਕੁਮਾਰ ਦੀ ਜੀਵਨ ਸਾਥੀ ਪ੍ਰੇਮ ਸਿੰਘ ਬਘੌਰਾਂ ਦੀ ਜੀਵਨ ਸਾਥੀ ਅਤੇ ਮਹਿੰਦਰ ਸਿੰਘ ਪ੍ਰਧਾਨ ਦੇ ਮਾਤਾ ਜੀ ਦੇ ਵਿਛੋੜੇ ਅਤੇ ਏਟਕ ਦੇ ਆਗੂ ਅਤੇ ਖੇਤ ਮਜਦੂਰ ਸਭਾ ਦੇ ਸੂਬਾ ਪ੍ਰਧਾਨ ਕਾਮਰੇਡ ਸੰਤੋਖ ਸਿੰਘ ਸੰਘੇੜਾ ਤੇ ਹੋਰ ਵਿਛੜੇ ਆਗੂਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਕਾਮਰੇਡ ਮੁਕੰਦ ਲਾਲ ਜ਼ਿਲ੍ਹਾ ਜਨਰਲ ਸਕੱਤਰ ਪੰਜਾਬ ਪੈਨਸ਼ਨਰਜ ਯੂਨੀਅਨ,ਵਿਜੇ ਕੁਮਾਰ ਜਨਰਲ ਸਕੱਤਰ ਪੰਜਾਬ ਪੈਨਸ਼ਨਰਜ ਯੂਨੀਅਨ ਜਲੰਧਰ, ਬਾਬਾ ਮਲਕੀਤ ਸਿੰਘ, ਮੋਹਣ ਸਿੰਘ ਪਪਰਾਲਾ, ਦਿਦਾਰ ਸਿੰਘ ਮਹਿੰਦਰ ਸਿੰਘ ਸਰਸੀਣੀ ਬਲਵੀਰ ਸਿੰਘ ਮਹਿਤਪੁਰ ਨੇ ਪੈਨਸ਼ਨਰਜ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ। ਕਾਮਰੇਡ ਮੁਕੰਦ ਲਾਲ ਨੇ ਪੈਨਸ਼ਨਰ ਦਿਵਸ ਦੀ ਮਹੱਤਤਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਡੀ ਐਸ ਨਾਕੜਾ ਦੇ ਕੇਸ ਵਿੱਚ ਸੰਵਿਧਾਨਿਕ ਬੈਂਚ ਨੇ ਫੈਸਲਾ ਸੁਣਾਇਆ ਸੀ ਕਿ ਪੈਨਸ਼ਨ ਕੋਈ ਖੈਰਾਤ ਨਹੀਂ ਹੈ, ਇਹ ਮੁਲਾਜਮਾਂ ਦਾ ਕਮਾਇਆ ਹੱਕ ਹੈ ਪਰ ਅੱਜ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਮੁਨਾਫੇ ਲਈ ਕਾਨੂੰਨ ਬਣਾ ਕੇ ਪਬਲਿਕ ਅਦਾਰਿਆਂ ਨੂੰ ਖਤਮ ਕਰਨ ਦੇ ਰਸਤੇ ਪਈਆਂ ਹੋਈਆਂ ਹਨ। ਇਸ ਦੀ ਮਿਸਾਲ ਜ਼ੀਰਾ ਦੀ ਸ਼ਰਾਬ ਫੈਕਟਰੀ ਅੱਗੇ ਜਨਤਾ ਦਾ ਅੰਦੋਲਨ ਹੈ। ਹਾਈਕੋਰਟ ਦਾ ਸਹਾਰਾ ਲੈ ਕੇ ਮਾਲਕਾਂ ਦੇ ਹੱਕਾਂ ਵਿੱਚ ਅੰਦੋਲਨਕਾਰੀਆਂ 'ਤੇ ਲਾਠੀਚਾਰਜ ਕੀਤਾ ਗਿਆ। ਪੰਜਾਬ ਪੈਨਸ਼ਨਰਜ ਯੂਨੀਅਨ ਇਸ ਦਾ ਸਖਤ ਵਿਰੋਧ ਕਰਦੀ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਵੱਲੋਂ 21 ਦਸੰਬਰ ਨੂੰ ਖੇਤ ਮਜ਼ਦੂਰ ਜਥੇਬੰਦੀਆਂ ਤੇ ਠੇਕਾ ਮੁਲਾਜਮਾਂ ਦੀਆਂ ਜਥੇਬੰਦੀਆਂ ਨੂੰ ਗੱਲ ਬਾਤ ਲਈ ਬੁਲਾ ਕੇ ਆਪ ਮੀਟਿੰਗ ਵਿੱਚ ਨਾ ਆਉਣ ਦੀ ਨਿਖੇਧੀ ਕੀਤੀ। ਮੀਟਿੰਗ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਾਈਕੋਰਟ ਵਲੋਂ 113% ਤੋਂ 119% ਦਿੱਤਾ ਡੀ ਏ ਦਾ ਫੈਸਲਾ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਸੇਮ ਨੇਚਰ ਦੇ ਕੇਸਾਂ ਵਿੱਚ ਲਾਗੂ ਕਰਨ ਲਈ ਜਨਰਲਾਇਜ ਕੀਤਾ ਜਾਵੇ। ਪਿਛਲੀਆਂ ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਸਮੇਤ ਬਕਾਇਆ ਦਿੱਤੀਆਂ ਜਾਣ। ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਫਾਰਮੂਲੇ ਅਨੁਸਾਰ ਸੋਧੀ ਜਾਵੇ। ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਮਾਨਯੋਗ ਹਾਈਕੋਰਟ ਦੇ ਫੈਸਲੇ ਅਨੁਸਾਰ ਮੈਡੀਕਲ ਬਿਲਾਂ ਦੀ ਅਦਾਇਗੀ ਤਿੰਨ ਮਹੀਨਿਆਂ ਵਿਚ ਕੀਤੀ ਜਾਵੇ, ਲੇਟ ਕਰਨ ਵਾਲੇ ਕਰਮਚਾਰੀਆਂ/ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ। ਪਬਲਿਕ ਅਦਾਰਿਆਂ ਵਿਚੋਂ ਆਊਟ ਸੋਰਸਿਜ ਤੇ ਠੇਕੇ 'ਤੇ ਭਰਤੀ ਬੰਦ ਕਰਕੇ ਪੱਕੀ ਭਰਤੀ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਭੰਗਲ, ਦਿਲਬਾਗ ਸਿੰਘ, ਸੁਰਜੀਤ ਸਿੰਘ ਮਾਣਕ, ਜੀਵਨ ਲਾਲ, ਜਗੀਰ ਕੌਰ, ਸੁਰਿੰਦਰ ਸਿੰਘ, ਮਹਿੰਦਰ ਸਿੰਘ, ਮੋਹਣ ਸਿੰਘ ਰੁੜਕੀ ਖਾਸ, ਗੁਰਪਾਲ ਸਿੰਘ, ਕੇਹਰ ਚੰਦ ਗਰਚਾ, ਗੁਰਮੇਲ ਲਾਲ, ਕਸ਼ਮੀਰ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਦਿਆਲਪੁਰ,ਦੇਸ ਰਾਜ, ਰਘਬੀਰ ਚੰਦ ਆਦਿ ਵੱਡੀ ਗਿਣਤੀ ਵਿਚ ਪੈਨਸ਼ਨਰਜ ਹਾਜ਼ਰ ਸਨ।

ਭਾਕਿਯੂ (ਏਕਤਾ) ਸਿੱਧੂਪੁਰ ਨੇ ਕਿਸਾਨ ਦੀ ਕੁਰਕੀ ਰੁਕਵਾਈ

ਮਾਨਸਾ (ਆਤਮਾ ਸਿੰਘ ਪਮਾਰ)-ਮਾਨਸਾ ਬਲਾਕ ਦੇ ਪਿੰਡ ਕਰਮਗੜ੍ਹ ਔਤਾਂਵਾਲੀ ਦੇ ਇੱਕ ਕਿਸਾਨ ਦੀ ਜ਼ਮੀਨ ਦੀ ਨਿਲਾਮੀ ਮਾਨਸਾ ਦੇ ਇੱਕ ਸੂਦਖੋਰ ਕ੍ਰਿਸ਼ਨ ਕੁਮਾਰ ਪੁੱਤਰ ਹੇਮਰਾਜ ਵੱਲੋਂ ਸਿਵਲ ਕੋਰਟ 1908 ਦੇ ਕੋਡ ਦੇ ਰੂਲ ਨੰਬਰ 64 ਦੇ ਆਰਡਰ ਨੰਬਰ 21 ਅਧੀਨ, ਬਦਲੇ 168,000 ਦੇ ਲਿਆਂਦੀ ਗਈ ਸੀ, ਪ੍ਰੰਤੂ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਵੱਲੋਂ ਕਿਸਾਨ ਮੇਜਰ ਸਿੰਘ ਦੇ ਹੱਕ ਵਿੱਚ ਖੜਦਿਆਂ ਜਥੇਬੰਦੀ ਦੇ ਵਰਕਰ ਤਹਿਸੀਲਦਾਰ ਮਾਨਸਾ ਦੇ ਦਫਤਰ ਅੱਗੇ ਇਕੱਠੇ ਹੋਏ ਤੇ ਸਰਕਾਰ ਵਿਰੋਧੀ ਨਾਹਰੇਬਾਜ਼ੀ ਕੀਤੀ ਗਈ ਤੇ ਇਸ ਇਕੱਠ ਨੂੰ ਦੇਖਦਿਆਂ ਕੋਈ ਵੀ ਵਿਅਕਤੀ ਬੋਲੀ ਦੇਣ ਹੀ ਨਹੀ ਆਇਆ। ਇਸ ਸਮੇਂ ਬੋਲਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਸਰਕਾਰ ਨੂੰ ਕਰਜ਼ਈ ਕਿਸਾਨਾਂ ਦੀਆਂ ਕਰਜ਼ੇ, ਕੁਰਕੀਆਂ ਲਿਆ ਕੇ ਕਿਰਤੀ ਵਰਗ ਨੂੰ ਜ਼ਲੀਲ ਕਰਨਾ ਬੰਦ ਕਰਨਾ ਚਾਹੀਦਾ ਹੈ। ਉਨ੍ਹਾ ਐਲਾਨ ਕੀਤਾ ਕਿ ਭਵਿੱਖ ਵਿੱਚ ਕਿਸੇ ਵੀ ਛੋਟੇ ਕਿਸਾਨ, ਮਜ਼ਦੂਰ, ਦੁਕਾਨਦਾਰ ਦੀ ਕੁਰਕੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਸਮੇਂ ਜਗਦੇਵ ਸਿੰਘ ਭੈਣੀ ਬਾਘਾ, ਰੂਪ ਸਿੰਘ ਖਿਆਲਾ, ਬਲਜੀਤ ਸਿੰਘ ਭੈਣੀ ਬਾਘਾ, ਦੀਦਾਰ ਸਿੰਘ, ਅਮਰਜੀਤ ਸਿੰਘ, ਰਾਜ ਸਿੰਘ ਖਾਰਾ, ਗੁਰਮੇਲ ਚਕੇਰੀਆਂ, ਗੁਰਕਰਤਾਰ ਸਿੰਘ ਬੋੜਾਵਾਲ, ਮਹਿੰਦਰ ਸਿੰਘ ਹੀਰੋ ਕਲਾਂ, ਜਗਰੂਪ ਸਿੰਘ ਖਿਆਲਾ ਖੁਰਦ ਆਦਿ ਕਿਸਾਨ ਆਗੂ ਮੌਜੂਦ ਸਨ।

ਲਾਰੈਂਸ ਸਕੂਲ 'ਚ ਖੇਡ ਮੁਕਾਬਲੇ ਆਰੰਭ

ਬਾਘਾ ਪੁਰਾਣਾ (ਮਨੀ ਸਿੰਗਲਾ)-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਸਾਲਾਨਾ ਖੇਡ ਸਮਾਰੋਹ ਚੱਲ ਰਿਹਾ ਹੈ, ਜਿਸ ਵਿੱਚ ਪਹਿਲਾਂ ਜਮਾਤ ਨਰਸਰੀ ਤੋਂ ਚੌਥੀ ਤੱਕ ਖੇਡ ਮੁਕਾਬਲੇ ਕਰਵਾਏ ਗਏ ਤੇ ਹੁਣ ਜਮਾਤ ਪੰਜਵੀਂ ਤੋਂ ਬਾਰ੍ਹਵੀਂ ਤੱਕ ਤਿੰਨ ਦਿਨਾ ਖੇਡ ਸਮਾਗਮ ਆਰੰਭ ਕੀਤਾ ਗਿਆ। ਸਕੂਲ ਚੇਅਰਮੈਨ ਤਰਸੇਮ ਲਾਲ ਗਰਗ ਨੇ ਮਸ਼ਾਲ ਜਲਾ ਕੇ ਇਸ ਸਮਾਰੋਹ ਦਾ ਸ਼ੁੱਭ ਆਰੰਭ ਕੀਤਾ। ਨਾਲ ਹੀ ਵਿਦਿਆਰਥੀਆਂ ਨੂੰ ਆਪਸੀ ਸਹਿਯੋਗ ਦੀ ਭਾਵਨਾ ਨਾਲ ਜਿੱਤ ਪ੍ਰਾਪਤ ਕਰਨ ਲਈ ਕਿਹਾ। ਖੇਡ ਮੁਕਾਬਲਿਆਂ ਦਾ ਆਰੰਭ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਮਾਰਚ ਪਾਸ ਕੀਤਾ ਗਿਆ ਤੇ ਪਰੇਡ ਦਾ ਪ੍ਰਦਰਸ਼ਨ ਕਰਕੇ ਅਨੁਸ਼ਾਸਨ ਦਿਖਾਇਆ ਗਿਆ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗੀਦਾਰੀ ਲੈ ਕੇ ਆਪਣੀ ਖੁਸ਼ੀ ਜ਼ਾਹਰ ਕੀਤੀ। ਪ੍ਰਿੰਸੀਪਲ ਮੈਡਮ ਜ਼ੀਨਮ ਗਰਗ ਤੇ ਮਨੋਜ ਨੇ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਤੇ ਸਵਸਥ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਪੰਜਵੀਂ ਤੋਂ ਬਾਰਵੀਂ ਜਮਾਤ ਦੀਆਂ ਖੇਡਾਂ ਦੇ ਪਹਿਲੇ ਦਿਨ ਬੈਡਮਿੰਟਨ, ਵਨਲੈਗ ਰੇਸ, ਥਰੀਲੈੱਗ ਰੇਸ, 100 ਮੀਟਰ ਰੇਸ, 200 ਮੀਟਰ ਰੇਸ, ਲੌਂਗ ਜੰਪ, ਖੋ-ਖੋ, ਕਬੱਡੀ ਤੇ ਫੁੱਟਬਾਲ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਪੂਰੀ ਉਰਜਾ ਨਾਲ ਭਾਗ ਲਿਆ।

ਬੀ ਕੇ ਯੂ ਕਰਾਂਤੀਕਾਰੀ ਡਰੋਲੀ ਭਾਈ ਬ੍ਰਾਂਚ ਦੀ ਚੋਣ

ਮੋਗਾ (ਅਮਰਜੀਤ ਬੱਬਰੀ)-ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੀ ਇਕਾਈ ਡਰੋਲੀ ਭਾਈ ਦੀ ਚੋਣ ਕੀਤੀ ਗਈ। ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਤਾਰਾ ਸਿੰਘ ਨੇ ਡਰੋਲੀ ਭਾਈ ਵੱਲੋਂ ਦਿੱਲੀ ਮੋਰਚੇ ਵਿੱਚ ਕੀਤੀ ਸਰਗਰਮੀ ਬਾਰੇ ਬੋਲਦਿਆਂ ਕਿਹਾ ਕਿ ਸਮੁੱਚੇ ਪਿੰਡ ਨੇ ਵਧੀਆ ਰੋਲ ਨਿਭਾਉਣ ਦੀ ਸ਼ਲਾਘਾ ਕੀਤੀ। ਤਾਰਾ ਸਿੰਘ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਮਾਲਬਰੋਜ ਸ਼ਰਾਬ ਫੈਕਟਰੀ ਅੱਗੇ ਲੱਗੇ ਪੱਕੇ ਧਰਨੇ 'ਚ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇ। ਅੰਤ 'ਤੇ ਪਿੰਡ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਦਵਿੰਦਰ ਸਿੰਘ ਪ੍ਰਧਾਨ, ਬਲਵੀਰ ਸਿੰਘ ਮੀਤ ਪ੍ਰਧਾਨ, ਪ੍ਰਤਾਪ ਸਿੰਘ ਸਕੱਤਰ, ਨੱਥਾ ਸਿੰਘ ਸਹਾਇਕ ਸਕੱਤਰ, ਰਣਧੀਰ ਸਿੰਘ ਸੰਘਾ ਕੈਸ਼ੀਅਰ, ਬਲਜਿੰਦਰ ਸਿੰਘ ਤੇ ਜਗਰਾਜ ਸਿੰਘ ਸਰਬਸੰਮਤੀ ਨਾਲ ਕਮੇਟੀ ਮੈਂਬਰ ਚੁਣੇ ਗਏ।

ਸ਼ਹੀਦੀ ਜੋੜ ਮੇਲ ਦੇ ਸੰਬੰਧ 'ਚ ਧਾਰਮਿਕ ਸਮਾਗਮ

ਸਮਰਾਲਾ (ਸੁਰਜੀਤ ਸਿੰਘ)-ਟੈਗੋਰ ਗਲੋਬਲ ਸੀ: ਸੈ: ਸਕੂਲ ਸਮਰਾਲਾ ਵਿਖੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ ਗਿਆ। ਇਹ ਧਾਰਮਿਕ ਸਮਾਰੋਹ ਸਕੂਲ ਦੇ ਡਾਇਰੈਕਟਰ ਬਾਲ ਕ੍ਰਿਸ਼ਨ ਅਨੇਜਾ, ਸ੍ਰੀਮਤੀ ਸਵਾਤੀ ਅਨੇਜਾ ਦੀ ਸਰਪ੍ਰਸਤੀ ਅਧੀਨ ਹੋਇਆ। ਇਸ ਸਮਾਗਮ ਵਿੱਚ ਸਕੂਲ 'ਚ ਜਪੁਜੀ ਸਾਹਿਬ, ਅਨੰਦ ਸਾਹਿਬ ਦੇ ਜਾਪ ਕਰਵਾ ਕੇ ਦੇਗ ਪ੍ਰਸਾਦਿ ਵਰਤਾਇਆ ਗਿਆ। ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ, ਕਵਿਤਾ-ਉਚਾਰਨ, ਮੂਲ-ਮੰਤਰ, ਗੁਰ-ਮੰਤਰ, ਪੇਸ਼ ਕਰਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸੰਬੰਧਤ ਇਤਿਹਾਸ ਤੋਂ ਜਾਣੂ ਕਰਵਾਇਆ ਤੇ ਇਸ ਸਮੇਂ ਸਕੂਲ ਦੇ ਅਧਿਆਪਕਾਂ ਵੱਲੋਂ ਵੀ ਇਸ ਸਮੇਂ ਸ਼ਬਦ ਗਾਇਨ ਕੀਤਾ ਗਿਆ। ਸਕੂਲ ਦੇ ਡਾਇਰੈਕਟਰ ਸਾਹਿਬ ਸ੍ਰੀ ਬਾਲ ਕ੍ਰਿਸ਼ਨ ਅਨੇਜਾ ਨੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਸੰਬੰਧੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਮਾਨਵਤਾ ਨੂੰ ਜਬਰ-ਜ਼ੁਲਮ ਤੋਂ ਮੁਕਤ ਕਰਵਾਉਣ ਲਈ ਆਪਣੇ ਪਰਿਵਾਰ ਦਾ ਬਲੀਦਾਨ ਦਿੱਤਾ, ਸੋ ਅਸੀਂ ਹਮੇਸ਼ਾ ਹੀ ਗੁਰੂ ਜੀ ਦੇ ਰਿਣੀ ਰਹਾਂਗੇ ਤੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਬਲੀਦਾਨ ਨੂੰ ਸਾਡਾ ਕੋਟਾਨਿ-ਕੋਟਿ ਪ੍ਰਣਾਮ ਹੈ।

ਸਮਾਜ ਸੇਵੀ ਪਵਨ ਗੋਇਲ ਨੇ ਵਾਰਡ 'ਚ ਕਰਵਾਈ ਸਫਾਈ

ਬਾਘਾ ਪੁਰਾਣਾ (ਮਨੀ ਸਿੰਗਲਾ)- ਯੂਥ ਅਗਰਵਾਲ ਸਭਾ ਦੇ ਪ੍ਰਧਾਨ ਤੇ ਸਮਾਜ ਸੇਵੀ ਪਵਨ ਗੋਇਲ ਵੱਲੋਂ ਸਥਾਨਕ ਸ਼ਹਿਰ ਦੇ ਵਾਰਡ ਨੰਬਰ 7 ਵਿੱਚ ਸਫਾਈ ਕਰਮਚਾਰੀਆਂ ਨੂੰ ਲੈ ਕੇ ਸਾਫ਼-ਸਫਾਈ ਕਰਵਾਈ ਗਈ, ਕਿਉਂਕਿ ਇਸ ਵਾਰਡ ਵਿੱਚ ਸਫਾਈ ਪੱਖੋਂ ਹਾਲਾਤ ਬਦ ਤੋਂ ਬਦਤਰ ਬਣੇ ਹੋਏ ਸਨ, ਜਿਸ ਕਾਰਨ ਵਾਰਡ ਵਿੱਚ ਥਾਂ-ਥਾਂ ਲੱਗੀਆਂ ਗੰਦਗੀ ਤੇ ਕੂੜੇ ਦੀਆਂ ਢੇਰੀਆਂ ਦੇ ਕਾਰਨ ਲੋਕ ਇਸ ਬਦਬੂਦਾਰ ਵਾਤਾਵਰਣ ਵਿੱਚ ਰਹਿਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਕਿਉਂਕਿ ਇਨ੍ਹਾਂ ਢੇਰੀਆਂ ਉਪਰ ਮੱਛਰ ਤੇ ਮੱਖੀਆਂ ਤਾਂ ਮੰਡਰਾਉਂਦੀਆਂ ਹੀ ਸਨ, ਸਗੋਂ ਅਵਾਰਾ ਪਸ਼ੂ ਵੀ ਇਨ੍ਹਾਂ ਉਪਰ ਮੂੰਹ ਮਾਰਦੇ ਰਹਿੰਦੇ ਸਨ ਅਤੇ ਲੋਕਾਂ ਵਿੱਚ ਡੇਂਗੂ ਤੇ ਡਾਇਰੀਆ ਵਰਗੀਆਂ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਸੀ, ਜਿਸ ਕਰਕੇ ਇਹ ਮਾਮਲਾ ਯੂਥ ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗੋਇਲ ਦੇ ਧਿਆਨ ਵਿੱਚ ਆਉਣ ਦੇ ਬਾਅਦ ਉਨ੍ਹਾਂ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨਾਲ ਗੱਲ ਕਰਕੇ ਉਨ੍ਹਾਂ ਅੱਜ ਤੜਕਸਾਰ ਸਾਰੇ ਵਾਰਡ ਵਿੱਚ ਸਫਾਈ ਕਰਵਾਈ ਤੇ ਥਾਂ-ਥਾਂ ਲੱਗੀਆਂ ਕੂੜੇ ਦੀਆਂ ਢੇਰੀਆਂ ਨੂੰ ਚੁਕਵਾਇਆ ਗਿਆ। ਉਨ੍ਹਾਂ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਦਾ ਧੰਨਵਾਦ ਕੀਤਾ, ਜੋ ਉਨ੍ਹਾਂ ਦੇ ਇੱਕ ਬੋਲ ਉੱਪਰ ਹੀ ਆ ਕੇ ਉਨ੍ਹਾਂ ਨਾਲ ਸਫਾਈ ਦਾ ਕਾਰਜ ਆਰੰਭਿਆ। ਉਨ੍ਹਾਂ ਵਾਰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਵਾਰਡ ਵਿੱਚ ਸਾਫ ਸਫਾਈ ਰੱਖਣ ਵਿੱਚ ਸਹਿਯੋਗ ਕਰਨ।

ਪੁਲਸ ਵੱਲੋਂ ਵਾਹਨਾਂ ਦੀ ਚੈਕਿੰਗ

ਮਲੋਟ (ਓਮ ਪ੍ਰਕਾਸ਼ ਸ਼ੇਖੂ)-ਸਥਾਨਕ ਸ਼ਹਿਰ ਵਿੱਚ ਦੋ-ਪਹੀਆ ਵਾਹਨਾਂ ਵੱਲੋਂ ਤੋੜੇ ਜਾ ਰਹੇ ਨਿਯਮਾਂ ਦੇ ਕਾਰਨ ਅਤੇ ਸ਼ਹਿਰ 'ਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵੱਲੋਂ ਕੀਤੀ ਜਾਂਦੀ ਡਰਾਈਵਿੰਗ ਕਾਰਨ ਨਿੱਤ ਹੋ ਰਹੀਆਂ ਐਕਸੀਡੈਂਟ ਘਟਨਾਵਾਂ ਨੂੰ ਰੋਕਣ ਲਈ ਏ ਐੱਸ ਆਈ ਹਰਜਿੰਦਰ ਸਿੰਘ ਵਿਰਕ ਹੌਲਦਾਰ ਸਤਪਾਲ ਵੱਲੋਂ ਸੇਖੂ ਰੋਡ 'ਤੇ ਵਿਸ਼ੇਸ਼ ਨਾਕਾ ਲਾ ਕੇ ਚੈਕਿੰਗ ਕੀਤੀ ਗਈ, ਜਿਨ੍ਹਾਂ ਦੋ-ਪਹੀਆ ਵਾਹਨਾਂ ਕੋਲ ਕਾਗਜ਼ ਪੱਤਰ ਪੂਰੇ ਨਹੀਂ ਸਨ, ਉਨ੍ਹਾਂ ਦੇ ਚਲਾਨ ਵੀ ਕੱਟੇ ਗਏ ਤੇ ਕਈ ਛੋਟੇ ਬੱਚਿਆਂ ਨੂੰ ਚਿਤਾਵਨੀ ਦੇ ਕੇ ਛੱਡਿਆ ਗਿਆ, ਜਿਸ ਨਾਲ ਸ਼ਹਿਰ ਦੇ ਲੋਕਾਂ ਪੁਲਸ ਦੀ ਇਸ ਕੰਮ ਦੀ ਪ੍ਰਸੰਸਾ ਕੀਤੀ ਜਾ ਰਹੀ ਹੈ।

ਲੋਕ ਆਪਣੇ ਅਵਾਰਾ ਪਸ਼ੂ ਗਊਸ਼ਾਲਾਵਾਂ 'ਚ ਹੀ ਛੱਡਣ : ਡੀ ਸੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਵਿਨੀਤ ਕੁਮਾਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਸ਼ਹਿਰੀ ਖੇਤਰ ਵਿੱਚ ਅਵਾਰਾ ਪਸ਼ੂਆਂ ਦੀ ਰੋਕਥਾਮ ਲਈ ਪੁਲਸ ਪ੍ਰਸ਼ਾਸਨ ਨੂੰ ਸਖਤ ਹਦਾਇਤ ਕੀਤੀ ਹੈ ਕਿ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਦੀਆਂ ਮੁੱਖ ਸੜਕਾਂ, ਜੋ ਪਿੰਡਾਂ ਦੀਆਂ ਲਿੰਕ ਸੜਕਾਂ ਨਾਲ ਜੁੜਦੀਆਂ ਹਨ, 'ਤੇ ਕੜੀ ਨਜ਼ਰ ਰੱਖੀ ਜਾਵੇ ਤਾਂ ਜੋ ਲੋਕ ਆਪਣੇ ਅਵਾਰਾ ਪਸ਼ੂਆਂ ਨੂੰ ਸ਼ਹਿਰਾਂ ਵਿੱਚ ਨਾ ਛੱਡ ਸਕਣ ਤੇ ਦੁਰਘਟਨਾਵਾਂ ਨੂੰ ਵਾਪਰਣ ਤੋਂ ਰੋਕਿਆ ਜਾ ਸਕੇ। ਉਨ੍ਹਾ ਦੱਸਿਆ ਕਿ ਅਵਾਰਾ ਪਸ਼ੂਆਂ ਦੀ ਸਾਂਭ ਸੰਭਾਲ ਲਈ ਸ਼ਹਿਰ ਸ੍ਰੀ ਮੁਕਤਸਰ ਸਾਹਿਬ, ਮਲੋਟ ਤੇ ਗਿੱਦੜਬਾਹਾ ਵਿਖੇ ਜ਼ਮੀਨ ਦੀ ਭਾਲ ਕਰਕੇ ਗਊਸ਼ਾਲਾਵਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਵਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਹੀ ਛੱਡਣ। ਉਨ੍ਹਾ ਪੁਲਸ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਸ਼ਹਿਰਾਂ ਵਿੱਚ ਅਵਾਰਾ ਪਸ਼ੂਆਂ ਦੀ ਰੋਕਥਾਮ ਲਈ ਪੁਲਸ ਪਾਰਟੀਆਂ ਬਣਾਈਆਂ ਜਾਣ ਤੇ ਜਿਹੜਾ ਵੀ ਵਿਅਕਤੀ ਨਜਾਇਜ਼ ਤੌਰ 'ਤੇ ਅਵਾਰਾ ਪਸ਼ੂ ਸ਼ਹਿਰ 'ਚ ਛੱਡਦਾ ਹੈ, ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਜਥੇਬੰਦੀ ਵੱਲੋਂ ਮਿਹਨਤੀ ਵਰਕਰਾਂ ਨੂੰ ਅਹੁਦੇਦਾਰੀਆਂ ਦੇ ਕੇ ਮਾਣ-ਸਤਿਕਾਰ ਦਿੱਤਾ ਜਾ ਰਿਹਾ : ਚੂੰਘਾਂ, ਸੀਰਾ ਛੀਨੀਵਾਲ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਜਥੇਬੰਦੀ ਦੇ ਬਲਾਕ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ ਅਤੇ ਤਹਿਸੀਲ ਪ੍ਰਧਾਨ ਹਰਭਜਨ ਸਿੰਘ ਕਲਾਲਾ ਦੀ ਪ੍ਰਧਾਨਗੀ ਹੇਠ ਪਿੰਡ ਕਲਾਲਾ ਵਿਖੇ ਕਿਸਾਨਾਂ ਦੀ ਇੱਕ ਭਰਵੀਂ ਮੀਟਿੰਗ ਹੋਈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਮੀਤ ਪ੍ਰਧਾਨ ਸੰਪੂਰਨ ਸਿੰਘ ਚੂੰਘਾਂ ਅਤੇ ਜ਼ਿਲਾ ਪ੍ਰਧਾਨ ਜਗਸੀਰ ਸਿੰਘ ਸੀਰਾ ਛੀਨੀਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਉਨ੍ਹਾਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਕਿਸਾਨਾਂ ਨਾਲ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਲਗਾਤਾਰ ਕਿਸਾਨ ਵਿਰੋਧੀ ਫੈਸਲੇ ਲੈ ਕੇ ਕਿਸਾਨੀ ਨੂੰ ਖਤਮ ਕਰਨ ਲਈ ਹਮਲੇ ਤੇਜ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਰਕਾਰਾਂ ਦੀ ਝਾਕ ਛੱਡ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦ ਹੋ ਕੇ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਦੀ ਅਗਵਾਈ ਹੇਠ ਲੜੇ ਜਾ ਰਹੇ ਸੰਘਰਸ਼ ਦਾ ਸਾਥ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਵੱਲੋਂ ਕਿਸਾਨੀ ਹਿੱਤਾਂ ਲਈ ਲੜੇ ਜਾ ਰਹੇ ਸੰਘਰਸ਼ ਨੂੰ ਦੇਖਦਿਆਂ ਅੱਜ ਵੱਖ ਵੱਖ ਜਥੇਬੰਦੀਆਂ ਦੇ ਵਰਕਰ ਆਗੂ ਵੱਡੀ ਗਿਣਤੀ 'ਚ ਆਪਣੀਆਂ ਆਪਣੀਆਂ ਜਥੇਬੰਦੀਆਂ ਨੂੰ ਛੱਡ ਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ 'ਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜਥੇਬੰਦੀ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰਨ ਵਾਲੇ ਮਿਹਨਤੀ ਵਰਕਰਾਂ ਨੂੰ ਅੱਗੇ ਲਿਆ ਕੇ ਅਹੁਦੇਦਾਰੀਆਂ ਦੇ ਕੇ ਪੂਰਾ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ। ਇਸ ਮੌਕੇ ਜਥੇਬੰਦੀ ਦੇ ਬਲਾਕ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ ਤਹਿਸੀਲ ਪ੍ਰਧਾਨ ਹਰਭਜਨ ਸਿੰਘ ਕਲਾਲਾ ਅਤੇ ਮੀਤ ਪ੍ਰਧਾਨ ਰਣਜੀਤ ਸਿੰਘ ਮਿੱਠੂ ਕਲਾਲਾ ਨੇ ਕਿਹਾ ਕਿ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਸੀਰਾ ਛੀਨੀਵਾਲ ਦੀ ਅਗਵਾਈ ਹੇਠ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮਜ਼ਬੂਤੀ ਲਈ ਪਿੰਡ ਪੱਧਰ 'ਤੇ ਨਵੀਆਂ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆ ਦੀ ਪਿੰਡ ਕਲਾਲਾ ਇਕਾਈ ਦੀ ਸਰਬਸੰਮਤੀ ਨਾਲ ਚੋਣ ਕਰਵਾਈ ਗਈ, ਜਿਸ ਵਿੱਚ ਨੌਜਵਾਨ ਲਖਵੀਰ ਸਿੰਘ ਲੱਖਾ ਨੂੰ ਪਿੰਡ ਇਕਾਈ ਦਾ ਪ੍ਰਧਾਨ, ਸੁਖਬੀਰ ਸਿੰਘ ਸੁੱਖੀ ਨੂੰ ਸੀਨੀਅਰ ਮੀਤ ਪ੍ਰਧਾਨ, ਰਿੰਕੂ ਸਿੰਘ ਨੂੰ ਮੀਤ ਪ੍ਰਧਾਨ, ਜੋਧ ਸਿੰਘ ਨੂੰ ਖਜ਼ਾਨਚੀ, ਸੁਰਿੰਦਰ ਸਿੰਘ ਨੂੰ ਸਹਾਇਕ ਖਜ਼ਾਨਚੀ ਚੁਣਿਆ ਗਿਆ ਜਦ ਕੇ ਕਿਸਾਨ ਗੁਰਦੀਪ ਸਿੰਘ, ਹਰਜਿੰਦਰ ਸਿੰਘ ਕਰਮਾ, ਜਗਜੀਤ ਸਿੰਘ ਜੱਗੀ, ਜਿੰਦਰ ਸਿੰਘ, ਗੁਰਮੇਲ ਸਿੰਘ, ਮਲਕੀਤ ਸਿੰਘ, ਜਰਨੈਲ ਸਿੰਘ, ਜਗਦੇਵ ਸਿੰਘ, ਹਰਦੀਪ ਸਿੰਘ ਨੂੰ ਮੈਂਬਰ ਬਣਾਇਆ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਮੀਤ ਪ੍ਰਧਾਨ ਸੰਪੂਰਨ ਸਿੰਘ ਚੂੰਘਾਂ ਅਤੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਸੀਰਾ ਛੀਨੀਵਾਲ, ਬਲਾਕ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ, ਤਹਿਸੀਲ ਪ੍ਰਧਾਨ ਹਰਭਜਨ ਸਿੰਘ ਕਲਾਲਾ ਅਤੇ ਮੀਤ ਪ੍ਰਧਾਨ ਰਣਜੀਤ ਸਿੰਘ ਮਿੱਠੂ ਕਲਾਲਾ ਅਤੇ ਹਰਦੀਪ ਸਿੰਘ ਦੀਪੂ ਦੀ ਅਗਵਾਈ ਹੇਠ ਜਥੇਬੰਦੀ ਦੀ ਪਿੰਡ ਕਲਾਲਾ ਇਕਾਈ ਦੇ ਨਵੇਂ ਚੁਣੇ ਅਹੁਦੇਦਾਰਾਂ ਤੇ ਵਰਕਰਾਂ ਦੇ ਬੈਜ ਲਗਾ ਕੇ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸਮਾਜ ਸੇਵੀ ਪ੍ਰਦੀਪ ਸਿੰਘ ਸਿਰਸਾ ਕੈਨੇਡੀਅਨ ਅਤੇ ਗੁਰਤੇਜ ਸਿੰਘ ਕੈਨੇਡੀਅਨ ਕਲਾ ਕਿਸਾਨ ਅੰਦੋਲਨ 'ਚ ਜਥੇਬੰਦੀ ਨੂੰ ਭੇਜੀ ਸਹਾਇਤਾ ਬਦਲੇ ਸਨਮਾਨਤ ਕੀਤਾ ਗਿਆ।

ਸਿੱਖਿਆ ਖੇਤਰ 'ਚ ਪੰਜਾਬ ਬਣੇਗਾ ਮੋਹਰੀ : ਵਿਧਾਇਕ ਗੋਲਡੀ

ਫਾਜ਼ਿਲਕਾ (ਨਿਸ਼ਾ ਸ਼ਰਮਾ)

ਬੱਲੂਆਨਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਆਖਿਆ ਕਿ ਸਿੱਖਿਆ ਖੇਤਰ 'ਚ ਪੰਜਾਬ ਮੋਹਰੀ ਬਣੇਗਾ ਅਤੇ ਸਾਡੇ ਬੱਚੇ ਸਿੱਖਿਆ ਸਹਾਰੇ ਅੱਗੇ ਵਧਣਗੇ। ਉਹ ਪਿੰਡ ਬਜੀਦਪੁਰ ਕੱਟਿਆਂਵਾਲੀ ਦੇ ਸਰਕਾਰੀ ਸਕੂਲ 'ਚ ਨਵੇਂ ਕਮਰਿਆਂ ਦੇ ਉਦਘਾਟਨ ਤੋਂ ਬਾਅਦ ਸੰਬੋਧਨ ਕਰ ਰਹੇ ਸਨ। ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਨੂੰ ਮੁੱਖ ਤਰਜੀਹ ਬਣਾਇਆ ਗਿਆ ਹੈ। ਉਨ੍ਹਾ ਕਿਹਾ ਕਿ ਸੂਬੇ ਦਾ ਵਿਕਾਸ ਸਿੱਖਿਆ ਦੀ ਨੀਂਹ 'ਤੇ ਹੀ ਸੰਭਵ ਹੁੰਦਾ ਹੈ। ਉਨ੍ਹਾ ਕਿਹਾ ਕਿ ਇਸੇ ਲਈ ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਬਿਹਤਰ ਸੰਵਾਦ ਲਈ 24 ਦਸੰਬਰ ਨੂੰ ਸਮੂਹ ਸਕੂਲਾਂ 'ਚ ਮਾਪੇ-ਅਧਿਆਪਕ ਮਿਲਣੀ ਵੀ ਰੱਖੀ ਗਈ ਹੈ। ਉਨ੍ਹਾ ਪਿੰਡ 'ਚ ਛੱਪੜ ਦੇ ਨਵੀਨੀਕਰਨ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ। ਉਨ੍ਹਾ ਪਿੰਡ ਵਾਸੀਆਂ ਨੂੰ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਦੇ ਵਿਕਾਸ ਲਈ ਕਾਰਜਸ਼ੀਲ ਹੈ, ਇਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾ ਪਿੰਡ ਦੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।

ਰੇਲਵੇ ਫਾਟਕ ਬੰਦ ਰਹਿਣ ਤੋਂ ਦੁਖੀ ਲਹਿਰਾ ਮੁਹੱਬਤ ਵਾਸੀਆਂ ਦਾ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਹੋਇਆ ਇਕੱਠ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਬਾਲਿਆਂਵਾਲੀ ਵਾਲੇ ਸਥਾਨਕ ਰੇਲਵੇ ਫਾਟਕ ਦੇ ਅਕਸਰ ਬੰਦ ਰਹਿਣ ਤੋਂ ਦੁਖੀ ਲਹਿਰਾ ਮੁਹੱਬਤ ਵਾਸੀਆਂ ਦਾ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਇਕੱਠ ਅੱਜ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਹੋਇਆ। ਇਨਕਲਾਬੀ ਕੇਂਦਰ ਦੇ ਸੂਬਾਈ ਆਗੂ ਜਗਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਲਗਭਗ ਤਿੰਨ ਸਾਲਾਂ ਤੋਂ ਬਾਲਿਆਂਵਾਲੀ ਵਾਲਾ ਰੇਲਵੇ ਫਾਟਕ ਕਈ ਵਾਰ ਤਿੰਨ ਤਿੰਨ ਘੰਟੇ ਬੰਦ ਰਹਿਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਤੀ ਕੰਮ ਧੰਦੇ ਜਾਣ ਵਾਲਿਆਂ ਸਮੇਤ ਦੂਰੋਂ ਨੇੜਿਓਂ ਆਉਂਦੇ ਲੋਕਾਂ ਨੂੰ ਘੰਟਿਆਂ ਬੱਧੀ ਫਾਟਕ 'ਤੇ ਖੜ੍ਹਨਾ ਪੈਂਦਾ ਹੈ। ਰੇਲ ਗੱਡੀਆਂ ਦੇ ਸਾਰੇ ਕਰਾਸ ਲਹਿਰਾ ਮੁਹੱਬਤ ਵਿਖੇ ਹੋਣ ਕਾਰਨ ਫਾਟਕ ਲੰਮਾ ਸਮਾਂ ਬੰਦ ਰਹਿੰਦਾ ਹੈ। ਇਕੱਠ 'ਚ ਫਾਟਕ ਤੋਂ ਇਲਾਵਾ ਇੱਥੇ ਰੇਲਾਂ ਨਾ ਰੁਕਣ ਦੀ ਸਮੱਸਿਆ ਸੰਬੰਧੀ ਸਟੇਸ਼ਨ ਮਾਸਟਰ ਨੂੰ ਮਿਲਣ ਦਾ ਫੈਸਲਾ ਹੋਣ ਉਪਰੰਤ ਪਿੰਡ ਵਾਸੀਆਂ ਰੇਲਵੇ ਸਟੇਸ਼ਨ ਪਹੁੰਚੇ ਅਤੇ ਦਰਪੇਸ਼ ਮੁਸ਼ਕਲਾਂ ਬਾਰੇ ਸਟੇਸ਼ਨ ਮਾਸਟਰ ਨੂੰ ਜਾਣੂ ਕਰਵਾਇਆ। ਸਟੇਸ਼ਨ ਮਾਸਟਰ ਦਾ ਕਹਿਣਾ ਸੀ ਕਿ ਨਵੀਂ ਰੇਲ ਲਾਈਨ ਦੇ ਚੱਲ ਰਹੇ ਕੰਮ ਦੇ ਪੂਰਾ ਹੋਣ ਤੋਂ ਬਾਅਦ ਰੇਲਵੇ ਫਾਟਕ ਦਾ ਪੁਲ ਇੱਕ ਸਾਲ ਦੇ ਅੰਦਰ ਬਣ ਜਾਵੇਗਾ। ਲੋਕਾਂ ਨੇ ਪੁਲ ਬਣਾਏ ਜਾਣ ਦਾ ਕੰਮ ਜਲਦ ਸ਼ੁਰੂ ਕਰਵਾਉਣ ਦੀ ਮੰਗ ਕਰਦਿਆਂ ਮਸਲੇ ਦਾ ਹੱਲ ਨਾ ਹੋਣ 'ਤੇ ਸੰਘਰਸ਼ ਵਿੱਢਣ ਦੀ ਚੇਤਾਵਨੀ ਦਿੰਦਿਆਂ ਨਾਅਰੇਬਾਜ਼ੀ ਕੀਤੀ। ਲੋਕਾਂ ਦੇ ਇਕੱਠ ਵਿੱਚ ਕੁੱਝ ਮਤੇ ਪਾਸ ਕਰਦਿਆਂ ਰੇਲਵੇ ਫਾਟਕ 'ਤੇ ਪੁਲ ਬਣਾਏ ਜਾਣ ਦਾ ਕੰਮ ਜਲਦ ਸ਼ੁਰੂ ਕਰਨ, ਸਜ਼ਾ ਪੂਰੀ ਕਰ ਚੁੱਕੇ ਜੇਲ੍ਹਾਂ 'ਚ ਬੰਦ ਸਿੱਖ ਬੁੱਧੀਜੀਵੀਆਂ, ਲੇਖਕਾਂ ਤੇ ਪੱਤਰਕਾਰਾਂ ਨੂੰ ਤੁਰੰਤ ਰਿਹਾਅ ਕਰਨ, ਜ਼ੀਰਾ ਸ਼ਰਾਬ ਫੈਕਟਰੀ ਤੁਰਤ ਬੰਦ ਕਰਨ, ਲੋਕ ਪੱਖੀ ਸੰਘਰਸ਼ ਕਰ ਰਹੀਆਂ ਜਥੇਬੰਦੀਆਂ 'ਤੇ ਜਬਰ ਬੰਦ ਕਰਨ, ਹਵਾ ਤੇ ਪਾਣੀ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਨੂੰ ਬੰਦ ਕਰਨ, ਯੂ ਏ ਪੀ ਏ, ਰਾਜ ਧ੍ਰੋਹ ਤੇ ਅਫਸਪਾ ਵਰਗੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਅਤੇ ਘੱਟ ਗਿਣਤੀਆਂ 'ਤੇ ਹਮਲੇ ਬੰਦ ਕਰਨ ਦੀ ਮੰਗ ਕੀਤੀ। ਇਸ ਮੌਕੇ ਜਸਪਾਲ ਸਿੰਘ ਸਾਬਕਾ ਸਰਪੰਚ, ਸੁਖਚਰਨ ਸਿੰਘ, ਜਗਦੇਵ ਸਿੰਘ, ਗੋਰਾ ਸਿੰਘ, ਰਾਮਪਾਲ ਸਿੰਘ, ਕਰਮਾ ਸਿੰਘ, ਬਲਵੀਰ ਸਿੰਘ, ਮੇਲਾ ਸਿੰਘ, ਇੰਦਰਜੀਤ ਸਿੰਘ, ਜੋਗਿੰਦਰ ਸਿੰਘ ਸਮੇਤ ਹੋਰ ਕਿਸਾਨ ਆਗੂ ਤੇ ਪਿੰਡ ਵਾਸੀ ਹਾਜ਼ਰ ਸਨ।

ਸ਼ਹੀਦੀ ਸਭਾ ਦੌਰਾਨ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਰਾਏ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ 26 ਤੋਂ 28 ਦਸੰਬਰ ਤੱਕ ਆਯੋਜਿਤ ਕੀਤੀ ਜਾਣ ਵਾਲੀ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਵਿੱਚ ਕੋਈ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਹੀਦੀ ਸਭਾ ਦਾ ਸੈਕਟਰ ਮੈਪ ਜਾਰੀ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸੈਕਟਰ ਮੈਪ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸੰਗਤ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਸਕੇ। ਵਿਧਾਇਕ ਰਾਏ ਨੇ ਹੋਰ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਸਭਾ ਸਬੰਧੀ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਇਸ ਸੈਕਟਰ ਮੈਪ ਵਿੱਚ ਸ਼ਹੀਦੀ ਸਭਾ ਵਿੱਚ ਹੋਣ ਵਾਲੇ ਪ੍ਰੋਗਰਾਮ, ਬਣਾਏ ਗਏ ਸੂਚਨਾਂ ਕੇਂਦਰ, ਆਰਜੀ ਬੱਸ ਸਟੈਂਡ, ਮੁਫਤ ਬੱਸਾਂ, ਹੈਲਪ ਲਾਇਨ ਨੰਬਰ ਅਤੇ ਪਾਰਕਿੰਗ ਆਦਿ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ ਜਿਸ ਨਾਲ ਸ਼ਰਧਾਲੂਆਂ ਨੂੰ ਮੁਸ਼ਕਲ ਨਹੀਂ ਆਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ 25 ਦਸੰਬਰ ਨੂੰ ਫ਼ਤਹਿਗੜ੍ਹ ਸਾਹਿਬ ਵਿਖੇ ਪੁੱਜਣ ਵਾਲੇ ਸਫਰ-ਏ-ਸ਼ਹਾਦਤ ਨਗਰ ਕੀਰਤਨ ਦਾ ਧਾਰਮਿਕ ਰਹੁ ਰੀਤੀਆਂ ਨਾਲ ਸਵਾਗਤ ਕੀਤਾ ਜਾਵੇਗਾ।

ਚੇਅਰਮੈਨ ਵੱਲੋਂ ਸਟੇਟ ਲੋਡ ਡਿਸਪੈਚ ਸੈਂਟਰ ਦਾ ਦੌਰਾ

ਪਟਿਆਲਾ (ਨ ਜ਼ ਸ)

ਸ੍ਰੀ ਵਿਸ਼ਵਾਜੀਤ ਖੰਨਾ, ਚੇਅਰਮੈਨ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਅਤੇ ਪਰਮਜੀਤ ਸਿੰਘ, ਮੈਂਬਰ (ਲੀਗਲ), ਪੀ ਐਸ ਈ ਆਰ ਸੀ ਨੇ ਅੱਜ ਪੰਜਾਬ ਸਟੇਟ ਲੋਡ ਡਿਸਪੈਚ ਸੈਂਟਰ, ਪੀ ਐਸ ਟੀ ਸੀ ਐਲ, ਪਟਿਆਲਾ ਦਾ ਦੌਰਾ ਕੀਤਾ। ਸੀ ਏ ਵਿਨੋਦ ਬਾਂਸਲ, ਨਿਰਦੇਸ਼ਕ/ਐਫ ਐਂਡ ਸੀ, ਪੀ ਐਸ ਟੀ ਸੀ ਐਲ, ਪਟਿਆਲਾ ਨੇ ਪਤਵੰਤਿਆਂ ਦਾ ਨਿੱਘਾ ਸੁਆਗਤ ਕੀਤਾ। ਪੌਦਾ ਲਗਾਉਣ ਉਪਰੰਤ ਮੁੱਖ ਮਹਿਮਾਨ ਨੇ ਐਸ ਐਲ ਡੀ ਸੀ ਕੰਟਰੋਲ ਰੂਮ ਦਾ ਦੌਰਾ ਕੀਤਾ ਅਤੇ ਐਸ ਐਲ ਡੀ ਸੀ ਦੇ ਕੰਮਕਾਜ ਦਾ ਨਿਰੀਖਣ ਕੀਤਾ ਗਿਆ। ਕਮਿਸ਼ਨ ਨੂੰ ਐਸ ਐਲ ਡੀ ਸੀ ਦੇ ਕੰਮਾਂ ਬਾਰੇ ਵਿਸਥਾਰ 'ਚ ਦੱਸਿਆ ਗਿਆ ਅਤੇ ਐਸ ਐਲ ਡੀ ਸੀ ਦੇ ਸੰਚਾਲਣ, ਸਕਾਡਾ, ਓਪਨ ਅਸੈਸ ਪਹਿਲੂਆਂ ਬਾਰੇ ਵੀ ਜਾਣੂ ਕਰਵਾਇਆ ਗਿਆ। ਮਾਣਯੋਗ ਮੁੱਖ ਮਹਿਮਾਨ ਨੇ ਪ੍ਰੋਜੈਕਟ ਅਤੇ ਪਾਵਰ ਨਿਯਮਾਂ ਦੀਆਂ ਪੇਚੀਦਗੀਆਂ 'ਚ ਡੂੰਘੀ ਦਿਲਚਸਪੀ ਦਿਖਾਈ ਅਤੇ ਐਸ ਐਲ ਡੀ ਸੀ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਪੀ ਐਸ ਪੀ ਸੀ ਐਲ/ਪੀ ਐਸ ਟੀ ਸੀ ਐਲ ਵੱਲੋਂ ਆਉਂਦੀਆਂ ਵੱਖ-ਵੱਖ ਚੁਣੌਤੀਆਂ ਨੂੰ ਸਵੀਕਾਰ ਕਰਨ ਅਤੇ ਜਨਤਕ ਸੇਵਾ ਲਈ ਪੂਰੀ ਤਰ੍ਹਾਂ ਵਚਨਬੱਧ ਹੋਣ।

ਇੰਜੀ.ਏ ਪੀ ਸਿੰਘ, ਮੁੱਖ ਇੰਜੀਨੀਅਰ ਐਸ ਐਲ ਡੀ ਸੀ ਵੱਲੋਂ ਪਤਵੰਤਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਇਹ ਵੀ ਦੱਸਿਆ ਗਿਆ ਕਿ ਪੰਜਾਬ ਐਸ ਐਲ ਡੀ ਸੀਨੇ ਭਾਰਤ ਵਿੱਚ ਸਰਵੋਤਮ ਨਿਯੰਤ੍ਰਿਤ ਐਸ ਐਲ ਡੀ ਸੀਵਿੱਚੋਂ ਇੱਕ ਹੋਣ ਲਈ ਕਈ ਆਈ ਪੀ ਪੀ ਏ ਆਈ ਐਵਾਰਡ ਜਿੱਤ ਕੇ ਰਾਜ ਦਾ ਨਾਂ ਰੌਸ਼ਨ ਕੀਤਾ ਹੈ। ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਨੇ ਐਸ ਐਲ ਡੀ ਸੀ ਦੇ ਕੰਮਕਾਜ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

...ਸਫ਼ਾ 3 ਦੇ ਬਾਕੀ

ਸੰਸਦ 'ਚ ਚਾਰ ਸਾਹਿਬਜ਼ਾਦਿਆਂ..

ਨੇ ਇਸ ਮਹਾਨ ਸ਼ਹਾਦਤ ਬਾਰੇ ਲਿਖਿਆ ਹੈ...

'ਜਿਸ ਕੁਲ ਜਾਤੀ ਦੇਸ ਕੇ ਬੱਚੇ ਦੇ ਸਕਤੇ ਹੈਂ ਜੋ ਬਲਿਦਾਨ,
ਉਸ ਕਾ ਵਰਤਮਾਨ ਕੁਛ ਭੀ ਹੋ ਭਵਿਸ਼ਯ ਹੈ ਮਹਾਂ ਮਹਾਨ।'

ਸਾਹਿਬਜ਼ਾਦਿਆਂ ਨੇ ਕੁਰਬਾਨੀਆਂ ਦੇ ਕੇ ਸਿੱਖ ਕੌਮ ਅਤੇ ਦੇਸ਼ ਦਾ ਨਾਂਅ ਉੱਚਾ ਕੀਤਾ। ਸਾਹਿਬਜ਼ਾਦਿਆਂ 'ਤੇ ਤਰ੍ਹਾਂ-ਤਰ੍ਹਾਂ ਦੇ ਜ਼ੁਲਮ ਕੀਤੇ ਗਏ ਅਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਰਾਘਵ ਚੱਢਾ ਨੇ ਰਾਜ ਸਭਾ ਚੇਅਰਮੈਨ ਤੋਂ ਮੰਗ ਕੀਤੀ ਕਿ ਦੇਸ਼ ਦੇ ਸਾਰੇ ਸਕੂਲ ਸਿੱਖਿਆ ਬੋਰਡ ਬੱਚਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾ ਦੇ ਚਾਰ ਸਾਹਿਬਜ਼ਾਦਿਆਂ ਵੱਲੋਂ ਦੇਸ਼ ਅਤੇ ਧਰਮ ਦੇ ਹਿੱਤ 'ਚ ਦਿੱਤੀ ਸ਼ਹਾਦਤ ਬਾਰੇ ਪੜ੍ਹਾਉਣ। ਇਸ ਨਾਲ ਬੱਚਿਆਂ ਨੂੰ ਨਾ ਸਿਰਫ ਗੁਰੂ ਸਾਹਿਬ ਦੀ ਬਹਾਦਰੀ ਦੀ ਗਾਥਾ ਦਾ ਪਤਾ ਲੱਗੇਗਾ, ਸਗੋਂ ਉਹਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਵੀ ਪੈਦਾ ਹੋਵੇਗੀ।

ਉਦਯੋਗ ਪੱਖੀ ਮਾਹੌਲ...

ਸਿੱਖਿਆ ਨੂੰ ਤਰਜੀਹੀ ਖੇਤਰ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਸੂਬੇ ਵਿਚ 24 ਦਸੰਬਰ ਨੂੰ ਸਰਕਾਰੀ ਸਕੂਲਾਂ ਵਿਚ ਅਧਿਆਪਕ-ਮਾਪੇ ਮਿਲਣੀ ਕਰਵਾਈ ਜਾ ਰਹੀ ਹੈ, ਜਿਸ ਨਾਲ ਮਾਪਿਆਂ ਨੂੰ ਅਧਿਆਪਕਾਂ ਪਾਸੋਂ ਆਪਣੇ ਬੱਚੇ ਦੀ ਸ਼ਖ਼ਸੀਅਤ ਬਾਰੇ ਵਿਸਥਾਰ ਵਿਚ ਜਾਣਨ ਦਾ ਮੌਕਾ ਮਿਲੇਗਾ। ਮੁੱਖ ਮੰਤਰੀ ਨੇ ਸਮੂਹ ਮਾਪਿਆਂ ਨੂੰ ਇਸ ਮਿਲਣੀ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਸੂਬੇ ਵਿਚ ਸਥਾਪਤ ਕੀਤੇ ਜਾ ਰਹੇ 'ਸਕੂਲ ਆਫ ਐਮੀਨੈਂਸ' ਨਾਲ ਨੌਵੀਂ ਤੇ ਦਸਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਮਨਪਸੰਦ ਕਿੱਤੇ ਚੁਣਨ ਲਈ ਤਿਆਰੀ ਕਰਵਾਈ ਜਾਵੇਗੀ।

ਸੂਬੇ ਵਿਚ ਸਥਾਪਤ ਕੀਤੇ 100 ਆਮ ਆਦਮੀ ਕਲੀਨਿਕਾਂ ਰਾਹੀਂ ਆਮ ਲੋਕਾਂ ਨੂੰ ਮਿਲ ਰਹੇ ਮੁਫਤ ਇਲਾਜ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 26 ਜਨਵਰੀ, 2023 ਤੱਕ ਇਨ੍ਹਾਂ ਕਲੀਨਿਕਾਂ ਦੀ ਗਿਣਤੀ 350 ਕੀਤੀ ਜਾ ਰਹੀ ਹੈ ਅਤੇ 31 ਮਾਰਚ, 2023 ਤੱਕ 750 ਆਮ ਆਦਮੀ ਕਲੀਨਿਕ ਸਥਾਪਤ ਹੋ ਜਾਣਗੇ, ਜਿਸ ਨਾਲ ਪੰਜਾਬ ਵਾਸੀਆਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਹੀ ਮੁਫਤ ਤੇ ਬਿਹਤਰ ਇਲਾਜ ਹਾਸਲ ਹੋਵੇਗਾ। ਮਾਰਕਫੈੱਡ ਅਤੇ ਵੇਰਕਾ ਨੂੰ ਸੂਬੇ ਦੀ ਸਹਿਕਾਰਤਾ ਦਾ ਧੁਰਾ ਦੱਸਦਿਆਂ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਵਾਲੇ ਮੁਲਕਾਂ ਵਿਚ ਇਨ੍ਹਾਂ ਅਦਾਰਿਆਂ ਦਾ ਕਾਰੋਬਾਰ ਵਧਾਉਣ ਦੀ ਯੋਜਨਾ ਬਣਾ ਰਹੀ ਹੈ, ਕਿਉਂਕਿ ਪਰਵਾਸੀ ਪੰਜਾਬੀ ਆਪਣੇ ਸੂਬੇ ਵਿਚ ਬਣੇ ਉਤਪਾਦ ਨੂੰ ਬਹੁਤ ਪਸੰਦ ਕਰਦੇ ਹਨ। ਮੁੱਖ ਮੰਤਰੀ ਨੇ ਮਾਰਕਫੈੱਡ ਵੱਲੋਂ ਤਿਆਰ ਕੀਤੇ ਉਤਪਾਦ, ਜਿਨ੍ਹਾਂ ਵਿਚ ਕੱਪੜੇ ਧੋਣ ਵਾਲਾ ਸਾਬਣ ਤੇ ਸਰਫ, ਨਹਾਉਣ ਵਾਲਾ ਸਾਬਣ, ਹੈਂਡਵਾਸ਼ ਨੂੰ ਵੀ ਲਾਂਚ ਕੀਤਾ। ਇਸ ਮੌਕੇ ਮਾਰਕਫੈੱਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ, ਵਧੀਕ ਮੁੱਖ ਸਕੱਤਰ ਸਹਿਕਾਰਤਾ ਅਨੁਰਾਗ ਅਗਰਵਾਲ ਅਤੇ ਐੱਮ ਡੀ ਮਾਰਕਫੈੱਡ ਰਾਮਵੀਰ ਵੀ ਹਾਜ਼ਰ ਸਨ।

ਡੀ ਏ ਵੀ ਸਕੂਲ 'ਚ ਸਵਾਮੀ ਸ਼ਰਧਾਨੰਦ ਦਾ ਸ਼ਹੀਦੀ ਦਿਹਾੜਾ ਮਨਾਇਆ

ਮਲੋਟ (ਗੁਰਮੀਤ ਸਿੰਘ ਮੱਕੜ)

ਮਲੋਟ ਦੇ ਡੀ ਏ ਵੀ ਸਕੂਲ ਵਿਖੇ ਹਵਨ ਯੱਗ ਕਰਦੇ ਹੋਏ ਪ੍ਰਿੰਸੀਪਲ ਸੰਧਿਆ ਬਠਲਾ ਅਤੇ ਸਟਾਫ਼।

ਸਥਾਨਕ ਡੀ ਏ ਵੀ ਪਬਲਿਕ ਸਕੂਲ 'ਚ ਆਰੀਆ ਸਮਾਜ ਦੇ ਮਹਾਨ ਸੰਨਿਆਸੀ ਸਵਾਮੀ ਸ਼ਰਧਾਨੰਦ ਦਾ ਸ਼ਹੀਦੀ ਦਿਹਾੜਾ ਸਕੂਲ ਪ੍ਰਿੰਸੀਪਲ ਸੰਧਿਆ ਬਠਲਾ ਦੀ ਅਗਵਾਈ 'ਚ ਹਵਨ ਯੱਗ ਕਰਕੇ ਸ਼ਰਧਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸਵਾਮੀ ਸ਼ਰਧਾਨੰਦ ਬਲੀਦਾਨ ਦਿਵਸ ਮੌਕੇ ਧਰਮਾਚਾਰੀਆ ਰਾਮ ਚੰਦਰ ਸ਼ਾਸਤਰੀ ਦੇ ਬ੍ਰਹਮਤਵਾ 'ਚ ਹਵਨ ਯੱਗ ਕਰਕੇ ਸਵਾਮੀ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ 'ਤੇ ਇਲਾਕੇ ਦੀ ਖੁਸ਼ਹਾਲੀ, ਅਮਨ-ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਲਈ ਅਰਦਾਸ ਕੀਤੀ ਗਈ। ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਮੁੱਖ ਮੇਜ਼ਬਾਨ ਦੀ ਭੂਮਿਕਾ ਨਿਭਾਈ। ਪ੍ਰਿੰਸੀਪਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਆਰੀਆ ਸਮਾਜ ਦੇ ਮਹਾਨ ਸੰਤ ਅਤੇ ਗੁਰੂਕੁਲ ਕਾਂਗੜੀ ਯੂਨੀਵਰਸਿਟੀ ਹਰਿਦੁਆਰ ਦੇ ਸੰਸਥਾਪਕ ਸਵਾਮੀ ਸ਼ਰਧਾਨੰਦ ਇੱਕ ਸਿੱਖਿਆ ਸ਼ਾਸਤਰੀ, ਸੁਤੰਤਰਤਾ ਸੈਨਾਨੀ ਅਤੇ ਆਰੀਆ ਸਮਾਜ ਦੇ ਸੰਨਿਆਸੀ ਸਨ, ਜਿਨ੍ਹਾਂ ਨੇ ਸਵਾਮੀ ਦਯਾਨੰਦ ਸਰਸਵਤੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਉਨ੍ਹਾ ਦੱਸਿਆ ਕਿ ਉਹ ਭਾਰਤ ਦੇ ਉਨ੍ਹਾਂ ਮਹਾਨ ਦੇਸ਼ ਭਗਤ ਸੰਨਿਆਸੀਆਂ 'ਚੋਂ ਇੱਕ ਆਗੂ ਸਨ, ਜਿਨ੍ਹਾਂ ਨੇ ਅਜ਼ਾਦੀ, ਸਵੈ-ਸ਼ਾਸਨ, ਸਿੱਖਿਆ ਅਤੇ ਵੈਦਿਕ ਧਰਮ ਦੇ ਪ੍ਰਚਾਰ ਲਈ ਆਪਣਾ ਜੀਵਨ ਸਮਰਪਤ ਕਰ ਦਿੱਤਾ। ਉਨ੍ਹਾ ਦੱਸਿਆ ਕਿ ਹਿੰਦੂ ਸਮਾਜ ਅਤੇ ਭਾਰਤ ਨੂੰ ਸੰਗਠਿਤ ਕਰਨ ਅਤੇ 1920 ਦੇ ਦਹਾਕੇ ਵਿਚ ਸ਼ੁੱਧੀ ਅੰਦੋਲਨ ਚਲਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਆਪਣੀ ਗੱਲ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਉਹ ਪੱਤਰਕਾਰੀ 'ਚ ਦਾਖਲ ਹੋਏ ਅਤੇ ਹਿੰਦੀ ਅਤੇ ਉਰਦੂ 'ਚ ਮਾਸਿਕ ਪੱਤਰ ਕੱਢਿਆ। ਇਸ ਮੌਕੇ ਸਕੂਲ ਚੇਅਰਮੈਨ ਰਵੀ ਛਾਬੜਾ ਨੇ ਆਪਣੇ ਸੰਦੇਸ਼ 'ਚ ਕਿਹਾ ਕਿ ਸਵਾਮੀ ਸ਼ਰਧਾਨੰਦ ਨੇ ਆਪਣਾ ਸਮੁੱਚਾ ਜੀਵਨ ਵਿੱਦਿਆ, ਸੰਸਕ੍ਰਿਤੀ, ਸੇਵਾ ਅਤੇ ਦਾਨ 'ਚ ਬਤੀਤ ਕੀਤਾ। ਇਸ ਮੌਕੇ 'ਤੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

ਸੁੰਦਰ ਬਸਤੀ ਵਿਖੇ ਮਨਾਇਆ ਜਾਵੇਗਾ ਬਾਬਾ ਜੀਵਨ ਸਿੰਘ ਦਾ ਸ਼ਹੀਦੀ ਦਿਹਾੜਾ

ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਸੁੰਦਰ ਬਸਤੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਨਗਰ ਦੇ ਸਹਿਯੋਗ ਨਾਲ ਕੌਮ ਦੇ ਮਹਾਨ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਨੇ ਦੱਸਿਆ ਕਿ ਇਸ ਸੰਬੰਧੀ ਮਿਤੀ 27 ਦਸੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਜਾਣਗੇ ਅਤੇ 29 ਦਸੰਬਰ ਨੂੰ ਭੋਗ ਪਾਏ ਜਾਣਗੇ। ਉਨ੍ਹਾ ਕਿਹਾ ਕਿ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਕੌਮ ਦੇ ਮਹਾਨ ਯੋਧੇ ਸਨ ਜੋ ਦਿੱਲੀ ਦੇ ਚਾਂਦਨੀ ਚੌਕ ਵਿੱਚੋਂ ਲੱਖਾਂ ਪਹਿਰਿਆਂ ਦੇ ਬਾਵਜੂਦ ਗੁਰੂ ਤੇਗ ਬਹਾਦਰ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਏ। ਜਿਨ੍ਹਾਂ ਨੂੰ ਇਸ ਮਹਾਨ ਕਾਰਜ ਸਦਕਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰੰਗਰੇਟਾ ਗੁਰੂ ਕਾ ਬੇਟਾ ਦੇ ਨਾਂ ਨਾਲ ਨਿਵਾਜਿਆ ਗਿਆ ਸੀ ਅਤੇ ਇਹ ਮਹਾਨ ਕਾਰਜ ਕਰਕੇ ਉਨ੍ਹਾਂ ਕੌਮ ਦਾ ਸਿਰ ਉੱਚਾ ਕੀਤਾ। ਜਿਨ੍ਹਾਂ ਨੂੰ ਅਸੀਂ ਕੋਟਿਨ ਕੋਟ ਪ੍ਰਣਾਮ ਕਰਦੇ ਹਾਂ। ਦਰਸ਼ਨ ਕਾਂਗੜਾ ਨੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਸੰਬੰਧੀ ਸੁੰਦਰ ਬਸਤੀ ਵਿਖੇ ਹੋ ਰਹੇ ਸਮਾਗਮ 'ਚ ਸਹਿਯੋਗ ਕਰਨ ਵਾਲਿਆਂ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਆਪਣਾਂ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸੁੰਦਰ ਬਸਤੀ ਵਿਖੇ ਹੋ ਰਹੇ ਇਸ ਤਿੰਨ ਰੋਜ਼ਾ ਸ਼ਹੀਦੀ ਦਿਹਾੜੇ ਦੇ ਸਮਾਗਮ 'ਚ 27,28 ਅਤੇ 29 ਦਸੰਬਰ ਨੂੰ ਸਮੂਹ ਸੰਗਤਾਂ ਲਈ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਮੁੱਖ ਪ੍ਰਬੰਧਕਾਂ 'ਚ ਸ੍ਰੀ ਰਾਣਾ ਬਾਲੂ, ਜਗਸੀਰ ਸਿੰਘ ਜੱਗਾ, ਹੈਪੀ ਹੀਰਾ, ਮਿਸਤਰੀ ਕਾਲਾ, ਗੁਰਪ੍ਰੀਤ ਸਿੰਘ ਗੁਰੀ, ਰਵੀ ਕੁਮਾਰ ਚੌਹਾਨ, ਰਾਮ ਕਾਂਗੜਾ, ਧਰਮਵੀਰ, ਵਿੱਕੀ ਬਾਂਸਲ, ਸਾਗਰ ਚੌਹਾਨ, ਭੁਪਿੰਦਰ, ਸਵਰਨ ਸਿੰਘ ਆਦਿ ਹਾਜ਼ਰ ਸਨ।

ਕ੍ਰਿਸਮਸ ਸਮਾਰੋਹ ਦੌਰਾਨ ਕਮਲਜੀਤ ਕਮਲ ਨੇ ਪਾਸਟਰਾਂ ਨੂੰ ਕੀਤਾ ਸਨਮਾਨਤ



ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂ)-ਸਥਾਨਕ ਫਾਦਰ ਅਮੋਲ ਸਕੂਲ 'ਚ ਪਾਸਟਰ ਸੁਨੀਲ ਦੀ ਅਗਵਾਈ 'ਚ ਕ੍ਰਿਸਮਿਸ ਦੇ ਸੰਬੰਧ 'ਚ ਇੱਕ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿਚ ਸ੍ਰੀ ਹਿੰਦੂ ਤਖਤ ਕਾਲੀ ਮਾਤਾ ਮੰਦਰ ਪਟਿਆਲਾ ਅਤੇ ਵੱਖ-ਵੱਖ ਸ਼ਿਵ ਸੈਨਾ ਸੰਗਠਨਾਂ ਦੇ ਮੀਡੀਆ ਸਲਾਹਕਾਰ ਕਮਲਜੀਤ ਸਿੰਘ ਕਮਲ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਭਾਜਪਾ ਮਹਿਲਾ ਆਗੂ ਨਿਸ਼ਾ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰੀ ਲਗਵਾਈ। ਇਸ ਦੌਰਾਨ ਕਮਲਜੀਤ ਸਿੰਘ ਕਮਲ ਵੱਲੋਂ ਖੰਨਾ ਇਲਾਕੇ ਦੇ ਸਮੂਹ ਪਾਸਟਰਾਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ 'ਚ ਪਾਸਟਰ ਸੁਨੀਲ (ਗੋਡ ਗਿਫਟ ਮਨਿਸਟਰੀ ਖੰਨਾ), ਪਾਸਟਰ ਲਖਵੀਰ (ਭੱਟੀਆਂ), ਪਾਸਟਰ ਵਿਸ਼ਨੂੰ (ਜਰਗ), ਪਾਸਟਰ ਬਾਉਮਾਲਾ (ਛੋਟਾ ਖੰਨਾ), ਪਾਸਟਰ ਵਿਸ਼ਨੂੰ ਦਾਸ (ਖੰਨਾ), ਪਾਸਟਰ ਪ੍ਰਸ਼ਾਂਤ (ਬਿੱਲਾਂ ਵਾਲੀ ਛੱਪੜੀ), ਪਾਸਟਰ ਅਮਰੀਕ (ਰਹੋਣ), ਪਾਸਟਰ ਅਜੈ (ਖੰਨਾ), ਪਾਸਟਰ ਰਮੇਸ਼ (ਖੰਨਾ) ਆਦਿ ਸ਼ਾਮਲ ਸਨ। ਇਸ ਮੌਕੇ ਸੰਬੋਧਨ ਕਰਦੇ ਹੋਏ ਕਮਲਜੀਤ ਸਿੰਘ ਕਮਲ ਨੇ ਕਿਹਾ ਕਿ ਪਾਸਟਰ ਸੁਨੀਲ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਕੁਰਾਹੇ ਪਏ ਲੋਕਾਂ ਨੂੰ ਪ੍ਰਮਾਤਮਾ ਨਾਲ ਜੋੜਿਆ ਜਾ ਰਿਹਾ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਾਰਜ ਹੈ। ਕਮਲ ਨੇ ਕਿਹਾ ਕਿ ਸਾਨੂੰ ਸਭ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਆਪਸ ਵਿਚ ਮਿਲਜੁਲ ਕੇ ਰਹਿਣਾ ਚਾਹੀਦਾ ਹੈ।

ਸਟੇਟ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਐੱਸ ਐੱਸ ਪੀ ਨੂੰ ਧਾਰਮਕ ਸਮਾਗਮਾਂ ਲਈ ਸੱਦਾ ਪੱਤਰ

ਸੰਗਰੂਰ (ਪ੍ਰਵੀਨ ਸਿੰਘ)-ਸਮਾਜ ਸੇਵਾ ਤੇ ਲੋਕ ਭਲਾਈ ਨੂੰ ਸਮਰਪਤ ਸਟੇਟ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਵੱਲੋਂ ਸੁਰਿੰਦਰ ਲਾਂਬਾ ਆਈ ਪੀ ਐਸ, ਐਸ ਐਸ ਪੀ ਸੰਗਰੂਰ ਨੂੰ ਉਨ੍ਹਾ ਦੇ ਦਫ਼ਤਰ ਵਿਖੇ ਐਸੋਸੀਏਸ਼ਨ ਵੱਲੋਂ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਸੰਬੰਧੀ ਸੱਦਾ ਪੱਤਰ ਦੇਣ ਲਈ ਮਿਲਿਆ। ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ ਜੋ ਕਿ ਪੈਨਸ਼ਨਰਾਂ ਦੇ ਵੀ ਸੂਬਾਈ ਆਗੂ ਹਨ, ਨੇ ਐਸ ਐਸ ਪੀ ਲਾਂਬਾ ਦੇ ਧਿਆਨ 'ਚ ਲਿਆਂਦਾ ਕਿ ਐਸੋਸੀਏਸ਼ਨ ਦੇ ਅਹੁਦੇਦਾਰ ਤੇ ਮੈਂਬਰ ਵੱਖ-ਵੱਖ ਵਿਭਾਗਾਂ 'ਚੋਂ ਸੇਵਾ ਮੁਕਤ ਹੋਏ ਅਧਿਕਾਰੀ ਤੇ ਕਰਮਚਾਰੀ ਹਨ ਜੋ ਕਿ ਸਰਕਾਰੀ ਸੇਵਾ ਦੌਰਾਨ ਮੁਲਾਜ਼ਮ ਭਲਾਈ ਅਤੇ ਲੋਕਾਂ ਦੇ ਹਿੱਤਾਂ ਲਈ ਸੰਘਰਸ਼ ਲੜਦੇ ਰਹੇ ਹਨ। ਅਰੋੜਾ ਨੇ ਦੱਸਿਆ ਕਿ ਸੇਵਾ ਮੁਕਤ ਹੋਣ ਉਪਰੰਤ ਇਹ ਸਾਬਕਾ ਅਧਿਕਾਰੀ ਅਤੇ ਕਰਮਚਾਰੀ ਸਮਾਜ ਸੇਵਾ, ਲੋਕ ਭਲਾਈ, ਬਜ਼ੁਰਗਾਂ ਅਤੇ ਪੈਨਸ਼ਨਰਾਂ ਦੇ ਸਤਿਕਾਰ ਨੂੰ ਸਮਰਪਤ ਹਨ। ਅਰੋੜਾ ਨੇ ਹਰ ਸਾਲ ਐਸੋਸੀਏਸ਼ਨ ਵੱਲੋਂ ਕਰਵਾਏ ਜਾਣ ਵਾਲੇ ਸਮਾਗਮਾਂ ਸੰਬੰਧੀ ਵੀ ਦੱਸਿਆ ਕਿ ਇਹ ਸਮਾਗਮ ਸਰਬਤ ਦੇ ਭਲੇ ਅਤੇ ਸਾਰਿਆਂ ਦੀ ਚੜ੍ਹਦੀ ਕਲਾ, ਸੁੱਖ ਸ਼ਾਂਤੀ, ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਕਰਵਾਏ ਜਾਂਦੇ ਹਨ। ਇਹ ਸਮਾਗਮ ਮੈਂਬਰਾਂ 'ਚ ਭਾਈਚਾਰਕ ਸਾਂਝ ਨੂੰ ਪੱਕਾ ਕਰਦੇ ਹਨ ਅਤੇ ਮਿਲਵਰਤਣ ਦੀ ਭਾਵਨਾ ਨਾਲ ਸਮਾਜ ਨੂੰ ਇੱਕ ਨਵੀਂ ਸੇਧ ਦਿੰਦੇ ਹਨ। ਇਸ ਵਾਰ ਦਾ ਸਮਾਗਮ ਆਪਣੇ ਆਪ 'ਚ ਵਿਲੱਖਣ ਅਤੇ ਅਨੂਠਾ ਹੋਵੇਗਾ, ਜਿਸ 'ਚ 71 ਸੁਭਾਗੇ ਜੋੜਿਆਂ ਅਤੇ 51 ਸ਼ਖ਼ਸੀਅਤਾਂ ਨੂੰ ਸਨਮਾਨਤ ਕਰਕੇ ਇੱਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ 25 ਦਸੰਬਰ ਨੂੰ ਮਾਤਾ ਸ੍ਰੀ ਮਨਸ਼ਾ ਦੇਵੀ ਮੰਦਰ ਨਾਭਾ ਗੇਟ ਵਿਖੇ ਸ੍ਰੀ ਸੁੰਦਰਕਾਂਡ ਦੇ ਪਾਠ ਸਵੇਰੇ 09:00 ਵਜੇ ਤੋਂ 11:30 ਵਜੇ ਤੱਕ ਕਰਵਾਏ ਜਾਣਗੇ। ਇਸ ਉਪਰੰਤ ਨਵੇਂ ਵਰ੍ਹੇ 2023 ਦੇ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਗਨ ਬਾਬਾ ਸ੍ਰੀ ਸਾਹਿਬਦਾਸ ਜੀ ਦੇ ਤਪ ਅਸਥਾਨ ਨਾਭਾ ਗੇਟ ਵਿਖੇ ਸਵੇਰੇ 09:00 ਵਜੇ ਤੋਂ ਗਿਆਰਾਂ ਵਜੇ ਤੱਕ ਕਰਵਾਏ ਜਾਣਗੇ। ਐਸ ਐਸ ਪੀ ਲਾਂਬਾ ਵੱਲੋਂ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਅਤੇ ਲੋਕ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਇੰਜਨੀਅਰ ਪ੍ਰਵੀਨ ਬਾਂਸਲ, ਕੰਵਲਜੀਤ ਸਿੰਘ, ਸੁਰਿੰਦਰ ਸਿੰਘ ਸੋਢੀ, ਦਰਸ਼ਨ ਸਿੰਘ ਵਲਿੰਗ, ਜਸਵੀਰ ਸਿੰਘ ਖ਼ਾਲਸਾ, ਕਰਨੈਲ ਸਿੰਘ ਸੇਖੋਂ, ਕਿਸ਼ੋਰੀ ਲਾਲ, ਰਜਿੰਦਰ ਸਿੰਘ, ਚੰਗਾਲ, ਡਾ. ਮਨਮੋਹਨ ਸਿੰਘ, ਓਮ ਪ੍ਰਕਾਸ਼ ਖਿੱਪਲ, ਰਾਜ ਕੁਮਾਰ ਬਾਂਸਲ, ਸੁਰਿੰਦਰ ਕੁਮਾਰ ਗਰਗ, ਮਹੇਸ਼ ਜੌਹਰ, ਪਵਨ ਸ਼ਰਮਾ ਵਿਸ਼ੇਸ਼ ਤੌਰ 'ਤੇ ਕੈਂਬਰਿਜ ਸਕੂਲ ਦੇ ਚੇਅਰਮੈਨ ਸ਼ਿਵ ਆਰਿਆ ਵੀ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਜੀ-20 ਸਿਖਰ ਸੰਮੇਲਨ ਲਈ ਅੰਮ੍ਰਿਤਸਰ ਦਾ ਕੀਤਾ ਜਾਵੇਗਾ ਕਾਇਆ ਕਲਪ: ਈ ਟੀ ਓ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਜੀ 20 ਸਿਖਰ ਸੰਮੇਲਨ ਮਾਰਚ 2023 ਵਿੱਚ ਪਵਿੱਤਰ ਨਗਰੀ ਅੰਮ੍ਰਿਤਸਰ ਵਿਖੇ ਸੰਭਾਵਿਤ ਤੌਰ 'ਤੇ 15 ਤੋਂ 17 ਮਾਰਚ 2023 ਤੱਕ ਹੋਣ ਜਾ ਰਿਹਾ ਹੈ ਅਤੇ ਇਸ ਸੰਮੇਲਨ ਵਿੱਚ ਕਈ ਦੇਸਾਂ ਦੇ ਡੈਲੀਗੇਟ ਸਾਮਲ ਹੋਣਗੇ। ਇਸ ਸੰਮੇਲਨ ਨੂੰ ਸੁਚਾਰੂ ਢੰਗ ਨਾਲ ਮੁਕੰਮਲ ਕਰਨ ਲਈ ਪੰਜਾਬ ਸਰਕਾਰ ਵਲੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਅੰਮ੍ਰਿਤਸਰ ਦਾ ਕਾਇਆ ਕਲਪ ਕੀਤਾ ਜਾਵੇਗਾ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈ.ਟੀ.ਓ. ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਪੰਜਾਬ ਨੇ ਅੱਜ ਜੰਡਿਆਲਾ ਗੁਰੂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ (ਵਿੰਗ-ਏ) ਵਿਖੇ 24.63 ਲੱਖ ਰੁਪਏ ਦੀ ਲਾਗਤ ਨਾਲ ਸਪੈਸ਼ਲ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ। ਉਨਾਂ ਦੱਸਿਆ ਕਿ ਸਪੈਸਲ ਕਾਰਜਾਂ ਹੇਠ ਸਕੂਲ ਵਿੱਚ ਕੰਪਿਊਟਰ ਲੈਬ, ਟਾਇਲਟਾਂ ਦੀ ਮੁਰੰਮਤ, ਛੱਤ ਉਤੇ ਟਾਈਲਾਂ ਅਤੇ ਇੰਟਲਾਕਿੰਗ ਟਾਇਲਾਂ ਵੀ ਲਗਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਕੂਲ ਦੀ ਇਮਾਰਤ ਨੂੰ ਵੀ ਨਵਾਂ ਰੂਪ ਦਿੱਤਾ ਜਾਵੇਗਾ। ਸ: ਈ.ਟੀ.ਓ. ਨੇ ਕਿਹਾ ਕਿ ਜੰਡਿਆਲਾ ਗੁਰੂ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਮੁੱਢਲਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਸੂਬੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਜੀ 20 ਸਿਖਰ ਸੰਮੇਲਨ ਅੰਮ੍ਰਿਤਸਰ ਵਿਖੇ ਹੋਣ ਜਾ ਰਿਹਾ ਹੈ ਅਤੇ ਅੰਮ੍ਰਿਤਸਰ ਸਹਿਰ ਨੂੰ ਭਾਰਤ ਦੀ ਤਰਫੋਂ ਦੁਨਿਆ ਦੇ ਨਕਸੇ ਤੇ ਪੇਸ ਕੀਤਾ ਜਾਵੇਗਾ। ਇਸ ਲਈ ਅੰਮ੍ਰਿਤਸਰ ਦੇ ਸੁੰਦਰੀਕਰਨ ਲਈ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸਤ ਨਹੀਂ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਇਸ ਸੰਮੇਲਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਰਕਾਰ ਵਲੋਂ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ।

ਸਿਹਤ, ਸਿੱਖਿਆ ਤੇ ਵਿਕਾਸ ਸਬੰਧੀ ਪ੍ਰਬੰਧਕੀ ਸੁਧਾਰਾਂ ਨੂੰ ਲੈ ਕੇ ਮੀਟਿੰਗ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਜ਼ਿਲ੍ਹਾ ਤਰਨ ਤਾਰਨ ਅੰਦਰ ਸਮੱਸਿਆਵਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਰਿਸ਼ੀਪਾਲ ਸਿੰਘ ਵੱਲੋਂ ਪੱਟੀ ਦਫਤਰ ਵਿਖੇ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਲਾਲਜੀਤ ਸਿੰਘ ਭੁੱਲਰ, ਖੇਮਕਰਨ ਦੇ ਵਿਧਾਇਕ ਸਰਵਨ ਸਿੰਘ ਧੁੰਨ, ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ, ਤਰਨਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨਾਲ ਮੁਲਾਕਾਤ ਕੀਤੀ ਤੇ ਜ਼ਿਲ੍ਹੇ ਦੀਆਂ ਗੰਭੀਰ ਸਮੱਸਿਆਵਾਂ ਨੂੰ ਹੱਲ ਕਰਨ ਵਿਚਾਰ ਵਟਾਂਦਰਾ ਕੀਤਾ ਗਿਆ । ਇਸ ਮੌਕੇ ਜ਼ਿਲ੍ਹੇ ਅੰਦਰ ਸਿਹਤ, ਸਿੱਖਿਆ ਤੇ ਵਿਕਾਸ ਸਬੰਧਤ ਅਤੇ ਪ੍ਰਬੰਧਕੀ ਸੁਧਾਰ ਲਈ ਕਾਰਜ ਸ਼ੁਰੂ ਕਰਨ ਲਈ ਕਰਵਾਈ ਆਰੰਭ ਕਰ ਦਿੱਤੀ ਗਈ ਹੈ। ਇਸ ਮੌਕੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਪੱਟੀ ਹਲਕੇ ਤੇ ਜ਼ਿਲ੍ਹਾ ਤਰਨਤਾਰਨ ਵਿੱਚ ਸਰਕਾਰੀ ਕੰਮਾਂ ਵਿੱਚ ਸੁਧਾਰ ਕਰਨ ਅਤੇ ਨਵੇਂ ਪ੍ਰੋਜੈਕਟ ਸ਼ੁਰੂ ਕਰਨ ਜਾ ਰਹੀ ਹੈ, ਜਿਸ ਨਾਲ ਲੋਕਾਂ ਦੀਆਂ ਸਾਰੀਆ ਮੁਸ਼ਕਿਲਾਂ ਨੂੰ ਹੱਲ ਕੀਤਾ ਜਾਵੇਗਾ। ਇਸ ਮੌਕੇ ਡੀ ਸੀ ਰਿਸ਼ੀਪਾਲ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਢਲਾ ਫਰਜ਼ ਹੈ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨਾ ਅਤੇ ਪੰਜਾਬ ਦਾ ਸੰਪੂਰਨ ਵਿਕਾਸ ਕਰਨਾ। ਉਨ੍ਹਾਂ ਕਿਹਾ ਕਿ ਅਗਰ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਆ ਰਹੀ ਹੈ ਤਾਂ ਸਿੱਧਾ ਮੇਰੇ ਨਾਲ ਸੰਪਰਕ ਕਰਨ। ਇਸ ਮੌਕੇ ਦਿਲਬਾਗ ਸਿੰਘ ਪੀਏ, ਸੰਦੀਪ ਪੁਰੀ ਓਐੱਸਡੀ, ਅਵਤਾਰ ਸਿੰਘ ਢਿੱਲੋਂ ਪ੍ਰੈੱਸ ਸਕੱਤਰ ਤੇ ਹੋਰ ਹਾਜ਼ਰ ਸਨ।

ਡੀ ਸੀ ਦਫਤਰ ਤਰਨਤਾਰਨ ਲੱਗਾ ਕਿਰਤੀ ਮੋਰਚਾ 28ਵੇਂ ਦਿਨ 'ਚ ਦਾਖਲ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋਂ ਡੀਸੀ ਦਫਤਰ ਤਰਨਤਾਰਨ ਅੱਗੇ ਲੱਗਾ ਮੋਰਚਾ ਅਤਿ ਦੀ ਠੰਡ ਵਿੱਚ 28ਵੇਂ ਦਿਨ ਵੀ ਲਗਾਤਾਰ ਜਾਰੀ ਹੈ। ਸ੍ਰੀ ਅੰਮ੍ਰਿਤਸਰ ਤੋਂ ਖੇਮਕਰਨ ਰੋਡ ਮੰਨਣ ਟੋਲ ਪਲਾਜ਼ਾ ਉੱਪਰ 15 ਦਸੰਬਰ ਤੋਂ ਲਗਾਤਾਰ ਬੈਠੇ ਕਿਰਤੀ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਪ੍ਰਧਾਨ ਗੁਰਮੀਤ ਸਿੰਘ ਐਮਾਂ ਕਲਾਂ, ਪ੍ਰਧਾਨ ਸੁਖਬੀਰ ਸਿੰਘ ਮੰਨਣ, ਹਰਜੀਤ ਸਿੰਘ ਮੰਨਣ ਨੇ ਕਿਹਾ ਕਿ ਸਰਬੰਸਦਾਨੀ ਦਸਵੇਂ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹੀਦੀ ਨੂੰ ਕੋਟ ਕੋਟ ਪ੍ਰਣਾਮ ਕੀਤਾ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਜ਼ੁਲਮ ਖਿਲਾਫ ਟੱਕਰ ਲੈਣ ਲਈ ਪ੍ਰੇਰਨਾ ਦਿੰਦੀ ਹੈ, ਇਨ੍ਹਾਂ ਕੁਰਬਾਨੀਆਂ ਤੇ ਚਲਦੇ ਹੋਏ ਇਸ ਅੱਤ ਦੀ ਠੰਡ ਵਿਚ ਘਰਾਂ ਤੋਂ ਬਾਹਰ ਮੋਰਚਿਆਂ ਵਿਚ ਬੈਠੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਦੀ ਗੰਦੀ ਨੀਅਤ ਦਾ ਹਵਾਲਾ ਦਿੰਦੇ ਹੋਏ ਮਾਲਬਰੋਜ਼ ਸ਼ਰਾਬ ਫੈਕਟਰੀ ਜੀਰਾ ਜੋ ਕੁਦਰਤ ਦਾ ਸਭ ਤੋਂ ਅਨਮੋਲ ਰਤਨ ਪੀਣ ਵਾਲਾ ਪਾਣੀ ਖਰਾਬ ਕਰ ਰਹੀ ਹੈ। ਇਹ ਸਿਰਫ ਜੀਰਾ ਸ਼ਰਾਬ ਫੈਕਟਰੀ ਦਾਸਵਾਲ ਨਹੀਂ ਹੈ, ਇਹ ਪੂਰੇ ਪੰਜਾਬ ਦੇ ਹਵਾ ਪਾਣੀ ਧਰਤੀ ਨੂੰ ਕਾਰਪੋਰੇਟਾਂ ਤੋਂ ਬਚਾਉਣ ਦਾ ਸਵਾਲ ਹੈ। ਪੰਜਾਬ ਦੀਆਂ ਫੈਕਟਰੀਆਂ ਦਾ ਗੰਦਾ ਕੈਮੀਕਲ ਵਾਲਾ ਪਾਣੀ ਦਰਿਆਵਾਂ, ਨਹਿਰਾਂ, ਡਰੇਨਾਂ ਅਤੇ ਧਰਤੀ ਹੇਠ ਬੋਰ ਕਰਕੇ ਪਾ ਰਹੀਆਂ ਹਨ। ਪੰਜਾਬ ਦੇ ਹਾਕਮ ਅੱਖਾਂ ਬੰਦ ਕਰਕੇ ਬੈਠੇ ਹਨ ਅਤੇ ਕਾਰਪੋਰੇਟ ਨਾਲ ਇਨ੍ਹਾਂ ਦਾ ਗੱਠਜੋੜ ਬਣਿਆ ਹੋਇਆ ਹੈ ਜੋ ਪੰਜਾਬ ਦੀ ਤਬਾਹੀ ਦਾ ਕਾਰਨ ਬਣ ਰਿਹਾ ਹੈ। ਇਸ ਲਈ ਪੰਜਾਬ ਦੀ ਜਨਤਾ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਾਰਪੋਰੇਟ, ਦੇਸ਼ ਦੇ ਲੁਟੇਰੇ ਹਾਕਮਾਂ ਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਪੂਰੀ ਤਰ੍ਹਾਂ ਖਦੇੜਨ ਲਈ ਲਾਮਬੰਧ ਹੋਕੇ ਜੱਥੇਬੰਦਕ ਹੋਵੋ, ਨਹੀਂ ਤਾਂ ਇਤਿਹਾਸ ਸਾਨੂੰ ਮੁਆਫ ਨਹੀਂ ਕਰੇਗਾ। ਇਸ ਮੌਕੇ ਰਣਜੀਤ ਸਿੰਘ ਐਮਾਂ ਕਲਾਂ, ਗੁਰਦੇਵ ਸਿੰਘਐਮਾਂ ਕਲਾਂ, ਹਰਦੀਪ ਸਿੰਘ ਐਮਾਂ ਕਲਾਂ, ਕਰਤਾਰ ਸਿੰਘ ਐਮਾਂ ਕਲਾਂ, ਹਰਦੇਵ ਸਿੰਘ ਐਮਾਂ ਕਲਾਂ, ਨਿਸ਼ਾਨ ਸਿੰਘ ਐਮਾਂ ਕਲਾਂ, ਦਲਜੀਤ ਸਿੰਘ ਐਮਾਂ ਕਲਾਂ, ਮੰਗਲ ਸਿੰਘ ਐਮਾਂ ਕਲਾਂ, ਪਰਮਜੀਤ ਸਿੰਘ ਮੰਨਣ, ਅਵਤਾਰ ਸਿੰਘ ਮੰਨਣ, ਨਿਸ਼ਾਨ ਸਿੰਘ ਮੰਨਣ, ਬਘੇਲ ਸਿੰਘ ਮੰਨਣ, ਕਾਰਜ ਸਿੰਘ ਮੰਨਣ, ਭੁਪਿੰਦਰ ਸਿੰਘ ਪੰਡੋਰੀ ਸਿੱਧਵਾਂ ਆਦਿ ਹਾਜ਼ਰ ਸਨ।

ਵਿਜੇ ਦਿਵਸ ਨੂੰ ਸਮਰਪਿਤ ਸਕੂਲ 'ਚ ਪ੍ਰੋਗਰਾਮ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਐਨ. ਸੀ. ਸੀ. 01 ਬਟਾਲੀਅਨ ਪੰਜਾਬ ਅਤੇ ਐਨ. ਸੀ. ਸੀ. 24 ਬਟਾਲੀਅਨ ਅੰਮ੍ਰਿਤਸਰ, ਪੰਜਾਬ ਨੇ ਵਿਜੇ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆਇਸ ਮੌਕੇ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ ਨੇ ਜਵਾਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਸੀਂ ਅੱਜ ਘਰਾਂ 'ਚ ਇਨ੍ਹਾਂ ਦੀ ਬਦੌਲਤ ਨਿਸ਼ਚਿਤ ਹੋ ਕੇ ਸੌਂਦੇ ਹਾਂ ਤੇ ਸਾਨੂੰ ਆਪਣੇ ਦੇਸ਼ ਦੀ ਆਰਮੀ ਉੱਪਰ ਮਾਣ ਹੈ। ਇਸ ਮੌਕੇ ਕੈਡਿਟਾਂ ਵੱਲੋਂ ਕਵਿਤਾ ਉਚਾਰਣ, ਦੇਸ਼-ਭਗਤੀ ਦੇ ਗੀਤਾਂ ਦਾ ਗਾਇਨ ਕੀਤਾ ਗਿਆ ਹੈ। ਇਸ ਮੌਕੇ ਦੇਸ਼-ਭਗਤੀ ਦੇ ਇਕ ਫੌਜ਼ੀ ਦੇ ਜੀਵਨ ਨੂੰ ਦਰਸਾਉਂਦਾ ਇਕ ਐਕਟ ਪੇਸ਼ ਕੀਤਾ ਗਿਆ। ਇਸ ਮੌਕੇ ਕੈਡਿਟਾਂ ਦੇ ਵਿਜੇ ਦਿਵਸ ਨੂੰ ਸਬੰਧੀ ਚਾਰਟ ਮੁਕਾਬਲੇ ਵੀ ਕਰਵਾਏ ਗਏ ਜੋ ਦੇਸ਼ ਭਗਤੀ ਦੀ ਭਾਵਨਾ ਨੂੰ ਦਰਸਾਉਂਦੇ ਹਨ।

ਮੁੱਖ ਖੇਤੀਬਾੜੀ ਅਫਸਰ ਵੱਲੋਂ ਅਚਨਚੇਤੀ ਚੈਕਿੰਗ

ਚੋਹਲਾ ਸਾਹਿਬ (ਰਮਨ ਚੱਢਾ)-ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤਹਿਤ ਚਾਰ ਗਠਿਤ ਟੀਮਾਂ ਵੱਲੋਂ ਜ਼ਿਲ੍ਹਾ ਤਰਨਤਾਰਨ ਦੇ 8 ਬਲਾਕਾਂ ਦੇ ਇਨਪੁੱਟ ਡੀਲਰਾਂ ਦੀ ਅਚਨਚੇਤੀ ਚੈਕਿੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਬਲਾਕ ਚੋਹਲਾ ਸਾਹਿਬ ਵਿਖੇ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਦੀ ਅਗਵਾਈ ਹੇਠ ਗਠਿਤ ਟੀਮ ਮੈਂਬਰਾਂ ਵੱਲੋਂ ਵੱਖ-ਵੱਖ ਡੀਲਰਾਂ ਦੇ ਸਟਾਕ ਦੀ ਅਚਨਚੇਤੀ ਚੈਕਿੰਗ ਕੀਤੀ ਗਈ। ਇਸ ਉਪਰੰਤ ਡਾ ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਨਿਰੀਖਣ ਦਾ ਮੰਤਵ ਕਿਸਾਨਾਂ ਨੂੰ ਮਿਆਰੀ ਖਾਦ, ਦਵਾਈਆਂ ਅਤੇ ਬੀਜ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਵੈਲਿਡ ਲਾਇਸੰਸ ਨੰਬਰ ਅਤੇ ਦੁਕਾਨ ਵਿਚ ਮੌਜੂਦ ਖਾਦ, ਬੀਜ ਅਤੇ ਦਵਾਈਆਂ ਦੀ ਅਡੀਸ਼ਨ, ਸਟਾਕ ਰਜਿਸਟਰ, ਖਰੀਦ ਖਰੀਦ ਬਿਲ ਆਦਿ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਸਬੰਧੀ ਪਾਈ ਜਾ ਰਹੀ ਊਣਤਾਈ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਟੀਮ ਨਾਲ ਡਾ. ਸੰਦੀਪ ਸਿੰਘ ਢਿੱਲੋਂ ਏਡੀਓ ਪੀਪੀ ਹੈਡਕੁਆਰਟਰ, ਡਾ. ਗੁਰਬੀਰ ਸਿੰਘ ਏਡੀਓ, ਡਾ. ਕਰਮਜੀਤ ਸਿੰਘ ਏਡੀਓ ਚੋਹਲਾ ਸਾਹਿਬ ਅਤੇ ਮੁੱਖਵਿੰਦਰ ਸਿੰਘ ਖੇਤੀ ਉਪ ਨਿਰੀਖਕ ਮੌਜੂਦ ਸਨ।

ਅੰਤਰ ਸਕੂਲ ਯੁਵਕ ਮੇਲੇ 'ਚ ਬੱਚਿਆਂ ਨੇ ਮਾਰੀਆ ਮੱਲਾਂ

ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)—ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ ਜੋ ਕਿ ਬੋਰਡ ਨਾਲ ਐਫੀਲੇਟਡ ਹੈ ਇਸ ਇਲਾਕੇ ਦੀ ਮਹਾਨ ਸ਼ਖਸੀਅਤ ਸੰਤ ਬਾਬਾ ਸੁੱਖਾ ਸਿੰਘ ਜੀ ਕਾਰ ਸੇਵਾ ਸਰਹਾਲੀ ਦੀ ਸਰਪਰਸਤੀ ਹੇਠ ਤਰੱਕੀ ਦੇ ਰਾਹ ਤੇ ਚਲ ਰਿਹਾ ਹੈ, ਇਸ ਸਕੂਲ ਦੇ ਵਿਦਿਆਰਥੀਆਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅੰਮ੍ਰਿਤਸਰ-ਤਰਨ ਤਾਰਨ ਜ਼ੋਨ ਵੱਲੋਂ ਗੁਰਦੁਆਰਾ ਚੁਬੱਚਾ ਸਾਹਿਬ ਵਿਖੇ ਕਰਵਾਏ ਗਏ ਅੰਤਰ ਸਕੂਲ ਯੁਵਕ ਮੇਲੇ ਵਿੱਚ ਹਿੱਸਾ ਲਿਆ ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਮਿਹਨਤ ਅਤੇ ਮੁਹਾਰਤ ਸਦਕਾ ਕਾਫੀ ਸਾਰੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ। ਜਿਸ ਵਿੱਚ ਹਰਵਿੰਦਰ ਕੌਰ ਕਲਾਸ ਦੱਸਵੀਂ ਨੇ ਲੈਕਚਰ ਮੁਕਾਬਲੇ ਵਿੱਚ ਪਹਿਲਾ ਸਥਾਨ, ਗੁਰਪ੍ਰੀਤ ਕੌਰ ਕਲਾਸ +2 ਨੇ ਲੇਖ ਲਿਖਣ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ, ਰਵਨੀਤ ਕੌਰ ਕਲਾਸ 7 ਨੇ ਕਵਿਤਾ ਮੁਕਾਬਲੇ ਵਿੱਚ ਦੂਸਰਾ ਸਥਾਨ, ਅਰਸਬੀਰ ਸਿੰਘ ਕਲਾਸ +1 ਕਮਰਸ ਨੇ ਸੁੰਦਰ ਲਿਖਾਈ ਵਿੱਚ ਪਹਿਲਾ ਸਥਾਨ, ਗੁਰਲੀਨ ਕੌਰ , ਕੋਮਲਪ੍ਰੀਤ ਕੌਰ ਅਤੇ ਹਰਵਿੰਦਰ ਕੌਰ ਕਲਾਸ ਦੱਸਵੀਂ ਨੇ ਕਵਿੱਜ਼ ਮੁਕਾਬਲਿਆਂ ਵਿੱਚ ਤੀਸਰਾ ਸਥਾਨ ਹਾਸਿਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧ ਵਿੱਚ ਸਕੂਲ ਦੇ ਡਾਇਰੈਟਰ ਸਤੀਸ਼ ਕੁਮਾਰ ਦੁੱਗਲ ਨੇ ਅਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਯੁਗੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਵੱਧ-ਚੜ ਕੇ ਭਵਿੱਖ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਰਜਿੰਦਰ ਸਿੰਘ, ਮੈਡਮ ਗੁਰਪ੍ਰੀਤ ਕੌਰ, ਜਸਪਾਲ ਸਿੰਘ, ਮੈਡਮ ਜੋਗਿੰਦਰ ਕੌਰ ਅਤੇ ਮੈਡਮ ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

ਕਟਾਰੂਚੱਕ ਵੱਲੋਂ ਕਾਮਰੇਡ ਸੰਤੋਖ ਸਿੰਘ ਸੰਘੇੜਾ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪੰਜਾਬ ਦੇ ਕੈਬਨਿਟ ਵਜ਼ੀਰ ਲਾਲ ਚੰਦ ਕਟਾਰੂਚੱਕ ਨੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਸੰਤੋਖ ਸਿੰਘ ਸੰਘੇੜਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਕਾਮਰੇਡ ਸੰਤੋਖ ਸਿੰਘ 16 ਤੋਂ 20 ਦਸੰਬਰ ਅਲਾਪੁਜ਼ਾ (ਕੇਰਲਾ) ਵਿਖੇ ਮਜ਼ਦੂਰਾਂ ਦੀ ਸ਼੍ਰੋਮਣੀ ਜਥੇਬੰਦੀ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੀ 42 ਵੀ ਕੌਮੀ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਗਏ ਸਨ। ਕਾਨਫਰੰਸ ਦੇ ਆਖਰੀ ਦਿਨ 20 ਦਸੰਬਰ 2022 ਨੂੰ ਹੋਈ ਵਿਸ਼ਾਲ ਮੁਲਾਜ਼ਮ ਮਜ਼ਦੂਰ ਰੈਲੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਰੇਲਵੇ ਲਾਈਨ ਕਰਾਸ ਕਰਦੇ ਹੋਏ ਉਹ ਰੇਲ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਕਾਮਰੇਡ ਸੰਤੋਖ ਸਿੰਘ ਸੰਘੇੜਾ ਦੀ ਬੇਵਕਤੀ ਮੌਤ 'ਤੇ ਅਫਸੋਸ ਜ਼ਾਹਰ ਕਰਦਿਆਂ ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਉਨ੍ਹਾਂ ਦੇ ਤੁਰ ਜਾਣ ਨਾਲ ਲੋਕ ਹੱਕਾਂ ਲਈ ਜੂਝਣ ਵਾਲੇ ਆਗੂ ਦਾ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਮਰਹੂਮ ਸੰਘੇੜਾ ਨੇ ਸਾਰੀ ਉਮਰ ਗਰੀਬਾਂ, ਮਜ਼ਦੂਰਾਂ ਅਤੇ ਕਿਰਤੀਆਂ ਦੇ ਹੱਕਾਂ ਦੀ ਲੜਾਈ ਲੜਦੇ ਰਹੇ। ਉਹ ਬਹੁਤ ਇਮਾਨਦਾਰ ਲੋਕ ਆਗੂ ਸਨ ਜਿਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸ੍ਰੀ ਕਟਾਰੂਚੱਕ ਨੇ ਮਰਹੂਮ ਸੰਤੋਖ ਸਿੰਘ ਸੰਘੇੜਾ ਦੇ ਸਪੁੱਤਰ ਤੇ ਪਰਿਵਾਰਕ ਮੈਂਬਰਾਂ ਨਾਲ ਫੋਨ 'ਤੇ ਗੱਲ ਕਰਕੇ ਉਨ੍ਹਾਂ ਨਾਲ ਆਪਣੀ ਦਿਲੀ ਸੰਵੇਦਨਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਉਹ ਦੁੱਖ ਦੀ ਇਸ ਘੜੀ ਵਿੱਚ ਓਨਾ ਦੇ ਨਾਲ ਹਨ। ਓਨਾ ਵਾਹਿਗੁਰੂ ਅੱਗੇ ਵਿੱਛੜੀ ਆਤਮਾ ਦੀ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਹੈ।

ਬੜੀ ਸ਼ਰਧਾ ਨਾਲ ਮਨਾਇਆ ਨੈਸ਼ਨਲ ਪਬਲਿਕ ਸਕੂਲ 'ਚ ਸ਼ਹੀਦੀ ਦਿਹਾੜਾ

ਤਰਨਤਾਰਨ (ਪ੍ਰਿਤਪਾਲ ਸਿੰਘ)-ਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਹੀਦੀ ਦਿਹਾੜਾ ਬੜੀ ਹੀ ਸ਼ਰਧਾ ਨਾਲ ਮਨਾਇਆ। ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਸਭ ਤੋਂ ਪਹਿਲਾਂ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ। ਇਸ ਤੋਂ ਬਾਅਦ ਬੱਚਿਆਂ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਵਾਤਾਵਰਨ ਇਲਾਹੀ ਕਰ ਦਿੱਤਾ। ਬੱਚਿਆ ਨੇ ਚਾਰ ਸਾਹਿਬਜ਼ਾਦਿਆਂ ਤੇ ਕਵਿਤਾ, ਕਵੀਸ਼ਰੀ ਅਤੇ ਲੇਖ ਪ੍ਰਤੀਯੋਗਿਤਾ ਵਿਚ ਹਿੱਸਾ ਲਿਆ।ਬੱਚਿਆ ਨੇ ਪੱਗੜੀ ਅਤੇ ਦੁਮਾਲਾ ਪ੍ਰਤੀਯੋਗਿਤਾ ਵਿੱਚ ਵੀ ਹਿੱਸਾ ਲਿਆ। 11ਵੀਂ ਕਲਾਸ ਦੇ ਬੱਚਿਆ ਨੇ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਦੇ ਨਾਲ ਜੁੜੀ ਛੋਟੀ ਤੋਂ ਛੋਟੀ ਗੱਲ ਸਾਰੇ ਵਿਦਿਆਰਥੀਆਂ ਨੂੰ ਵਿਸਥਾਰ ਵਿੱਚ ਸਮਝਾਈ। ਬੱਚਿਆਂ ਨੇ ਬੜੀ ਹੀ ਸ਼ਰਧਾ ਨਾਲ ਸਾਹਿਬਜ਼ਾਦਿਆਂ ਦੇ ਸਹੀਦੀ ਜੀਵਨ ਬਾਰੇ ਸੁਣਿਆ। ਬੱਚਿਆਂ ਨੇ ਪ੍ਰਣ ਕੀਤਾ ਕਿ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸਹੀ ਸੇਧ ਦੇਣਗੇ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਵਨੀਤ ਕੌਰ ਨੇ ਬੱਚਿਆਂ ਨੂੰ ਸ਼ਹੀਦੀ ਦਿਹਾੜੇ ਦੇ ਹਫਤੇ ਵਿੱਚ ਪਾਠ ਅਤੇ ਸਿਮਰਨ ਕਰਨ ਲਈ ਪ੍ਰੇਰਿਤ ਕੀਤਾ।

ਰਿਆੜਕੀ ਕਾਲਜ ਤੁਗਲਵਾਲਾ ਵਿਖੇ ਸਫਰ-ਏ-ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਪਤਾਹ ਦੀ ਸ਼ੁਰੂਆਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪੰਜਾਬ ਦਾ ਸਾਂਤੀ ਨਿਕੇਤਨ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਜਿਥੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਦਿਆਰਥੀਆਂ ਨੂੰ ਆਪਣੇ ਅਮੀਰ ਗੌਰਵਸਾਲੀ ਧਾਰਮਿਕ ਵਿਰਸੇ ਤੋਂ ਜਾਣੂ ਕਰਵਾਉਣ ਲਈ ਅਤੇ "ਆਓ ਗਾਥਾ ਸਾਹਿਬਜ਼ਾਦਿਆਂ ਦੀ ਆਪਣੇ ਬੱਚਿਆਂ ਨੂੰ ਸੁਣਾਈਏ ਸਹੀਦੀ ਸਪਤਾਹ ਘਰ-ਘਰ ਮਨਾਈਏ' ਦੇ ਮੰਤਵ ਦੀ ਪੂਰਤੀ ਲਈ ਸਫਰ-ਏ-ਸ਼ਹਾਦਤ ਨੂੰ ਸਮਰਪਿਤ ਸਹੀਦੀ ਸਪਤਾਹ ਦੀ ਸੁਰੂਆਤ ਕੀਤੀ ਗਈ। ਜਿਸ ਦਾ ਉਦੇਸ ਅੱਜ ਦੀ ਨੌਜਵਾਨ ਪੀੜੀ ਨੂੰ ਸਿੱਖ ਕੌਮ ਦੀ ਸਹੀਦੀ ਪਰੰਪਰਾ ਤੋਂ ਜਾਣੂ ਕਰਵਾਉਂਦੇ ਹੋਏ ਨਿੱਕੀਆਂ ਜਿੰਦਾਂ ਵੱਡੇ ਸਾਕੇ ਤੋਂ ਜਾਣੂ ਕਰਵਾਉਣਾ ਹੈ। ਇਸ ਮੌਕੇ ਪ੍ਰਿੰਸੀਪਲ ਸਰਦਾਰ ਸਵਰਨ ਸਿੰਘ ਵਿਰਕ ਨੇ ਕਿਹਾ ਕਿ ਜਿਹੜੀ ਕੌਮ ਆਪਣੇ ਵਿਰਸੇ ਨੂੰ ਭੁੱਲ ਜਾਵੇਗੀ ਉਹ ਕੱਖਾਂ ਵਾਂਗੂ ਰੁਲ ਜਾਵੇਗੀ। ਉਨ੍ਹਾਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਹੋਰ ਅਨੇਕਾਂ ਸਿੱਖ ਸਹੀਦਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਨ ਲਈ ਸਹੀਦੀ ਸਪਤਾਹ ਇਸ ਸਾਲ ਵੀ ਮਨਾਇਆ ਜਾ ਰਿਹਾ ਹੈ। ਜਿਸ ਦੌਰਾਨ ਵਿਦਿਆਰਥੀਆ ਦੇ ਜਮਾਤ ਵਾਈਜ ਕਵਿਤਾ, ਕੀਰਤਨ, ਲੈਕਚਰ, ਗੀਤ ਅਤੇ ਕਵੀਸ਼ਰੀ ਮੁਕਾਬਲੇ ਕਰਵਾਏ ਜਾਣਗੇ। ਖੂਬਸੂਰਤ ਕਲਾ ਕਿਰਤਾਂ ਨੂੰ ਪੇਸ ਕਰਦੇ ਕਾਰਡ, ਮੈਗਜ਼ੀਨ ਤੇ ਵਾਲ ਮੈਗਜ਼ੀਨ ਮੁਕਾਬਲੇ ਕਰਵਾਏ ਜਾਣਗੇ। ਸਪਤਾਹ ਦੇ ਅਖੀਰਲੇ ਦਿਨ ਸਾਕਾ ਸਰਹੰਦ ਦੀ ਮੂੰਹ ਬੋਲਦੀ ਤਸਵੀਰ ਮਨਪ੍ਰੀਤ ਕੌਰ ਮਠੋਲਾ ਤੇ ਉਸ ਦੀਆਂ ਸਾਥੀ ਵਿਦਿਆਰਥਣਾਂ ਦੁਆਰਾ ਨਾਟਕ ਰਾਹੀਂ ਪੇਸ਼ ਕੀਤੀ ਜਾਵੇਗੀ। ਪਹਿਲੇ ਦਿਨ ਦੀ ਸ਼ੁਰੂਆਤ ਕਵੀ ਦਰਬਾਰ ਨਾਲ ਹੋਈ ਜਿਸ ਦੀ ਵਿਦਿਆਰਥਣ ਇੰਚਾਰਜ ਸਰਨਪ੍ਰੀਤ ਕੌਰ ਮਠੋਲਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਪ੍ਰਬੰਧ ਕੀਤਾ।

ਕਵੀ ਦਰਬਾਰ ਚ ਦੂਸਰੀ ਕਲਾਸ ਤੋਂ ਲੈ ਕੇ ਬੀ ਏ ਤੱਕ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ। ਨਵਨੀਤ ਕੌਰ ਨਿਮਾਣੇ ਜਮਾਤ ਨੌਵੀਂ ਨੇ ਸੰਗਤੇ ਨੀ ਮੇਰਾ ਨਾਂ ਗੁਜਰੀ ਕਵਿਤਾ ਬੋਲ ਕੇ ਪਹਿਲਾ ਸਥਾਨ ਹਾਸਲ ਕੀਤਾ। ਤਰਨਮਦੀਪ ਕੌਰ ਮਠੋਲਾ ਨੇ "ਮੈਂ ਤਾਂ ਛਾਤੀ ਅਜੀਤ ਦੀ ਨਾਪਦਾ ਸਾਂ ਕਿੰਨੇ ਫੱਟ ਤਲਵਾਰ ਉਹ ਖਾ ਸਕਦਾ" ਬੋਲ ਕੇ ਦੂਸਰਾ ਸਥਾਨ ਹਾਸਲ ਕੀਤਾ ਅਤੇ ਮਹਿਕਦੀਪ ਕੌਰ ਮਠੋਲਾ ਨੇ "ਕਲਗੀਆਂ ਵਾਲਿਆ ਤੇਰੇ ਸਕੂਲ ਅੰਦਰ" ਕਵਿਤਾ ਪੇਸ਼ ਕੀਤੀ ਤੇ ਤੀਸਰਾ ਸਥਾਨ ਹਾਸਲ ਕੀਤਾ। ਘਰ-ਘਰ ਸਹੀਦੀ ਸਪਤਾਹ ਮਨਾਉਣ ਦੇ ਮਕਸਦ ਤਹਿਤ ਸੰਸਥਾ ਦੇ 1800 ਵਿਦਿਆਰਥੀਆਂ ਨੂੰ ਸੰਖੇਪ ਇਤਿਹਾਸ ਪੁਸਤਕ "ਸਾਕਾ ਸਰਹੰਦ ਪ੍ਰਕਾਸ਼ਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ" ਅਤੇ "ਛੋਟੇ ਸਹਿਬਜ਼ਾਦੇ ਸਹਿਜ ਪਾਠ ਸੇਵਾ ਪੜ੍ਹਾਈ ਗਈ ਅਤੇ ਵੰਡੀ ਗਈ। ਇਸ ਮੌਕੇ ਸਟੂਡੈਂਟ ਸੈਕਟਰੀ ਵਿਦਿਆਰਥਣ ਨਵਜੋਤ ਕੌਰ ਲੀਲ ਕਲਾਂ ਨੇ ਦੱਸਿਆ ਕਿ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਅਖੀਰਲੇ ਦਿਨ ਕਾਲਜ ਦੇ ਮਾਤਾ ਗੁਜਰੀ ਹਾਲ ਵਿਚ ਸਨਮਾਨ ਪੱਤਰ ਨਾਲ ਸਨਮਾਨਿਆ ਜਾਵੇਗਾ।

ਸੈਕਰਡ ਹਾਰਟ ਸਕੂਲ ਨੇ ਮਨਾਈ ਸਿਲਵਰ ਜੁਬਲੀ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੱਟੀ ਇਲਾਕੇ ਚ ਸਭ ਤੋਂ ਪੁਰਾਣੀ ਵਿਦਿਅਕ ਸੰਸਥਾ ਸੈਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਵੱਲੋਂ 1997 ਚ ਬਣੇ ਸਕੂਲ ਦੀ ਸਿਲਵਰ ਜੁਬਲੀ ਮਨਾਉਂਦੇ ਹੋਏ ਜਿੱਥੇ 25 ਸਾਲ ਦੀਆ ਪ੍ਰਾਪਤੀਆਂ ਦਾ ਬਿਓਰਾ ਸਟੇਜ ਤੋਂ ਪੇਸ਼ ਕੀਤਾ । ਓਥੇ ਹੀ ਫਾਦਰ ਥੌਮਸ ਅਤੇ ਪ੍ਰਿੰਸੀਪਲ ਜੈਸਮੀਨ ਨੇ ਸਕੂਲ ਦੇ ਵਿਦਿਆਰਥੀਆ ਵੱਲੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਦੇਸ਼ ਦੀ ਤਰੱਕੀ ਵਿੱਚ ਪਾਏ ਜਾ ਰਹੇ ਯੋਗਦਾਨ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸੈਕਰਡ ਹਾਰਟ ਸਕੂਲ ਇੱਕ ਪਿੰਡ ਵਿੱਚ ਬਣਿਆ ਤਾਂ ਜਰੂਰ ਹੈ ਪਰ ਇਸ ਦੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਦੀ ਮਿਹਨਤ ਲਗਨ ਨੇ ਇਸ ਸਕੂਲ ਦਾ ਨਾਮ ਪੂਰੀ ਦੁਨੀਆ ਵਿੱਚ ਚਮਕਾਇਆ ਹੋਇਆ ਹੈ ਜੋ ਕਿ ਸਾਡੇ ਸਾਰਿਆ ਲਈ ਮਾਣ ਵਾਲੀ ਗੱਲ ਹੈ। ਮੁੱਖ ਮਹਿਮਾਨ ਵਜੋਂ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਅਤੇ ਸਾਬਕਾ ਮੰਤਰੀ ਆਦੇਸ਼ਪ੍ਰਤਾਪ ਸਿੰਘ ਦੀ ਤਰਫੋਂ ਅਮਰੀਕ ਸਿੰਘ ਭੁੱਲਰ ਨੇ ਆਪਣੇ ਸੰਬੋਧਨੀ ਭਾਸ਼ਣ ਦੌਰਾਨ ਜਿੱਥੇ ਸਕੂਲ ਵੱਲੋਂ ਵਿਦਿਆਰਥੀਆ ਨੂੰ ਦਿੱਤੀ ਜਾ ਰਹੀ ਸਿੱਖਿਆ ਦੀ ਪ੍ਰਸੰਸ਼ਾ ਕੀਤੀ। ਓਥੇ ਹੀ ਪਿਛਲੇ ਦਿਨੀਂ ਸਕੂਲ ਦੇ ਨਜ਼ਦੀਕ ਬਣੀ ਚਰਚ ਵਿਖੇ ਪਵਿੱਤਰ ਮੂਰਤੀਆਂ ਨੂੰ ਖੰਡਿਤ ਕੀਤੇ ਜਾਣ ਦੀ ਨਿਖੇਧੀ ਕਰਿਦਆਂ ਕਿਹਾ ਕਿ ਇਸ ਘਟਨਾ ਨੇ ਜਿੱਥੇ ਹਰੇਕ ਧਰਮ ਨੂੰ ਝੰਜੋੜਿਆ,ਓਥੇ ਹੀ ਇਸਾਈ ਧਰਮ ਨੇ ਆਪਣੀ ਸੂਝਬੂਝ ਕਾਰਨ ਆਪਸੀ ਭਰਾ ਮਾਰੂ ਜੰਗ ਹੋਣ ਤੋਂ ਰੋਕ ਲਿਆ ਜਿਸ ਦੇ ਅਸੀਂ ਰਿਣੀ ਹਾਂ। ਇਸ ਮੌਕੇ ਵਿਦਿਆਰਥੀਆ ਨੇ ਜਿੱਥੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਓਥੇ ਹੀ ਨਸ਼ਿਆਂ ਨੂੰ ਰੋਕਣ ਲਈ ਦਿਲਾਂ ਨੂੰ ਝੰਜੋੜਨ ਵਾਲੀ ਕੋਰੀਓਗ੍ਰਾਫੀ ਪੇਸ਼ ਕਰਕੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

ਸਿੰਥੈਟਿਕ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਛਾਪੇਮਾਰੀ

ਬਟਾਲਾ (ਤਰਲੋਕ ਬੱਗਾ)-ਡਾ. ਹਿਮਾਂਸ਼ੂ ਅਗਰਵਾਲ, ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਦੀਆਂ ਹਦਾਇਤਾਂ ਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਤੰਗਾਂ/ਗੁੱਡੀਆਂ ਉਡਾਉਣ ਲਈ ਸੰਥੈਟਿਕ/ਪਲਾਸਟਿਕ ਦੀ ਡੋਰ ਨੂੰ ਵੇਚਣ, ਸਟੋਰ ਕਰਨ ਅਤੇ ਇਸਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਗਈ ਹੈ, ਜਿਸਦੇ ਚੱਲਦਿਆ ਅੱਜ ਨਗਰ ਨਿਗਮ ਬਟਾਲਾ ਦੀ ਟੀਮ ਵਲੋਂ ਅੱਚਲੀ ਗੇਟ, ਦਾਰਾ ਸਲੇਮ ਏਰੀਆ ਅਤੇ ਲਵ ਕੁਸ਼ ਚੌਕ ਨੇੜਲੀਆਂ ਵੱਖ-ਵੱਖ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਸ਼ਾਇਰੀ ਭੰਡਾਰੀ, ਕਮਿਸ਼ਨਰ ਨਗਰ ਨਿਗਮ-ਕਮ-ਐਸ ਡੀਐਮ ਬਟਾਲਾ ਨੇ ਦੱਸਿਆ ਕਿ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵਲੋਂ ਲਾਗੂ ਕੀਤੇ ਹੁਕਮਾਂ ਤਹਿਤ ਪਤੰਗ/ਗੁੱਡੀਆਂ ਉਡਾਉਣ ਲਈ ਜਿਹੜੀ ਡੋਰ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਸੂਤੀ ਡੋਰ ਤੋਂ ਹੱਟ ਕੇ ਸੰਥੈਟਿਕ/ਪਲਾਸਟਿਕ ਦੀ ਬਣੀ ਹੋਈ ਹੈ ਅਤੇ ਉਹ ਬਹੁਤ ਮਜਬੂਤ, ਨਾ ਗਲਣਯੋਗ ਅਤੇ ਨਾ ਹੀ ਟੁੱਟਣਯੋਗ ਹੈ। ਇਸ ਡੋਰ ਨਾਲ ਸਾਈਕਲ, ਸਕੂਟਰ ਅਤੇ ਮੋਟਰ ਸਾਈਕਲ ਚਾਲਕਾਂ ਦੇ ਗਲੇ ਅਤੇ ਕੰਨ ਕੱਟੇ ਜਾਂਦੇ ਹਨ, ਉੱਡਦੇ ਪੰਛੀਆਂ ਦੇ ਫਸਣ 'ਤੇ ਉਨ੍ਹਾਂ ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਸ ਤਰ੍ਹਾਂ ਸੰਥੈਟਿਕ/ਪਲਾਸਟਿਕ ਦੀ ਬਣੀ ਇਹ ਡੋਰ ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਮਨੁੱਖੀ ਜਾਨਾਂ/ਰਾਹਗੀਰਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ, ਜਿਸਨੂੰ ਰੋਕਿਆ ਜਾਣਾ ਬੇਹੱਦ ਜ਼ਰੂਰੀ ਹੈ।

ਇਸ ਲਈ ਨਗਰ ਨਿਗਮ ਬਟਾਲਾ ਵਲੋਂ ਇਹ ਚੈਕਿੰਗ ਅਭਿਆਨ ਚਲਾਇਆ ਗਿਆ ਹੈ, ਜੋ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਸੁਪਰਡੈਂਟ ਨਿਰਮਲ ਸਿੰਘ ਤੇ ਨਗਰ ਨਿਗਮ ਦੇ ਕਰਮਚਾਰੀ ਮੌਜੂਦ ਸਨ। ਉਨ੍ਹਾਂ ਅੱਗੇ ਦੱਸਿਆ ਕਿ ਪਲਾਸਟਿਕ ਡੋਰ ਦੀ ਵਿਕਰੀ, ਸਟੋਰ ਕਰਨ ਅਤੇ ਖਰੀਦਣ ਤੇ ਰੋਕ ਲਗਾਉਣ ਲਈ ਪੂਰੇ ਇਲਾਕੇ ਵਿਚ ਛਾਪੇਮਾਰੀ ਕਰਨ ਅਤੇ ਰੋਜ਼ਾਨਾਂ ਬਜ਼ਾਰਾਂ ਵਿਚੋਂ ਅਤੇ ਗੱਡੀਆਂ ਦੀ ਚੈਕਿੰਗ ਕਰਕੇ ਯਕੀਨੀ ਬਣਾਇਆ ਜਾਵੇਗਾ ਕਿ ਕਿਤੇ ਵੀ ਪਲਾਸਟਿਕ ਡੋਰ ਦੀ ਵਿਕਰੀ-ਖਰੀਦ ਜਾਂ ਵਰਤੋਂ ਨਹੀਂ ਹੋ ਰਹੀ ਹੈ। ਇਸ ਸਬੰਧੀ ਸਬੰਧਤ ਅਧਿਕਾਰੀਆਂ/ਕਰਮਚਾਰੀ ਦੀ ਡਿਊਟੀ ਲਗਾਈ ਗਈ ਹੈ।

ਚੇਅਰਮੈਨ ਬਲਬੀਰ ਪੰਨੂੰ ਨੇ ਤਲਵੰਡੀ ਝਿਊਰਾ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ

ਬਟਾਲ/ ਫਤਹਿਗੜ੍ਹ ਚੂੜੀਆਂ (ਤਰਲੋਕ ਬੱਗਾ)—ਬਲਬੀਰ ਸਿੰਘ ਪੰਨੂੰ ਚੇਅਰਮੈਨ ਪਨਸਪ ਪੰਜਾਬ ਤੇ ਹਲਕਾ ਇੰਚਾਰਜ ਵਿਧਾਨ ਸਭਾ ਹਲਕਾ ਫਤਹਿਗੜ੍ਹ ਚੂੜੀਆਂ ਵਲੋਂ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਉਨ੍ਹਾਂ ਨੂੰ ਹੱਲ ਕਰਨ ਦੇ ਮੰਤਵ ਨਾਲ ਲੋਕ ਮਿਲਣੀ ਪਰੋਗਰਾਮ ਤਹਿਤ ਪਿੰਡ ਤਲਵੰਡੀ ਝਿਊਰਾ ਵਿਖੇ ਮੁਸ਼ਕਿਲਾਂ ਸੁਣੀਆਂ ਤੇ ਮੌਕੇ 'ਤੇ ਹੱਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ।

ਚੇਅਰਮੈਨ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਸ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸਰਬਪੱਖੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸਦੇ ਚੱਲਦਿਆਂ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਵਿਖੇ ਲੋਕਹਿੱਤ ਲਈ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਅੱਗੇ ਕਿਹਾ ਕਿ ਹਲਕੇ ਦੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨਾ ਅਤੇ ਹਲਕੇ ਦਾ ਸਰਬਪੱਖੀ ਵਿਕਾਸ ਕਾਰਜ ਕਰਵਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਅੰਦਰ ਵਿਕਾਸ ਕਾਰਜ ਤੇਜ਼ ਗਤੀ ਨਾਲ ਕੀਤੇ ਜਾਣਗੇ। ਹਲਕੇ ਅੰਦਰ ਕਰਵਾਏ ਗਏ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਹਲਕੇ ਅੰਦਰ ਗੰਦੇ ਪਾਣੀ ਲਈ ਨਿਕਾਸੀ ਦੇ ਕਾਰਜ, ਪਾਰਕਾਂ ਦੀ ਉਸਾਰੀ, ਖੇਡ ਸਟੇਡੀਅਮ, ਗਲੀਆਂ ਦੀ ਉਸਾਰੀ, ਸੀਵਰੇਜ ਆਦਿ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਵਿਕਾਸ ਕਾਰਜਾਂ ਵਿੱਚ ਕੋਈ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਜ਼ਿਲ੍ਹੇ ਦੇ ਸਰਕਾਰੀ ਸਕੂਲਾਂ 'ਚ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗਤੀਵਿਧੀਆਂ ਕਰਵਾਈਆਂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ ਨਾਲ ਧਰਮ ਅਤੇ ਵਿਰਾਸਤ ਦੀ ਸਿੱਖਿਆ ਦੇਣ ਦੇ ਉਦੇਸ ਨਾਲ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ : ਹਰਪਾਲ ਸਿੰਘ ਸੰਧਾਵਾਲੀਆ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਅਮਰਜੀਤ ਸਿੰਘ ਭਾਟੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਵਿਭਾਗ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਸਬਦ ਗਾਇਨ, ਧਾਰਮਿਕ ਗੀਤ ਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਲਖਵਿੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਬਲਬੀਰ ਸਿੰਘ ਬਲਾਕ ਸਿੱਖਿਆ ਅਫਸਰ ਸਾਹਿਬਾਨ ਤੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਵੱਲੋਂ ਵੱਖ-ਵੱਖ ਸਕੂਲ ਵਿਜ਼ਟ ਕਰਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤਬਲਾ ਸੰਬੰਧਤ ਇਤਿਹਾਸਿਕ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਇਸ ਦੌਰਾਨ ਸਮੂਹ ਅਧਿਆਪਕ ਸਹਿਬਾਨ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵਿਦਿਆਰਥੀਆਂ ਵੱਲੋਂ ਕਵੀਸ਼ਰੀ, ਪਾਠ, ਕੁਇਜ਼, ਕਵਿਤਾ ਗਾਇਨ ਅਤੇ ਡਰਾਇੰਗ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਬਹੁਤ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਰਸ-ਭਿੰਨਾ ਕੀਰਤਨ ਵੀ ਕੀਤਾ ਗਿਆ।

ਪ੍ਰਤਿਭਾ ਨਿਖਾਰਨ ਹਿੱਤ 'ਕਲਾਸ ਪ੍ਰੈਜ਼ੈਂਟੇਸ਼ਨ ਪ੍ਰੋਗਰਾਮ' ਕਰਵਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਨੰਨ੍ਹੇ-ਮੁੰਨੇ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ, ਆਤਮ-ਵਿਸ਼ਵਾਸ ਪੈਦਾ ਕਰਨ ਅਤੇ ਕਲਾਤਮਿਕ ਕਲਾਵਾਂ ਨੂੰ ਪ੍ਰੋਤਸਾਹਿਤ ਕਰਨ ਦੇ ਮੰਤਵ ਨੂੰ ਮੁੱਖ ਰੱਖਦਿਆਂ 'ਕਲਾਸ ਪ੍ਰੈਸਨਟੇਸ਼ਨ ਪ੍ਰੋਗਰਾਮ' ਕਰਵਾਇਆ ਗਿਆ।

ਇਸ ਮੌਕੇ ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਨੇ ਕਿਹਾ ਕਿ ਆਧੁਨਿਕਤਾ ਦੇ ਇਸ ਦੌਰ 'ਚ ਉਹੀ ਵਿਅਕਤੀ ਜੀਵਨ 'ਚ ਸਫ਼ਲਤਾ ਦੀ ਪੌੜੀ ਚੜ੍ਹ ਸਕਦਾ ਹੈ, ਜੋ ਆਪਣੇ ਅੰਦਰ ਛੁਪੀਆਂ ਕਲਾਵਾਂ ਦੀ ਪਹਿਚਾਣ ਕਰਕੇ ਭਵਿੱਖ ਦੀਆਂ ਯੋਜਨਾਵਾਂ ਨੂੰ ਨਿਰਧਾਰਿਤ ਕਰੇ। ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ 'ਚ ਜੋ ਆਤਮ-ਵਿਸ਼ਵਾਸ ਅਸੀਂ ਗ੍ਰਹਿਣ ਕਰ ਲੈਂਦੇ ਹਾਂ, ਉਹ ਜੀਵਨ ਦੇ ਹਰ ਪੜਾਅ 'ਚ ਸਾਡੇ ਨਾਲ ਚੱਲਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਪ੍ਰੋਗਰਾਮ ਨੂੰ ਇਸੇ ਹੀ ਮੰਤਵ ਨੂੰ ਮੁੱਖ ਰੱਖਦਿਆਂ ਉਲੀਕਿਆ ਗਿਆ ਸੀ ਤੇ ਉਨ੍ਹਾਂ ਨੂੰ ਖੁਸ਼ੀ ਹੈ ਕਿ ਉਹ ਮਿਥੇ ਮਨੋਰਥ ਨੂੰ ਪੂਰਾ ਕਰਨ 'ਚ ਕਾਮਯਾਬ ਹੋਏ ਹਨ।

ਇਸ ਮੌਕੇ ਫੈਂਸੀ ਡਰੈੱਸ, ਰੈਂਪਵਾਕ, ਡਾਂਸ, ਕਵਿਤਾ ਗਾਇਨ ਆਦਿ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ 'ਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਨੰਨ੍ਹੇ-ਮੁੰਨੇ ਬੱਚੇ ਰੰਗ-ਬਿਰੰਗੀਆਂ ਪੁਸ਼ਾਕਾਂ ਪਾ ਕੇ ਪੂਰਨ ਆਤਮ-ਵਿਸ਼ਵਾਸ ਨਾਲ ਆਪਣੀਆਂ ਕਿਰਿਆਵਾਂ ਨੂੰ ਪੇਸ਼ ਕੀਤਾ। ਇਸ ਮੌਕੇ ਪ੍ਰਿੰ: ਗਿੱਲ ਨੇ ਅਕਾਦਮਿਕ ਖੇਤਰ 'ਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਪ੍ਰਿੰ: ਗਿੱਲ ਨੇ ਮਾਪਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਆਪਣਾ ਕੀਮਤੀ ਸਮਾਂ ਸਕੂਲ ਦੇ ਨਾਮ ਕੀਤਾ। ਉਨ੍ਹਾਂ ਨੇ ਪ੍ਰਾਇਮਰੀ ਵਿੰਗ ਦੇ ਅਧਿਆਪਕਾਂ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਸਦਕਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਪ੍ਰਾਇਮਰੀ ਵਿੰਗ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ ।

ਸ਼ਹਿਰੀਕਰਨ ਨੀਤੀ ਤੇ ਮਿਆਰੀ ਜੀਵਨ ਲਈ ਯੋਜਨਾਕਾਰਾਂ ਨੂੰ ਸਰਗਰਮ ਰਹਿਣ ਦੀ ਲੋੜ : ਨਿੱਜਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਗੋਲਡਨ ਜੁਬਲੀ ਸਮਾਰੋਹ ਮੌਕੇ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਸ਼ਹਿਰੀ ਨੀਤੀ ਘਾੜਿਆਂ ਨੂੰ ਸਮਾਜ ਦੇ ਭਲੇ ਅਤੇ ਉੱਨਤੀ ਲਈ ਪੰਜਾਬ ਰਾਜ ਦੇ ਸ਼ਹਿਰੀ ਅਤੇ ਖੇਤਰੀ ਵਿਕਾਸ ਵਿੱਚ ਹੋਰ ਯੋਗਦਾਨ ਪਾਉਣ ਲਈ ਜ਼ੋਰ ਦਿੱਤਾ। ਉਹ ਇੱਥੇ ਇਸ ਗੋਲਡਨ ਜੁਬਲੀ ਸਮੋਰਹ ਦੀ ਪ੍ਰਧਾਨਗੀ ਕਰਨ ਲਈ ਮੁੱਖ ਮਹਿਮਾਨ ਵਜੋਂ ਪੁੱਜੇ ਹੋਏ ਸਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਯੋਜਨਾਕਾਰਾਂ ਨੂੰ ਸ਼ਹਿਰੀਕਰਨ ਨੀਤੀ ਤਿਆਰ ਕਰਨ ਅਤੇ ਸ਼ਹਿਰਾਂ ਵਿੱਚ ਮਿਆਰੀ ਜੀਵਨ ਲਈ ਯੋਜਨਾ ਬਣਾਉਣ ਵਿੱਚ ਸਰਗਰਮੀ ਨਾਲ ਸ਼ਾਮਲ ਹੋਣਾ ਚਾਹੀਦਾ ਹੈ। ਡਾ. ਨਿੱਜਰ ਨੇ ਯੋਜਨਾਕਾਰੀ ਸਬੰਧੀ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ ਅਤੇ ਸਟਾਫ਼ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਸ਼ਹਿਰੀ ਸਮੱਸਿਆਵਾਂ ਅਤੇ ਯੋਗ ਹੱਲ ਲੱਭਣ ਦੀ ਜ਼ਰੂਰਤ ਲਈ ਆਪਣੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਯੂਨੀਵਰਸਿਟੀ ਵਿਚ ਵੱਖ-ਵੱਖ ਥਾਵਾਂ 'ਤੇ ਸਮਾਗਮਾਂ ਦੀ ਲੜੀ ਦਾ ਆਯੋਜਨ ਵੀ ਕੀਤਾ ਗਿਆ।

ਗੋਲਡਨ ਜੁਬਲੀ ਜਸ਼ਨਾਂ ਦੀ ਸ਼ੁਰੂਆਤ 'ਯੋਜਨਾ ਸਿੱਖਿਆ' 'ਤੇ ਰਾਸ਼ਟਰੀ ਸੈਮੀਨਾਰ ਦੇ ਉਦਘਾਟਨੀ ਸੈਸ਼ਨ ਨਾਲ ਹੋਈ ਜਿਸ ਦੀ ਪ੍ਰਧਾਨਗੀ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕੀਤੀ। ਇੰਡੀਅਨ ਇੰਸਟੀਚਿਊਟ ਆਫ਼ ਪਲਾਨਰਜ਼ ਦੇ ਸਾਬਕਾ ਪ੍ਰਧਾਨ ਡਾ. ਮੇਸ਼ਰਾਮ ਇਸ ਮੌਕੇ ਵਿਸ਼ੇਸ਼ ਮਹਿਮਾਨ ਅਤੇ ਸ੍ਰੀ ਪੰਕਜ ਬਾਵਾ, ਚੀਫ਼ ਟਾਊਨ ਪਲਾਨਰ, ਪੰਜਾਬ ਅਤੇ ਦੇਸ਼ ਦੇ ਪਹਿਲੇ ਚੀਫ਼ ਟਾਊਨ ਪਲਾਨਰ, ਵੀ ਡਾਇਸ 'ਤੇ ਮੌਜੂਦ ਪਤਵੰਤਿਆਂ ਵਿੱਚੋਂ ਇੱਕ ਸਨ।

ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਸ੍ਰੀ ਪੰਕਜ ਬਾਵਾ, ਡਾ. ਮੇਸ਼ਰਾਮ, ਡਾ. ਪ੍ਰਦੀਪ ਕਪੂਰ ਅਤੇ ਡਾ. ਜੀਤ ਕੁਮਾਰ ਗੁਪਤਾ ਨੇ ਹਾਜ਼ਰ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੀ ਭੂਮਿਕਾ ਦੇ ਨਾਲ-ਨਾਲ ਖੇਤਰੀ ਅਤੇ ਰਾਸ਼ਟਰੀ ਵਿਕਾਸ ਵਿੱਚ ਇਸ ਦੇ ਯੋਗਦਾਨ ਬਾਰੇ ਜਾਣੂ ਕਰਵਾਇਆ। ਡਾ. ਡੀ ਐਸ ਮੇਸ਼ਰਾਮ ਨੇ ਸਕੂਲ ਦੇ ਸੰਸਥਾਪਕ ਅਧਿਆਪਕ ਵਜੋਂ ਆਪਣੇ ਸਫ਼ਰ ਅਤੇ ਵਿਭਾਗ ਦੇ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਸਕੂਲ ਨੂੰ ਸਿੱਖਿਆ ਨੀਤੀ 2020 ਦੇ ਅਨੁਸਾਰ ਵੱਖ-ਵੱਖ ਪ੍ਰੋਗਰਾਮਾਂ ਲਈ ਆਪਣੇ ਕੋਰਸ ਪਾਠਕ੍ਰਮ ਦੀ ਮੁੜ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਭਾਰਤ ਵਿੱਚ ਸ਼ਹਿਰੀ ਯੋਜਨਾਬੰਦੀ ਸਮਰੱਥਾ ਵਿੱਚ ਸੁਧਾਰਾਂ ਬਾਰੇ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਪੰਕਜ ਬਾਵਾ ਨੇ ਭਵਿੱਖ ਦੀ ਯੋਜਨਾਬੰਦੀ ਦੀਆਂ ਲੋੜਾਂ ਅਨੁਸਾਰ ਕੋਰਸ ਦੇ ਪਾਠਕ੍ਰਮ ਨੂੰ ਸੁਧਾਰਨ ਲਈ ਢੁਕਵੇਂ ਸੁਝਾਆਂ ਬਾਰੇ ਦੱਸਿਆ। ਤਕਨੀਕੀ ਅਕਾਦਮਿਕ ਸੈਸ਼ਨ ਵਿੱਚ ਮੁੱਖ ਬੁਲਾਰਿਆਂ ਤੋਂ ਇਲਾਵਾ ਹਾਜ਼ਰ ਵਿਦਵਾਨਾਂ ਅਤੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਡਾ ਹਰਜਿੰਦਰ ਸਿੰਘ, ਪ੍ਰਦੀਪ ਕਪੂਰ ਅਤੇ ਪ੍ਰੋ. ਸਰੂਪ ਸਿੰਘ ਨੇ ਸਿੱਖਿਆ ਦੀ ਯੋਜਨਾਬੰਦੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਭਵਿੱਖ ਦੀਆਂ ਲੋੜਾਂ ਨੂੰ ਨਵੀਨਤਾਕਾਰੀ ਢੰਗ ਤਰੀਕਿਆਂ ਤੋਂ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ।

ਪ੍ਰਿੰ. ਜਗਪ੍ਰੀਤ ਸਿੰਘ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਪ੍ਰਿੰਸੀਪਲ ਜਗਪ੍ਰੀਤ ਸਿੰਘ ਜੇਪੀ ਗੰਡੀਵਿੰਡ ਦੇ ਦਿਹਾਂਤ 'ਤੇ ਪੰਜਾਬ ਸਕੂਲ ਟੀਚਰ ਯੂਨੀਅਨ ਵੱਖ:ਵੱਖ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਦੁੱਖ ਸਾਂਝਾ ਕਰਨ ਵਾਲਿਆਂ 'ਚ ਡਿਪਟੀ ਡੀਓ ਪਰਮਜੀਤ ਸਿੰਘ, ਬੀਈਓ ਮੈਡਮ ਪਰਮਜੀਤ ਕੌਰ, ਮੈਡਮ ਪਰਮਜੀਤ ਕੌਰ ਗਿੱਲ, ਮੈਡਮ ਕਿਰਨ ਕੌਰ, ਰਣਦੀਪ ਕੌਰ, ਮਨਦੀਪ ਕੌਰ, ਸ਼ਾਮਰੀਨ ਕੌਰ, ਨਰਿੰਦਰ ਨੂਰ, ਬਲਕਾਰ ਸਿੰਘ ਵਲਟੋਹਾ, ਧਰਮਿੰਦਰ ਸਿੰਘ ਛੀਨਾ, ਮੈਡਮ ਗੀਤਾ, ਸਤਿਨਾਮ ਸ਼ਾਮੀ, ਅਮਰਾਜ ਸਿੰਘ, ਹਰਜੀਤ ਸਿੰਘ, ਰਣਜੀਤ ਸਿੰਘ ਗੰਡੀਵਿੰਡ, ਹਰਚਰਨ ਸਿੰਘ ਜੱਗਤਪੁਰਾ, ਜਗਮੋਹਨ ਸਿੰਘ ਮੂਸੇ, ਗੁਰਲਾਲ ਸਿੰਘ, ਜਗਜੀਤ ਸਿੰਘ ਭੁੱਚਰ,ਗੁਰਪ੍ਰਤਾਪ ਸਿੰਘ, ਅਰਵਿੰਦਰ ਐਰੀ, ਰਣਬੀਰ ਸਿੰਘ, ਸੀਐੱਚਟੀ ਦਿਲਬਾਗ ਸਿੰਘ, ਮੇਜਰ ਸਿੰਘ, ਭੁਪਿੰਦਰਪਾਲ ਸਿੰਘ, ਮਨਜੀਤ ਸਿੰਘ ਲਾਡੀ, ਭੁਪਿੰਦਰ ਬਾਠ, ਅਮਰਜੀਤ ਛੀਨਾ, ਸਤਬੀਰ ਸਿੰਘ, ਮਨਜੀਤ ਮੀਆਂਪੁਰ, ਜਗਜੀਤ ਸੋਹਲ, ਗੁਰਵੇਲ ਠੱਠਾ, ਜਗਦੀਪ ਸਿੰਘ, ਹਰਪ੍ਰੀਤ ਸਿੰਘ, ਰਵੀ ਕੁਮਾਰ, ਅਮਿਤ ਕੁਮਾਰ, ਰਮਨਬੀਰ ਸਿੰਘ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਚਮਕੌਰ ਸਾਹਿਬ ਵਿਸ਼ੇਸ਼ ਸਪਲੀਮੈਂਟ

AMAR SHAHEED BABA AJIT SINGH JUJHAR SINGH MEMORIAL COLLEGE, BELA (ROPAR)

Post Graduate Institute under 2(f) and 12(B) U.G.C. Act, 1956 NAAC Accredited

AFFILIATED TO PUNJABI UNIVERSITY, PATIALA

ACADEMIC PROGRAMS

POST GRADUATE DEGREE AND DIPLOMA PROGRAMS:-
M.Com., M.Sc. Math
M.Sc (Biotechnology)
M.Voc. (Food Processing)
M.A. (Punjabi)
M.Sc. (IT)/M.Sc. (IT) Lateral Entry
Post Graduate Diploma in Computer Application (PGDCA)
Post Graduate Diploma in Journalism & Mass Communication (PGDJM)

BACHELOR'S DEGREE PROGRAMS:-
B.Com.
B.Sc. (Hons. Biotechnology)
BCA (Bachelor of Computer Application)
BBA (Bachelor of Business Administration)
B.Sc. (Computer Application)
B.Sc. (Non-Medical)
B.A.

B.Voc. Courses
(approved by UGC)
B.Voc. Food Processing
B.Voc. Retail Management & IT
B.Voc. Renewal Energy Technology

OTHER INSTITUTES RUN BY THE MANAGING COMMITTEE

ASBASJSM COLLEGE OF PHARMACY, BELA (ROPAR) AN AUTONOMOUS COLLEGE

Approved by AICTE & PCI | Affiliated to IKG-PTU, Jalandhar | Accredited by NBA- UG Pharmacy | NIRF Ranked 62 in India, Under Section UGC 2(f)

Contact: 01881-263655, 263108, 98887-75589
Visit us at : www.copbela.org, E-mail: copbela@rediffmail.com

ISO 9001:2015

B.PHARMACY
D.PHARMACY
Ph.D.
M.PHARM. — Pharmaceutics, Pharmacology, Pharmaceutical Chemistry
B.Sc. (MLS)
M.Sc. (PHARMA CHEMISTRY)

MAHARANI SATINDER KAUR MODERN SR. SEC. SCHOOL, BELA

Pre Nursery to 10+2 (Non Medical, Medical & Arts)
PRINCIPAL Contact : +91-78889-28209

President M.C.
S. Sangat Singh Longia

www.belacollege.org, mail@belacollege.org, info@belacollege.org
Tel : +91-1881-263233, +91-1881-263533, +91-98156-20645

ਮੇਰਾ ਸਜਦਾ ਹੈ ਸਿੱਖ ਕੌਮ ਦੇ ਪਹਿਰੇਦਾਰਾਂ ਕਲਗੀਧਰ ਦੇ ਤਮਾਮ ਸਪੂਤਾਂ ਨੂੰ, ਜਿਹਨਾਂ ਧਰਮ ਹਿੱਤ ਆਪਣੀਆਂ ਜਾਨਾਂ ਵਾਰੀਆਂ। ਮੇਰਾ ਨਮਸਕਾਰ ਹੈ

ਬਾਬਾ ਸੁਖਵੀਰ ਸਿੰਘ ਕੰਧੋਲਾ

ਇਹਨਾਂ ਪਾਕ ਸਿਦਕੀ ਰੂਹਾਂ ਨੂੰ, ਜਿਹਨਾਂ ਸ੍ਰੀ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਲਾਸਾਨੀ ਸ਼ਹਾਦਤ ਦਾ ਜਾਮ ਪੀਤਾ।

ਵੱਲੋਂ : ਬਾਬਾ ਸੁਖਵੀਰ ਸਿੰਘ ਕੰਧੋਲਾ

ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ, 40 ਸਿੰਘਾਂ ਤੇ 3 ਪਿਆਰਿਆਂ ਨੇ ਕੱਚੀ ਗੜ੍ਹੀ ਵਿੱਚ ਬੈਠ ਕੇ ਮੁਗਲਾਂ ਦੀ ਬੇਸ਼ੁਮਾਰ ਫੌਜ ਨਾਲ ਟਾਕਰਾ ਕੀਤਾ, ਅੱਜ ਅਸੀਂ ਉਹਨਾਂ ਦੀ ਯਾਦ ਮਨਾ ਰਹੇ ਹਾਂ। ਮੈਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ

ਰੋਬੀ ਡੁਬਈ

ਸ੍ਰੀ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵੱਡੇ ਸਾਹਿਬਜ਼ਾਦਿਆਂ ਅਤੇ ਜੰਗ ਵਿੱਚ ਸ਼ਹੀਦ ਹੋਏ ਸਿੰਘਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਪਵਿੱਤਰ ਸਿੰਘ ਆੜ੍ਹਤੀ

ਵੱਲੋਂ : ਆੜ੍ਹਤੀ ਪਵਿੱਤਰ ਸਿੰਘ

ਗੜ੍ਹੀ ਚਮਕੌਰ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ


ਚੌਧਰੀ ਸ਼ਮਸ਼ੇਰ ਸਿੰਘ

ਵੱਲੋਂ : ਕਲਿਆਣ ਐੱਚ ਪੀ ਪੈਟਰੋਲ ਪੰਪ
ਮੋਰਿੰਡਾ ਰੋਡ ਨੇੜੇ ਸ੍ਰੀ ਚਮਕੌਰ ਸਾਹਿਬ

ਸ੍ਰੀ ਚਮਕੌਰ ਸਾਹਿਬ ਦੀ ਧਰਤੀ ਸਿੰਘਾਂ ਦੀ ਕਰਮ ਭੂਮੀ ਹੈ। ਆਓ, ਅੱਜ ਇਨ੍ਹਾਂ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ 'ਤੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਬਤੀਤ ਕਰੀਏ ਅਤੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਕੋਟਿ-ਕੋਟਿ ਪ੍ਰਣਾਮ ਕਰੀਏ।

ਕ੍ਰਿਪਾਲ ਸਿੰਘ ਗਿੱਲ ਕੌਂਸਲਰ

ਵੱਲੋਂ : ਕ੍ਰਿਪਾਲ ਸਿੰਘ ਗਿੱਲ

ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਅਤੇ ਸ੍ਰੀ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ

ਪਰਵੇਜ ਗਰਗ

ਵੱਲੋਂ : ਪਰਵੇਜ ਗਰਗ

ਮੈਂ ਉਹਨਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਾ ਹਾਂ, ਜਿਹਨਾਂ ਜ਼ੁਲਮ ਦਾ ਟਾਕਰਾ ਕਰਦੇ ਹੋਏ ਇਸ ਧਰਤੀ 'ਤੇ ਆਪਣਾ ਲਹੂ ਡੋਲ੍ਹਿਆ

ਵੱਲੋਂ : ਬੋਬੀ ਬਾਵਾ

ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ ਨੇ ਪਿਆਰਿਆਂ ਅਤੇ ਸਿੰਘਾਂ ਸਮੇਤ ਸ੍ਰੀ ਚਮਕੌਰ ਸਾਹਿਬ ਦੀ ਧਰਤੀ 'ਤੇ ਸ਼ਹਾਦਤ ਦਾ ਜਾਮ ਪੀਤਾ। ਆਓ, ਇਨ੍ਹਾਂ ਪਵਿੱਤਰ ਰੂਹਾਂ ਨੂੰ ਨਮਸਕਾਰ ਕਰੀਏ

ਵੱਲੋਂ : ਅਮਨਦੀਪ ਸਿੰਘ ਮਾਂਗਟ
ਸਾਬਕਾ ਪ੍ਰਧਾਨ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ

ਧੰਨਵਾਦ

ਸ੍ਰੀ ਚਮਕੌਰ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਕੋਟਿਨ ਕੋਟਿ ਪ੍ਰਣਾਮ। ਮੈਂ ਬੇਹੱਦ ਧੰਨਵਾਦੀ ਹਾਂ ਉਨ੍ਹਾਂ ਦੋਸਤਾਂ ਮਿੱਤਰਾਂ ਦਾ, ਲੀਡਰ ਸਾਹਿਬਾਨਾਂ ਦਾ, ਜਿਨ੍ਹਾਂ ਅਦਾਰਾ ਨਵਾ ਜ਼ਮਾਨਾ ਨੂੰ ਸ਼ਹੀਦੀ ਜੋੜ ਮੇਲ ਮੌਕੇ ਸਪਲੀਮੈਂਟ ਕੱਢਣ ਵਿਚ ਸਹਿਯੋਗ ਦਿੱਤਾ। ਉਮੀਦ ਹੈ ਕਿ ਤੁਸੀ ਅੱਗੇ ਨੂੰ ਵੀ ਮੈਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋਗੇ। ਮੈਂ ਹਮੇਸ਼ਾ ਆਪਣੇ ਅਖ਼ਬਾਰ ਰਾਹੀਂ ਲੋਕਾਂ ਦੇ ਦੁੱਖ-ਸੁੱਖ ਵਿਚ ਸ਼ਾਮਲ ਹੁੰਦਾ ਰਹਾਂਗਾ।

ਕੁਲਵਿੰਦਰ ਸਿੰਘ ਕਾਲਾ ਪੱਤਰਕਾਰ ਸ੍ਰੀ ਚਮਕੌਰ ਸਾਹਿਬ
ਮੋਬਾਇਲ : 84375-37461

ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ

ਲੋਹੀਆਂ ਖਾਸ , (ਯੋਗੇਸ਼ਵਰ, ਰੀਨਾ ਸਰਮਾ) : ਫੁਲਵਾੜੀ ਪਬਲਿਕ ਸਕੂਲ, ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਲਖਬੀਰ ਸਿੰਘ ਜੀ ਦੀ ਅਗਵਾਈ ਹੇਠ ਵਿਸ਼ੇਸ਼ ਅਸੈਬਲੀ ਦਾ ਆਯੋਜਨ ਕੀਤਾ ਗਿਆ । ਜਿਸ ਦੌਰਾਨ ਛੋਟੇ ਸਾਹਿਬਜਾਦਿਆਂ ਦੀ ਸਹੀਦੀ ਦਿਹਾੜੇ ਨੂੰ ਸਮਰਪਿਤ ਕਿੰਡਰ ਗਾਰਟਨਦੇ ਵਿਦਿਆਰਥੀਆਂ ਦੁਆਰਾ ਸਿੱਖੀ ਦੇ ਵੱਖ-ਵੱਖ ਕਰਤੱਬ ਦਿਖਾਏ ਗਏ । ਸਕੂਲ ਵਿਦਿਆਬੀਆਂ ਦੁਆਰਾ ਸਾਹਿਬਜਾਦਿਆਂ ਦੇ ਵਿਛੋੜੇ ਨੂੰ ਯਾਦ ਕਰਦਿਆਂ ਕਾਰੁਨਾਮਈ ਸ਼ਬਦ ਬੋਲੇ ਗਏ । ਸਕੂਲ ਦੇ ਪ੍ਰਿੰਸੀਪਲ ਲਖਬੀਰ ਸਿੰਘ ਜੀ ਦੁਆਰਾ ਬੱਚਿਆਂ ਨੂੰ ਸਾਹਿਬਜਾਦਿਆਂ ਦੇ ਸਹੀਦ ਹੋ ਜਾਣ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਸਕੂਲ ਦੇ ਬੱਚਿਆਂ ਦੁਆਰਾ ਛੋਟੇ ਸਾਹਿਬਜਾਦਿਆਂ ਦੀ ਸਹਾਦਤ ਨਾਲ ਸੰਬੰਧਤ "ਸਬਦ ਗਾਇਨ ਕਵੀਸਰੀ ਅਤੇ ਘੋੜੀਆਂ ਆਦਿ ਦੀ ਸਿਖਲਾਈ ਦਿੱਤੀ ਗਈ । ਜਿਨ੍ਹਾਂ ਦੀ ਅਗਵਾਈ ਹੇਠ ਬੱਚਿਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਸਕੂਲ ਦੇ ਪ੍ਰਿੰਸੀਪਲ ਲਖਬੀਰ ਸਿੰਘ ਜੀ ਦੁਆਰਾ ਸਕੂਲ ਵਿੱਚ ਹਰੇਕ ਦਿਹਾੜੇ ਮਨਾਉਣ ਦਾ ਮੰਤਵ ਦੱਸਿਆ ਗਿਆ ਕਿ ਸਕੂਲ ਦੀ ਹਮੇਸਾ ਇਹ ਕੋਸੀਸ ਰਹਿੰਦੀ ਹੈ ਕਿ ਬੱਚਿਆਂ ਨੂੰ ਕੇਵਲ ਕਿਤਾਬੀ ਕੀੜਾ ਨਾ ਬਣਾ ਉਨ੍ਹਾਂ ਨੂੰ ਇਤਿਹਾਸ ਨਾਲ ਜੋੜੀ ਰਖਿਆ ਜਾਵੇ ਤਾਂ ਜੋ ਉਨ੍ਹਾਂ ਵਿੱਚ ਦੇਸ ਪ੍ਰੇਮ ਦੀ ਭਾਵਨਾ ਪੈਦਾ ਕੀਤੀ ਜਾ ਸਕੇ। ਛੋਟੇ ਸਾਹਿਬਜਾਦਿਆਂ ਦੀ ਸਹਾਦਤ ਨੂੰ ਯਾਦ ਕਰਦਿਆਂ। ਇਸ ਮੌਕੇ ਸਕੂਲ ਦੇ ਮੈਨੇਜਰ ਜਗੀਰ ਜੋਸਨ, ਡਾਇਰੈਕਟਰ ਮੈਡਮ ਗੁਰਬਖਸ਼ ਕੌਰ, ਐਮ.ਡੀ ਰਾਜਬੀਰ ਸਿੰਘ ਜੋਸਨ, ਪ੍ਰਿੰਸੀਪਲ ਲਖਬੀਰ ਸਿੰਘ, ਕੋਆਰਡੀਨੇਟਰ ਹਰਪ੍ਰੀਤ ਕੌਰ, ਮਾ. ਰਣਜੀਤ ਸਿੰਘ ਰਾਣਾ , ਮਾ. ਰਮੇਸ਼ ਸ਼ਰਮਾ, ਮਾ. ਸਰਬਜੀਤ ਸਿੰਘ, ਮਾ. ਅਨੀਲ ਕੁਮਾਰ, ਮਾ. ਅਮਰਜੀਤ ਸਿੰਘ ਖੋਸਾ, ਮਾ. ਨਿਸਾਂਤ, ਮੈਡਮ ਇੰਦੂ ਬਾਲਾ, ਰੀਟਾ ਵਿੱਜ, ਗੁਰਿੰਦਰ ਕੌਰ, ਰੁਪਿੰਦਰ ਕੌਰ, ਜਗਦੀਪ ਕੌਰ, ਪਰਮਿੰਦਰ ਕੌਰ, ਰਮਨਜੀਤ ਕੌਰ, ਪਵਨਦੀਪ ਕੌਰ, ਨਿਦੰਰ ਕੌਰ, ਮਨਪ੍ਰੀਤ ਕੌਰ, ਤਨੂੰ ਅਰੋੜਾ, ਮੈਡਮ ਮੋਨਿਕਾ, ਮੈਡਮ ਸੋਨੀਆ, ਗੀਟਾ ਸਰਮਾ, ਮੈਡਮ ਕਵਿਤਾ, ਮੈਡਮ ਨਿਤਾਸਾ, ਅਮਨਦੀਪ ਕੌਰ ਅਤੇ ਆਦਿ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਦੇਵਿਕਾ ਬਡਿਆਲ ਦਾ ਕਰਨ ਔਜਲਾ ਤੇ ਬਾਦਸ਼ਾਹ ਨਾਲ ਪਲੇਠਾ ਗੀਤ 'ਪਲੇਅਰਜ਼' ਰਿਲੀਜ਼

ਜਲੰਧਰ (ਨਜ਼ਸ)-ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀ ਈਸੀਈ ਵਿਭਾਗ ਦੀ ਫੈਕਲਟੀ ਅਤੇ ਸਾਬਕਾ ਵਿਦਿਆਰਥਣ 'ਦੇਵਿਕਾ ਬਡਿਆਲ' ਨੇ ਕਰਨ ਔਜਲਾ ਅਤੇ ਬਾਦਸ਼ਾਹ ਨਾਲ ਪੰਜਾਬੀ ਗੀਤ 'ਪਲੇਅਰਜ਼' ਰਾਹੀਂ ਆਪਣੀ ਗਾਇਕੀ ਦੇ ਸਫਰ ਦੀ ਸ਼ੁਰੂਆਤ ਕੀਤੀ। ਇਹ ਗੀਤ ਬਾਦਸ਼ਾਹ ਵੱਲੋਂ ਐਲਬਮ '3 ਏਐਮ ਸੀਜ਼ਨ' ਵਿੱਚ ਆਪਣੇ ਆਫੀਸ਼ੀਅਲ ਯੂ ਟਿਊਬ ਚੈਨਲ 'ਤੇ ਰਿਲੀਜ਼ ਕੀਤਾ ਗਿਆ। ਇਹ ਗੀਤ ਪਿਛਲੇ 24 ਘੰਟਿਆਂ ਵਿੱਚ 25 ਲੱਖ ਤੋਂ ਵੀ ਜ਼ਿਆਦਾ ਦਰਸ਼ਕਾਂ ਵੱਲੋਂ ਦੇਖਿਆ ਜਾ ਚੁੱਕਾ ਹੈ। ਦੇਵਿਕਾ ਨੇ ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ ਤੋਂ ਈਸੀਈ ਵਿਭਾਗ (2013-2016 ਬੈਚ) ਵਿੱਚ ਆਪਣਾ ਡਿਪਲੋਮਾ ਪੂਰਾ ਕੀਤਾ ਜਿੱਥੇ ਉਸ ਨੂੰ ਆਪਣੀ ਗਾਇਕੀ ਦੀ ਪ੍ਰਤਿਭਾ ਨੂੰ ਵਧਾਉਣ ਲਈ ਇੱਕ ਪਲੇਟਫਾਰਮ ਮਿਲਿਆ। ਇਸ ਕਾਰਜਕਾਲ ਦੌਰਾਨ ਉਸ ਨੇ ਲਗਾਤਾਰ ਤਿੰਨ ਸਾਲ ਰਾਜ ਪੱਧਰੀ ਪੀਟੀਆਈਐੱਸ ਯੂਥ ਫੈਸਟੀਵਲ ਵਿੱਚ ਲੋਕ-ਗੀਤ ਸ਼੍ਰੇਣੀ ਵਿੱਚ ਗੋਲਡ ਮੈਡਲ ਜਿੱਤਿਆ। ਸੱਭਿਆਚਾਰਕ ਖੇਤਰ ਵਿੱਚ ਆਪਣੀ ਸਫਲਤਾ ਦੇ ਨਾਲ ਉਸ ਨੇ ਅਕਾਦਮਿਕ ਖੇਤਰ ਵਿੱਚ ਵੀ ਕਈ ਮੀਲ ਪੱਥਰ ਹਾਸਲ ਕੀਤੇ। ਉਸ ਨੇ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਦੌਰਾਨ ਵੀ ਆਪਣੀ ਗਾਇਕੀ ਦਾ ਸਫਰ ਜਾਰੀ ਰੱਖਿਆ ਅਤੇ ਕਈ ਪੁਰਸਕਾਰ ਜਿੱਤੇ। ਵਰਤਮਾਨ ਵਿੱਚ ਦੇਵਿਕਾ ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿੱਚ ਈਸੀਈ ਵਿਭਾਗ ਵਿੱਚ ਬਤੌਰ ਲੈਕਚਰਾਰ ਕੰਮ ਕਰ ਰਹੀ ਹੈ। ਗਾਇਕੀ ਵਿੱਚ ਸੁਰਾਂ ਦੀ ਪਕੜ, ਉਸ ਦੇ ਲਗਾਤਾਰ ਯਤਨਾਂ ਅਤੇ ਜਨੂੰਨ ਦੇ ਨਤੀਜੇ ਵਜੋਂ ਉਸ ਨੂੰ ਮਸ਼ਹੂਰ ਬਾਲੀਵੁੱਡ ਗਾਇਕ/ਰੈਪਸਟਾਰ 'ਬਾਦਸ਼ਾਹ' ਦੁਆਰਾ ਪਛਾਣਿਆ ਗਿਆ ਅਤੇ ਕਰਨ ਔਜਲਾ-ਬਾਦਸ਼ਾਹ ਦੇ ਨਾਲ ਉਸ ਨੂੰ ਗਾਉਣ ਦਾ ਮੌਕਾ ਦਿੱਤਾ ਗਿਆ। ਇਸ ਗੀਤ ਨੂੰ ਦੁਨੀਆ ਭਰ 'ਚ ਸਰਾਹਿਆ ਜਾ ਰਿਹਾ ਹੈ ਅਤੇ ਕਰਨ ਔਜਲਾ ਨੇ ਖੁਦ ਉਸ ਦੀ ਆਵਾਜ਼ ਦੀ ਤੁਲਨਾ ਪ੍ਰਸਿੱਧ ਪੰਜਾਬੀ ਗਾਇਕਾ 'ਸੁਦੇਸ਼ ਕੁਮਾਰੀ' ਨਾਲ ਕੀਤੀ। ਇਸ ਮਹਾਨ ਪ੍ਰਾਪਤੀ ਲਈ ਡਾ. ਜਗਰੂਪ ਸਿੰਘ ਪ੍ਰਿੰਸੀਪਲ, ਜੇ. ਐੱਸ. ਘੇੜਾ ਐੱਚਓਡੀ ਈਸੀਈ ਵਿਭਾਗ ਨੇ ਉਸ ਨੂੰ ਪ੍ਰਸ਼ੰਸਾ ਦਾ ਪੁਰਸਕਾਰ ਦਿੱਤਾ ਅਤੇ ਉਸ ਦੇ ਭਵਿੱਖ ਅਤੇ ਗਾਇਕੀ ਦੇ ਕੈਰੀਅਰ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਈਸੀਈ ਵਿਭਾਗ ਦੇ ਲੈਕਚਰਾਰ ਮਿਸ. ਪ੍ਰੀਤ ਕੰਵਲ, ਮਨੀਸ਼ ਸਚਦੇਵਾ ਅਤੇ ਮਿਸ. ਮਨਿੰਦਰ ਕੌਰ ਵੀ ਮੌਜੂਦ ਸਨ।

ਸਾਈਂ ਪੱਪਲ ਸ਼ਾਹ ਭਰੋਮਜਾਰਾ ਦਾ ਡੇਰੇ ਵਿਖੇ ਜਨਮ ਦਿਨ ਮਨਾਇਆ

ਬਹਿਰਾਮ (ਅਵਤਾਰ ਕਲੇਰ) ਸੂਫੀ ਸੰਤ , ਮਿਸ਼ਨਰੀ ਕਲਾਕਾਰ ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਇੰਗਲੈਂਡ ਦੇ ਵੱਖ - ਵੱਖ ਸ਼ਹਿਰਾਂ 'ਚ ਰੂਹਾਨੀ ਸਤਿਸੰਗ ਅਤੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜ ਕੇ ਬੀਤੇ ਦਿਨੀਂ ਪੰਜਾਬ ਪਰਤ ਆਏ । ਪੀਰ ਬਾਬਾ ਲੱਖ ਦਾਤਾ ਦਰਬਾਰ ਭਰੋਮਜਾਰਾ ਵਿਖੇ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਹੀ ਪਰਮਾਤਮਾ ਨੂੰ ਯਾਦ ਰੱਖਣਾ ਚਾਹੀਦਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ । ਸੰਗਤਾਂ ਵਲੋਂ ਡੇਰੇ ਵਿੱਚ ਹੀ ਸਾਈਂ ਪੱਪਲ ਸ਼ਾਹ ਦਾ ਜਨਮ ਦਿਨ ਮਨਾਇਆ ਗਿਆ । ਬਸਪਾ ਲੀਡਰਸ਼ਿਪ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਇੰਚਾਰਜ ਹਲਕਾ ਬੰਗਾ , ਜ਼ਿਲ੍ਹਾ ਜਨਰਲ ਸਕੱਤਰ ਹਰਬਲਾਸ ਬਸਰਾ , ਜ਼ਿਲ੍ਹਾ ਸਕੱਤਰ ਵਿਜੇ ਕੁਮਾਰ ਗੁਣਾਚੌਰ , ਹਲਕਾ ਪ੍ਰਧਾਨ ਜੈ ਪਾਲ ਸੁੰਡਾ , ਹਲਕਾ ਕੈਸ਼ੀਅਰ ਧਰਮ ਪਾਲ ਤਲਵੰਡੀ , ਡਾ. ਵਿਜੇ ਕੁਮਾਰ ਮੁਸਾਪੁਰ ਤੋਂ ਇਲਾਵਾ ਹੋਰ ਵੀ ਆਗੂ ਸ਼ਾਮਲ ਹੋਏ ਅਤੇ ਸਾਈਂ ਪੱਪਲ ਸ਼ਾਹ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਗੁਲਦਸਤਾ ਭੇਟ ਕੀਤਾ । ਪ੍ਰਵੀਨ ਬੰਗਾ ਨੇ ਸਾਈਂ ਪੱਪਲ ਸ਼ਾਹ ਨੂੰ ਚੜ੍ਹਦੀਕਲਾ ਵਿੱਚ ਰਹਿਣ ਦੀਆਂ ਬਸਪਾ ਪੰਜਾਬ ਵਲੋਂ ਸ਼ੁਭਕਾਮਨਾਵਾਂ ਤੇ ਵਧਾਈਆਂ ਦਿੱਤੀਆਂ । ਇਸ ਮੌਕੇ 'ਤੇ ਸਾਈਂ ਪੱਪਲ ਸ਼ਾਹ ਵਲੋਂ ਪਹੁੰਚੇ ਹੋਏ ਆਗੂਆਂ ਦਾ ਸਿਰਪਾਓ ਨਾਲ ਸਨਮਾਨ ਕੀਤਾ ।

ਨਨਹੇੜੀਆਂ ਵਰਕਰਾਂ ਸਮੇਤ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਰਾਜਿੰਦਰ ਸਿੰਘ ਨਨਹੇੜੀਆਂ ਤੇ ਇੰਚਾਰਜ ਬਸਪਾ ਚੰਡੀਗੜ੍ਹ ਨੇ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਬਸਪਾ ਵਰਕਰਾਂ ਨਾਲ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੁੰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਹਨਾਂ ਕਿਹਾ ਕਿ ਸ੍ਰੀ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਸਿਜਦਾ ਕਰਨ ਦੇ ਲਈ ਪੂਰੀ ਦੁਨੀਆਂ ਦੇ ਕੋਨੇ ਕੋਨੇ ਵਿੱਚੋਂ ਲੋਕ ਪੁੱਜਦੇ ਹਨ। ਸ੍ਰੀ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਤੇ ਰਚਿਆ ਗਿਆ ਇਤਿਹਾਸ ਸਾਨੂੰ ਜ਼ੁਲਮ ਅਤੇ ਅੱਤਿਆਚਾਰ ਦੇ ਵਿਰੁੱਧ ਲੜਨ ਦੀ ਪ੍ਰੇਰਨਾ ਦਿੰਦਾ ਹੈ। ਇਸ ਸਮੇਂ ਉਨ੍ਹਾਂ ਦੇ ਨਾਲ ਨਰਿੰਦਰ ਸਿੰਘ ਬਡਵਾਲੀ ਦਰਸ਼ਨ ਸਿੰਘ ਸਮਾਣਾ ਜਗਦੇਵ ਸਿੰਘ ਪਵਾਰ ਕੈਪਟਨ ਕਰਮਜੀਤ ਸਿੰਘ ਗੁਰਨਾਮ ਸਿੰਘ ਪਿੱਪਲਮਾਜਰਾ ਹਰਨੇਕ ਸਿੰਘ ਰਿਟਾਇਰਡ ਐਸ ਡੀ ਓ ਕੇਸਰ ਸਿੰਘ ਮੋਰਿੰਡਾ ਸਰਬਜੀਤ ਸਿੰਘ ਪਿੱਪਲ ਮਾਜਰਾ ਜਗਦੀਸ ਸਿੰਘ ਭੂਰੜੇ ਬਲਵਿੰਦਰ ਸਿੰਘ ਭੂਰੜੇ ਕਰਨੈਲ ਸਿੰਘ ਫਕੀਰ ਸਿੰਘ ਬਡਵਾਲੀ ਅਜੈਬ ਸਿੰਘ ਸਰਤਾਜ ਸਿੰਘ,ਚਰਨ ਸਿੰਘ ਸਮਾਣਾ ਆਦਿ ਆਗੂਆਂ ਵੱਲੋ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਰਵੀਇੰਦਰ ਸਿੰਘ ਦੁੱਮਣਾ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) : ਸਥਾਨਕ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਸ਼ਹੀਦੀ ਟੂਰਨਾਮੈਂਟ ਦੌਰਾਨ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਰਵੀਇੰਦਰ ਸਿੰਘ ਦੁੱਮਣਾ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਅਕਾਲੀ ਦਲ 1920 ਨੇ ਆਪਣੇ ਕਰ ਕਮਲਾਂ ਨਾਲ ਕੀਤੀ। ਉਨ੍ਹਾ ਖਿਡਾਰੀਆਂ ਨੂੰ ਖੇਡਾਂ ਦੇ ਨਾਲ ਨਾਲ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਲਈ ਕਿਹਾ। ਇਸ ਮੌਕੇ ਉਨ੍ਹਾ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕਰਦੇ ਕਿਹਾ ਕਿ ਸਾਨੂੰ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੜ੍ਹੀ ਦੇਣ ਵਾਲੇ ਪਰਵਾਰ ਦੇ ਮੈਂਬਰ ਮਾਸਟਰ ਭੂਪ ਚੰਦ ਨੂੰ ਵੀ ਸਨਮਾਨਤ ਕੀਤਾ। ਇਨ੍ਹਾਂ ਮੁਕਾਬਲਿਆਂ 'ਚ ਕਬੱਡੀ ਓਪਨ ਬਾਬਾ ਫਤਹਿ ਸਿੰਘ ਹਾਊਸ ਫਸਟ ਅਤੇ ਬਾਬਾ ਜੁਝਾਰ ਸਿੰਘ ਹਾਊਸ ਸੈਕਿੰਡ ਰਿਹਾ। ਕਬੱਡੀ 52 ਕਿਲੋ ਲੜਕਿਆਂ 'ਚੋਂ ਬਾਬਾ ਅਜੀਤ ਸਿੰਘ ਹਾਊਸ ਫਸਟ ਅਤੇ ਬਾਬਾ ਜੁਝਾਰ ਸਿੰਘ ਹਾਊਸ ਸੈਕਿੰਡ ਰਿਹਾ। ਲੜਕੀਆਂ ਦੀ ਕਬੱਡੀ ਦੀ ਟੀਮ 'ਚੋਂ ਬਾਬਾ ਫਤਹਿ ਸਿੰਘ ਹਾਊਸ ਫਸਟ ਅਤੇ ਬਾਬਾ ਜੁਝਾਰ ਸਿੰਘ ਹਾਊਸ ਸੈਕਿੰਡ ਰਿਹਾ। ਇਸ ਮੌਕੇ ਭਰਪੂਰ ਸਿੰਘ ਧਾਂਦਰਾ, ਜ਼ੋਰਾ ਸਿੰਘ ਚੱਪੜਚਿੜੀ ਪ੍ਰਧਾਨ ਜ਼ਿਲ੍ਹਾ ਮੁਹਾਲੀ, ਹਰਬੰਸ ਸਿੰਘ ਕੰਧੋਲਾ, ਜਥੇਦਾਰ ਜਗਵਿੰਦਰ ਸਿੰਘ ਬੰਗੀਆਂ, ਅਰਵਿੰਦਰ ਸਿੰਘ ਪੈਂਟਾ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ 1920 ਮੁਹਾਲੀ, ਗੁਰਮੀਤ ਸਿੰਘ ਚਿੱਲਾ ਮਨੌਲੀ, ਗੁਰਦੇਵ ਸਿੰਘ ਨੰਬਰਦਾਰ ਲੁਠੇੜੀ, ਅਵਤਾਰ ਸਿੰਘ ਲੁਠੇੜੀ, ਕੁਲਵੰਤ ਸਿੰਘ ਭੂਰੜੇ, ਦਲਵੀਰ ਸਿੰਘ ਬੱਸੀ ਗੁੱਜਰਾਂ ਤੋਂ ਇਲਾਵਾ ਤੇਜਿੰਦਰ ਸਿੰਘ ਪੰਨੂੰ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

ਸਕੂਲ ਦੇ ਪ੍ਰਿੰਸੀਪਲ ਕਿਰਨਜੋਤ ਕੌਰ ਮਾਂਗਟ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਮੈਨੇਜਰ ਹਰਬੰਸ ਸਿੰਘ ਕੰਧੋਲਾ ਨੇ ਆਏ ਮਹਿਮਾਨਾਂ ਅਤੇ ਸੰਗਤ ਦਾ ਧੰਨਵਾਦ ਕੀਤਾ।

CMYK